ੴ ਸਤਿਗੁਰ ਰਾਮ ਸਿੰਘ ਜੀ ਸਹਾਇ ।

# ਜੀਵਨ ਚਰਿਤ੍ਰ ਮਹਾਰਾਜ ਜੰਗ ਸਿੰਘ ਜੀ




ਸ੍ਰੀ ੧੦੮ ਮਹਾਰਾਜ ਜੰਗ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com



ਇਸ ਡਿਉੜੀ ਦੀ ਹੇਠਲੀ ਮੰਜ਼ਲ ਦੀ ਸੇਵਾ ਬੀਬੀ ਨਰੈਣ ਕੌਰ ਸੁਪੱਤਨੀ ਸੰਤ ਗਿਆਨ ਸਿੰਘ ਜੀ, ਬਲੋਵਾਲੀ ਨੇ ਕਰਾਈ ਅਤੇ ਉਪ੍ਰਲੇ ਹਿੱਸੇ ਦੀ ਮੰਜ਼ਲ ਦੀ ਸੇਵਾ ਸੰਤ ਗਿਆਨ ਸਿੰਘ ਜੀ ਬਲੋਵਾਲੀ ਦੇ ਪਿਤਾ ਸੰਤ ਕੇਸਰ ਸਿੰਘ ਜੀ ਤੇ ਮਾਤਾ ਬੀਬੀ ਬਿਸ਼ਨ ਕੌਰ ਵਲੋਂ ਕਰਵਾਈ ਗਈ ਹੈ।

"ਕੰਵਲ"

Sri Satguru Jagjit Singh Ji Elibrary NamdhariElibrary@gmail.com



## ਗੁਰਮਤ ਸੰਦੇਸ਼

ਮੈਂ ਇਕ ਧਾਰਮਕ ਬੁਧੀ ਦਾ ਆਦਮੀ ਹਾਂ। ਗੁਰੂ ਨਾਨਕ ਦੀ ਗੁਰਮਤ ਨਾਲ ਮੇਰਾ ਅਨਿਕਟ ਸਬੰਧ ਹੈ। ਮੈਂ ਗੁਰੂ ਨਾਨਕ ਤੇ ਇਸ ਦੇ ਜਾਂ ਨਸ਼ੀਨਾਂ ਦੀ ਉਚਾਰੀ ਹੋਈ ਗੁਰਬਾਣੀ ਨੂੰ ਅਕਾਲ ਪੁਰਖ ਦੁਆਰਾ ਮਿਲੀ ਹੋਈ ਬਾਣੀ (ਬਚਨ) ਸਮਝਦਾ ਹਾਂ, ਜੈਸੇ-ਗੁਰਵਾਕ ਹੈ "ਹਉਂ ਆਪਹੁ ਬੋਲ ਨਾ ਜਾਣਦਾ ਕਹਿਆ ਸਭ ਹੁਕਮਾਉ ਜੀਉ" ਅਤੇ ਏਹ ਬਾਣੀ ਮਹਾਂ ਪੁਰਖਨ ਕੀ, ਨਿਜ ਘਰਵਾਸਾ ਹੋਵੇ।"

ਮਹਾਂ ਪੁਰਖਾਂ ਦੇ ਬਚਨ ਮਨਣ (ਅਮਲ) ਕਰਨ ਨਾਲ ਮਨੁੱਖ ਦੀ ਬੁਧੀ ਸ੍ਰੇਸ਼ਟ ਤੇ ਨਿਰਭੀ ਹੋ ਜਾਂਦੀ ਹੈ।

ਗੁਰੂ ਨਾਨਕ ਨਾਮ ਲੇਵਾ ਸਮੂਹ ਸਿੱਖ ਪੰਥ ਦਾ ਫਰਜ ਬਣ ਪੈਂਦਾ ਹੈ ਕਿ ਏਹ ਆਪਣੇ ਮਹਾਂਪੁਰਖਾਂ, ਬ੍ਰਹਮ ਗਿਆਨੀਆਂ ਦੇ ਦੱਸੇ ਹੋਏ ਸਿਧਾਂਤਾਂ ਨੂੰ ਹਮੇਸ਼ਾ ਆਪਣੇ ਹਿਰਦੇ ਅੰਦਰ ਸਮੋਈ ਰੱਖਣ, ਤਾਂ ਕਿ ਬੁਧਿ ਵੀ ਉਜਲ ਰਹੇ ਤੇ ਮਹਾਂ ਪੁਰਖਾਂ ਦੇ ਬਚਨ ਵੀ ਅਟਲ ਰਹਿਣ। ਜਿਹੜਾ ਇਨਸਾਨ ਆਪਣੇ ਬਜ਼ੁਰਗਾਂ ਦੀ ਕਰਨੀ ਨੂੰ ਅੱਖੋਂ ਓਹਲੇ ਕਰਕੇ ਕੇਵਲ ਮਨਮੱਤ ਦਾ ਸਹਾਰਾ ਲੈਂਦਾ ਹੈ ਓਹ ਸਦਾ ਲਈ ਗੁਰੂਆਂ ਦੀ ਨਜਰਾਂ ਗਿਰਕੇ ਦੁੱਖ ਭੋਗਦਾ ਹੈ।

ਗੁਰੂ ਨਾਨਕ ਦੀ ਤਿਆਰ ਕੀਤੀ ਗੁਰਮੁਖੀ ਪੜ੍ਹੇ ਤੇ ਇਸ ਨਾਲ ਹੀ ਤਿਆਰ ਕੀ ਅੰਕਾਂ (ਹਿੰਦਸੇ) ਦੀ ਵਰਤੋਂ ਅੰਦਰ ਕਰੇ। ਗੁਰੂ ਗ੍ਰੰਥ ਨੂੰ ਗੁਰੂ ਮੰਨਣਾ ਸਾਡਾ ਤਾਂ ਹੀ ਸੁਚੇਤਨਾ ਹੋਵੇਗਾ ਜੇ ਅਸੀਂ ਉਸ ਵਿਚ ਲਿਖੇ ਉਪਦੇਸ਼ ਨੂੰ ਗ੍ਰਹਿਣ ਕਰੀਏ, ਅਤੇ ਇਸ ਵਿਚ ਜੋ ਅੱਖਰ ਲਿਖੇ ਗਏ ਹਨ ਤੇ ਜੋ ਅੰਕ ਲਗਾਏ ਗਏ ਹਨ ਓਹਨਾਂ ਨੂੰ ਅਸਲ ਰੂਪ ਵਿਚ ਵਰਤੀਏ ਤਾਂ ਕਿ ਅਗੋਂ ਆਉਣ ਵਾਲੀ ਨਵ ਪੀੜ੍ਹੀ (ਸੰਤਾਨ) ਨੂੰ ਗੁਰੂਆਂ ਦੀ ਕਰਨੀ ਭੁਲ ਨਾ ਜਾਵੇ ਜੇ ਅੰਗਰੇਜ਼ੀ ਅੰਕਾਂ (ਫਿਗਰਾਂ) ਦਾ ਬੋਲਬਾਲਾ ਰਿਹਾ ਤਾਂ ਸਾਨੂੰ ਅਗੋਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਅੰਗ੍ਰੇਜ਼ੀ ਅੰਕ ਹੀ ਲੱਭਣੇ ਪਿਆ ਕਰਨਗੇ। ਕਿਉਂ ਇਕ ਓਅੰਕਾਰ ਦਾ ਏਕਾ ਤਾਂ ਅਸੀਂ ਤਬਦੀਲ ਨਹੀਂ ਕਰ ਸਕਦੇ। ਏਹੁ ਸਾਡੀ ਸਮ੍ਰਥਾ ਤੋਂ ਬਾਹਰ ਹੈ। ਜੇਸੇ ਅੰਗ੍ਰੇਜ਼ੀ ਦਾ ਏਕਾ (1) ਲੈਂਦਾ ਓਅੰਕਾਰ ਦੇ ਮੂਹ ਨਾਲੇ ਅਸੀਂ ਇਸਨੂੰ ਇਕ ਓਂਕਾਰ "੧ਓ" ਨਹੀਂ ਪੜ ਸਕਦੇ। ਜਾਂ ਅਸੀਂ ਪੜ੍ਹਨ ਵੇਲੇ ਸਕੂਲਾਂ ਵਿੱਚ ਗੁਰਮੁਖੀ ਅੱਖਰ ਸਿੱਖ ਸਕਦੇ ਹਾਂ ਤਾਂ ਵੀ ਇਸਦੇ ਅੰਕ ਕਿਉਂ ਨਹੀਂ? ਹਰੇਕ ਲਿੱਪੀ ਨਾਲ ਇਸਦੇ ਕਰਤਿਆਂ ਨੇ ਨਾਲ ਅੰਕ (ਹਿੰਦਸੇ) ਵੀ ਬਣਾਏ ਹਨ ਏਹ ਪ੍ਰੰਪਰਾ ਤੋਂ ਚਲੀ ਆਈ ਰੀਤ ਹੈ ਜਿਵੇਂ ਮਿਸਾਲ ਲਿੱਪੀ ਦੇ ਅੰਕ ਅੱਜ ਅਸੀਂ ਅੰਗ੍ਰੇਜ਼ੀ ਅੰਕ ਨਾਲੇ ਇਸਨੂੰ-ਦੇਸੀ ਟੁੱਟੂ ਤੇ ਭੁਲੱਕੜ ਖੁਰਾਸਾਨੀ ਨਾ ਕਰੋ ਜੀ। ਜਰਾ ਠੱਕੋ ਰੋਕੋ ਗੁਰੂਆਂ ਦੀ ਕਰਨੀ ਤੇ ਮਿੱਟੀ ਨਾ ਪਾਓ। ਏਹ ਗੁਰਮਤ ਸੰਦੇਸ਼ ਹੈ।

ਪ੍ਰਚਾਰਕ

ਪੀ. ਐਸ. 'ਚੰਦਨ'

੧ਓ ਸਤਿਗੁਰ ਰਾਮ ਸਿੰਘ ਜੀ ਸਹਾਇ ।

# ਜੀਵਨ ਚਰਿਤ੍ਰ ਮਹਾਰਾਜ ਜੰਗ ਸਿੰਘ ਜ




## ਸ੍ਰੀ ੧੦੮ ਮਹਾਰਾਜ ਜੰਗ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com



ਏਹ ਮਹਾਰਾਜ ਜੰਗ ਸਿੰਘ ਦੀ ਫੋਟੋ ੧੯੫੬ ਵਿਚ ਸੰਤ ਗਿਆਨ ਸਿੰਘ ਜੀ
ਬਲੋਂਵਾਲ ਦੇ ਘਰ ਕੀਰਤੀ ਨਗਰ, ਨਮਧਾਰੀ ਕਾਲੋਨੀ ਵਿਚ ਲਈ ਗਈ।



## ਅਸ਼ੀਰਵਾਦ

ਮੈਂ ਸੰਤ ਪੁਸ਼ਪ ਸਿੰਘ 'ਕੰਵਲ' ਜੀ ਦਾ ਲਿਖਿਆ ਜੀਵਨ ਚਰਿੱਤ੍ਰ ਮਹਾਰਾਜ ਜੰਗ ਸਿੰਘ ਜੀ ਦਾ ਪੜਿਆ, ਪਸੰਦ ਆਇਆ, ਕਿਉਂਕਿ ਮਹਾਪੁਰਖਾਂ ਦੇ ਜੀਵਨ ਸੰਸਾਰੀ ਲੋਕਾਂ ਲਈ ਚਾਨਣ ਮੀਨਾਰ ਹੁੰਦੇ ਹਨ ਜਿਸਦੇ ਸਾਏ ਹੇਠ ਜਗਿਆਸੂ ਜਨ ਆਪਣਾ ਮਨੁੱਖੀ ਜਨਮ ਸਫਲਾ ਕਰਦੇ ਹਨ ਤੇ ਦੂਸਰੇ ਭੁੱਲੇ ਭਟਕੇ ਜੀਆਂ ਨੂੰ ਵੀ ਆਪਣੇ ਸਹੀ ਮਨੋਰਥ ਤੇ ਚਲਣ ਦਾ ਉਦਮ ਬਖਸ਼ਸ਼ ਕਰਦੇ ਹਨ।

ਮੈਂ ਕਾਮਨਾ ਕਰਦਾ ਹਾਂ ਕਿ ਮਹਾਪੁਰਖਾਂ ਦੀ ਕਰਨੀਆਂ ਪੜਕੇ ਪ੍ਰਾਣੀ ਲਾਭ ਉਠਾਉਣਗੇ ਅਤੇ ਆਪਣੇ ਜੀਵਨ ਵਿਚ ਸੱਚ ਦਾ ਸੰਚਾਰ ਕਰਕੇ ਜੀਵਨ ਸਫਲ ਬਣਾਣਗੇ।

ਗਿਆਨੀ ਜ਼ੈਲ ਸਿੰਘ
ਭਾਰਤ ਦੇ ਸਾਬਕਾ ਰਾਸ਼ਟਰ ਪਤੀ

ਦਿੱਲੀ ੪-੭-੯੧

Sri Satguru Jagjit Singh Ji Elibrary NamdhariElibrary@gmail.com



ਖਬਿਓਂ ਸੱਜੇ :- ਸੰਤ ਗਿਆਨ ਸਿੰਘ ਜੀ ਰੇਣੂ ਕੀਰਤੀ ਨਗਰ ਦਿੱਲੀ, ਸ੍ਰੀ ਪੀ. ਐਸ. 'ਕੰਵਲ' ਲੇਖਕ, ਓਮ ਵਿਹਾਰ ਦਿੱਲੀ-੫੯ ਗਿਆਨੀ ਜ਼ੈਲ ਸਿੰਘ ਜੀ ਭਾਰਤ ਦੇ ਸਾਬਕਾ ਰਾਸ਼ਟਰਪਤੀ ਦਿੱਲੀ ਡਾ: ਧਿਆਨ ਸਿੰਘ ਜੀ ਐਡੀਟਰ ਸੱਚਾ ਮਾਰਗ ਜੁਲਾਈ ਜੱਥੇਦਾਰ ਸੁਰੈਣ ਸਿੰਘ ਜੀ ਕੀਰਤੀ ਨਗਰ ਦਿੱਲੀ, ਸ੍ਰ: ਮਹਿੰਦਰ ਸਿੰਘ ਜੀ, ਰੇਣੂ ਇਲੈਕਟ੍ਰਿਕ ਵਰਕਸ, ਨਰੈਣਾ ਨਵੀਂ ਦਿੱਲੀ ।



ਏਹ ਫੋਟੋ ਮਸਤਾਨਾ ਗੁਰਦਿਆਲ ਸਿੰਘ ਜੀ ਦੀ ਹੈ, ਭਾਈ ਸੁੰਦਰ ਸਿੰਘ ਜੀ ਦੇ ਸੁਰਗਵਾਸ ਤੋਂ ਬਾਦ, ਕੋਟ ਧਰਮੂ ਵਿਖੇ ਡੇਰਾ ਮਹਾਰਾਜ ਜੰਗ ਸਿੰਘ ਜੀ ਵਿਖੇ ਡੇਰੇ ਦੇ ਮਹੰਤ ਥਾਪੇ ਗਏ ਹਨ



ਏਹ ਫੋਟੋ, ਭਾਈ ਸੁੰਦਰ ਸਿੰਘ ਜੀ ਦੀ ਹੈ, ਏਹ ਮਹਾਨ ਆਤਮਾਂ ਮਹਾਰਾਜ ਜੰਗ ਸਿੰਘ ਦੇ ਸਚਖੰਡ ਜਾਣ ਤੋਂ ਬਾਦ ਕੋਟ ਧਰਮੂ ਵਿਖੇ ਮਹਾਰਾਜ ਜੀ ਦੇ ਡੇਰੇ ਦੇ ਮਹੰਤ ਰਹੇ ਹਨ

Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਜੀਵਨ ਚਰਿੱਤਰ

# ਮਹਾਰਾਜ ਜੰਗ ਸਿੰਘ ਜੀ


ਲੇਖਕ :

ਪੁਸ਼ਪ ਸਿੰਘ ਕੰਵਲ


[illegible]


ਪ੍ਰਕਾਸ਼ਕ :

ਮਸਤਾਨਾ ਗੁਰਦਿਆਲ ਸਿੰਘ

ਪ੍ਰਬੰਧਕ ਡੇਰਾ ਮਹਾਰਾਜ ਜੰਗ ਸਿੰਘ ਜੀ,

( ਤਹਿਸੀਲ ਮਾਨਸਾ, ਜ਼ਿਲਾ ਬਠਿੰਡਾ, ਪੰਜਾਬ )



Sri Satguru Jagjit Singh Ji Elibrary NamdhariElibrary@gmail com

ਇਸ ਪੁਸਤਕ ਦੇ ਸਾਰੇ ਹੱਕ ਕਰਤਾ ਨੇ ਆਪਣੇ ਪਾਸ ਰੱਖੇ ਹਨ ।
ਬਿਨਾ ਆਗਿਆ ਕੋਈ ਨਾ ਛਾਪੇ ।

ਪਹਿਲੀ ਵਾਰ : ੧੦੦੦ ਕਾਪੀ—ਸੰਨ ਈਸਵੀ ੧੯੯੧
—ਸੰਮਤ ਬਿਕ੍ਰਮੀ ੨੦੪੮
—ਸੰਮਤ ਨਾਨਕਸ਼ਾਹੀ ੫੨੨
—ਸੰਮਤ ਖਾਲਸਾ ੨੯੩

ਮੁੱਲ ( ਭੇਟਾ ) : ੪੦/- ਰੁਪਏ

ਪ੍ਰਕਾਸ਼ਕ : ਮਸਤਾਨਾ ਗੁਰਦਿਆਲ ਸਿੰਘ
ਪ੍ਰਬੰਧਕ ਡੇਰਾ ਮਹਾਰਾਜ ਜੋਗ ਸਿੰਘ ਜੀ
ਕੋਟ ਧਰਮੂ, ਤਹਿਸੀਲ ਮਾਨਸਾ, ( ਜ਼ਿਲਾ ਬਠਿੰਡਾ )
ਪੰਜਾਬ ( ਭਾਰਤ )

ਛਾਪਕ : ਸੁੰਦਰ ਪ੍ਰਿੰਟਰਜ਼,
ਪਹਾੜ ਗੰਜ, ਨਵੀਂ ਦਿੱਲੀ-੫੫
ਫੋਨ : ੫ ੨ ੪ ੩ ੮ ੯

## ਇਸਟ ਗੁਰੂ ਨੂੰ ਬੰਦਨਾ

ਗੁਰੂ ਪ੍ਰਤਾਪ ਸਿੰਘ ਕੋ ਨਮੋਂ, ਧਰ ਚਰਨਨ ਪਰ ਮਾਥ।
ਬੁਧਿ ਬਲ ਬਖਸ਼ੋ ਦਾਸ ਨੂੰ, ਰਹੋ ਸਦਾ ਮਮ ਸਾਥ।

**ਸਵੈਯਾ**

ਗੁਰ ਪ੍ਰਤਾਪ ਸੰਪੂਰਣ ਸਤਿਗੁਰ,
ਰੂਪ ਮਨੁੱਖ ਦਾ ਧਾਰਨੇ ਆਏ।
ਪਾਰ ਨਾ ਪਾਏ ਸਕੇ ਪਦਮਾਂ ਪਤਿ,
ਪੰਚ ਕਲੇਸਨ ਮਾਰਨੇ ਆਏ।
ਭੂਮਿ ਉਧਾਰਨ ਤਾਰਨ ਲੋਕਨ,
ਭਵ ਸਾਗਰ ਕਰ ਪਾਰਨੇ ਆਏ।
'ਕੰਵਲ' ਕਰੇ ਅਭਿ ਬੰਦਨ ਹਰਿਜੀ,
ਤੁਮ ਮਮ ਕੋ ਜਣੁ ਤਾਰਨੇ ਆਏ।

ਤੇਰੀ ਕਿਰਪਾ ਤੇ ਬੁੱਧ ਉਜਾਗਰ,
ਸਾਗਿਰ ਚੋਂ ਇਕ ਬੂੰਦ ਲਈ ਹੈ।
ਤੇਰੀ ਸ਼ਕਤਿ ਤੇ ਬ੍ਰਕੱਤ ਕਾਰਣ,
ਗੁਰਬਾਣੀ ਦੀ ਸ਼ੁੱਧ ਭਈ ਹੈ।
ਬੁੱਧਿ ਦਈ ਸਦਾ ਸੁੱਧ ਦਈ,
ਗੁਰ ਜਸ ਲਿਖਣੇ ਦੀ ਸ਼ਕਤਿ ਦਈ ਹੈ।
'ਕੰਵਲ' ਕਰੇ ਸਦਾ ਨਮੋਂ ਨਮਾਮ,
ਤੁਹਿ ਚਰਨ ਸਰੋਜ ਸੁਗੰਧ ਮਈ ਹੈ।

Sri Satguru Jagjit Singh Ji Elibrary NamdhariElibrary@gmail.com

ਕਬਿੱਤ :

ਗੁਰੂ ਪ੍ਰਤਾਪ ਸਿੰਘ ਜੱਗ ਪ੍ਰਤਾਪ ਤੇਰਾ,
ਭਗਤਿ, ਸ਼ਕਤਿ ਜਿਸ ਜੀਵਨ ਸੁਮਾਈ ਏ।
ਲੋਕ ਪ੍ਰਲੋਕ ਤੇਰੀ ਆਗਿਆਂ ਦੇ ਪਾਲਕ ਸੀ,
ਨਾਮ ਪ੍ਰਤਾਪ ਜੱਗ ਕੀਰਤੀ ਫੈਲਾਈ ਏ।
ਤੈਥੋਂ ਪ੍ਰਤਾਪ ਲੈਕੇ 'ਕੰਵਲ' ਪ੍ਰਤਾਪ ਪਾਇਆਂ,
ਮਿਟ ਗਏ ਤੀਨੋਂ ਤਾਪ ਕਾਇਆਂ ਪਲਟਾਈ ਏ।
ਨਾਮ ਦਾਨ ਦੇਹ ਸਦਾ ਸੁਖਦ ਪ੍ਰਾਨ ਰਹੇ,
ਸਹ, ਨਹੀ ਕਾਨ ਕਿਸੇ ਏਹੁ ਵਰੁ ਚਾਹੀਏ।

ਮਹਾਰਾਜ ਜੰਗ ਸਿੰਘ ਸੇਵਕਾਂ ਦੇ ਅੰਗ ਸੰਗ,
ਸਿੱਖਨ ਸੁਧਾਰ ਥੋਕੋ ਜਗ ਪ੍ਰਗਟਾਯੋ ਹੈ।
ਭੂਮ ਕੋ ਉਤਾਰ ਭਾਰ ਕਸ਼ਟ ਨਿਵਾਰ ਕਰ,
ਨਾਮ ਦਾ ਪ੍ਰਚਾਰ ਕਰ ਜਸ ਵਡੇ ਪਾਯੋ ਹੈ।
ਜੱਪੀ, ਤੱਪੀ, ਹੱਠੀ ਜਤੀ ਧੀਰਜ ਧਰਨ ਹਾਰ,
ਦੇਖ ਪ੍ਰਤਾਪ ਤੇਜ ਭਾਨ ਸ਼ਰਮਾਯੋ ਹੈ।
'ਕੰਵਲ' ਪੁਕਾਰੇ ਲਾਕੇ ਰਮਲ ਅਨੰਦ ਮਈ,
ਵਾਹਿਗੁਰੂ ਨਾਮ ਸਦਾ ਮੁਖ ਮੈ ਸੁਹਾਯੋ ਹੈ।

Sri Satguru Jagjit Singh Ji Elibrary NamdhariElibrary@gmail.com

ਸਚਖੰਡਵਾਸੀ ਮਹਾਰਾਜ ਜੰਗ ਸਿੰਘ ਜੀ ਦੀ
ਪਵਿੱਤਰ ਆਤਮਾ ਨੂੰ ਦਾਸ 'ਕੰਵਲ' ਵਲੋਂ ਸ਼ਰਧਾ ਭਾਵਨਾ ਭਰੀ

## ਸਮਰਪਣ - ਭੇਟ

ਕਵਿੱਤ

ਬਚਨ ਅਮੋਲਕ ਹੈ ਜੰਗ ਸਿੰਘ ਮਹਾਰਾਜ,
ਸਾਖੀਆਂ 'ਚ ਰੱਖੇ ਸਿੱਖ ਸੇਵਕਾਂ ਸੰਭਾਲ ਕੇ।
ਧੋਇ ਸਾਫ ਪੋਚ ਕਰ ਰੱਖੇ ਕੰਠ ਕੋਠੜੀ ਮੇਂ,
ਖੋਜੀਆਂ ਨੇ ਬੰਨ੍ਹੇ ਵਿਚ ਰੇਸ਼ਮੀ ਰੁਮਾਲ ਕੇ।
ਹੱਥ ਆਏ 'ਕੰਵਲ' ਕਾਵਿ ਸਿਕਲ ਕਰਾ ਦਿਤੇ,
ਗੁਮ ਹੋਣੋ ਬਚੇ ਸੀ ਅੰਧੇਰੀਆਂ ਭੁਚਾਲ ਕੇ।
ਪਿਆਰੇ ਮਹਾਰਾਜ ਨੂੰ ਕਰਾਂ ਮੈਂ ਸਮਰਪਣ,
ਹੱਥ ਜੋੜ ਬੰਦੌਂ ਪਦ ਕੇਸਰੀ ਨਿਹਾਲ ਕੇ।

ਔਰ :

ਰਿੱਧ ਸਿਧਿ ਮੋਜਿਜੇ, ਇਕੱਠੇ ਕਰ ਸੇਵਕਾਂ ਤੋਂ,
ਸਾਖੀਆਂ ਦੀ ਛੰਦ ਬੰਦ ਕਵਿਤਾ ਬਣਾਈ ਏ।
ਮਨ ਭਾਵਨਾ ਨੂੰ ਫੁਰਨਿਆਂ ਦੇ ਚਰਖ ਚਾੜ,
ਸ਼ਰਧਾ ਰੰਗ ਧਾਗਿਆਂ ਦੀ ਬਣਤ ਬੁਣਾਈ ਏ।
ਚੰਦਨ ਸੁਗੰਧ ਦੇਣ ਪਾਣ ਲਾਈ ਪ੍ਰੇਮ ਸੰਦੀ,
ਫੁੱਲ ਬੂਟੇ ਸੋਭਾ ਰਸ ਨੇਤ੍ਰੀ ਸੁਹਾਈ ਏ।
'ਕੰਵਲ' ਸਮਰਪਤਿ ਕਰੇ ਮਹਾਰਾਜ ਜੀ ਨੂੰ,
ਜੈ ਜੈਕਾਰ ਧੁਨਿ ਸਿਖ ਸੇਵਕਾਂ ਲਗਾਈ ਏ।

Sri Satguru Jagjit Singh Ji Elibrary NamdhariElibrary@gmail.com

ਦੋਹਰਾ :– ਲਿਖਿਆ ਜੀਵਨ ਚਰਿੱਤਰ ਮੈਂ, ਜੰਗ ਸਿੰਘ ਮਹਾਰਾਜ।
ਮੁਖਿ ਰਖਿਆ ਪ੍ਰਚਾਰ ਦਾ, ਸਿੱਖਨ ਸਮਝਣ ਕਾਜ।

ਔਰ :– ਮੂਰਤ ਸੂਰਤ ਜੋਤਿ ਨਿਰਜੰਨੀ,
ਪੁਰਖ ਅਕਾਲੀ ਬਲੀ ਬਹਾਰ।
ਕਸ਼ਟ ਨਿਵਾਰਣ ਨਾਮ ਜਪਾਵਣ,
ਕਲ ਵਿਚ ਆਏ ਧਰ ਅਵਿਤਾਰ।
ਭਾਰਤ ਮਾਂ ਦੇ ਬੰਧਨ ਤੋੜਨ,
ਮੋੜਨ ਨੂੰ ਅੰਗ੍ਰੇਜ਼ੀ ਸਰਕਾਰ।
ਤੋੜਿਆ ਗਲੋਂ ਗੁਲਾਮੀ ਸੰਗਲ,
'ਕੰਵਲ' ਦੇ ਸਿਰ ਤੋਂ ਲਥਿਆ ਭਾਰ।

ੴ

ਸ੍ਰੀ ਸਤਿਗੁਰੂ ਰਾਮ ਸਿਘ ਜੀ ਸਹਾਏ।

## ਪ੍ਰਸੰਸਾ

ਪਰਮ ਸਤਿਕਾਰ ਯੋਗ ਸੰਤ ਗਿਆਨ ਸਿੰਘ ਜੀਉ,

ਅਤੀ ਸਨਿਮ੍ਰਤਾ ਪੂਰਵਕ ਚਰਨਾਂ ਕੰਵਲਾਂ ਪਰ ਨਮਸਕਾਰ ਹੋਵੇ ਜੀ!

ਬੇਨਤੀ ਹੈ ਕਿ ਪੁਸ਼ਪ ਸਿੰਘ 'ਕੰਵਲ' ਜੀ ਹੋਰਾਂ ਹੁਕਮ ਕੀਤਾ ਸੀ ਕਿ ਦੋ ਦਿਨਾਂ 'ਚ ਵੇਖ ਲਵੋ, ਦੇਰ ਨਾ ਕਰਨੀ। ਸੋ ਮੈਂ ਘਰ ਆ ਕੇ ਦੋ ਦਿਨ ਲਗਾਤਾਰ ਲਾਏ ਭਾਵ ਹੁਕਮ ਦੀ ਤਾਮੀਲ ਕੀਤੀ ਪਰ ਅਜ ਤਕ ਕੋਈ ਸੱਜਣ ਮੇਰੇ ਪਾਸ ਨਹੀਂ ਆਇਆ। ਮੁਕਾਵੇਂ ਸ਼ਬਦਾਂ 'ਚ ਇਉਂ ਹੈ ਕਿ ਦਾਸ ਨੇ ਵੀ

Sri Satguru Jagjit Singh Ji Elibrary NamdhariElibrary@gmail.com

ਤਿਲ ਮਾਤਰ ਲਿਖਿਆ ਹੈ ਉਹ 'ਕੰਵਲ' ਸਾਹਿਬ ਜੀ ਪੜ੍ਹਣ। ਇਹ ਤਾਂ ਗਲ ਹੋਈ ਮੇਰੀ ਤੇ ਕੰਵਲ ਸਾਹਿਬ ਜੀ ਦੀ। ਲੇਕਿਨ ਆਪ ਜੀ ਨਾਲ ਵੀ ਕੁਝ ਕੁ ਗਲਾਂ ਕਰਨੀਆਂ ਆਪਣਾ ਫਰਜ਼ ਸਮਝਦਾ ਹਾਂ ਉਹ ਇਹ ਹੈ ਕਿ ਕੰਵਲ ਜੀ ਨੇ ਲਿਖਤ-ਲੇਖਣੀ ਕਮਾਲ ਕਰ ਦਿਤੀ ਹੈ। ਲਿਖਣ ਕਲਾ ਦੇ ਮਾਹਿਰ ਹਨ। ਸ਼ਬਦ ਉਚਾਰਣ, ਬੰਦਸ਼-ਰੂਪ ਉਪਮਾ ਉਚਾਰਣ ਵਰਣਨ ਸ਼ਬਦ ਗੁੰਦਵੇਂ ਲੈ ਰਵਾਨਗੀ ਪ੍ਰਸੰਗ ਦਾ ਰੂਪ ਆਦਿ ਬੜੇ ਸਹਣੇ ਢੰਗ ਤਥਾ ਵਿਦਵਿਤਾ ਅਨੁਸਾਰ ਕਮਾਲ ਕਰ ਦਿਤੀ ਹੈ। ਮੈਂ ਜਿੰਨੀ ਪ੍ਰਸੰਸਾ ਕਰਾਂ ਥੋੜੀ ਹੈ ਲਿਖਣ ਵਿਚ ਇਹਦਾ ਪ੍ਰੇਮ ਸ਼ਰਧਾ ਦੀ ਠੰਡੀ ਫੁਹਾਰ ਦੇਂਦਾ ਹੈ, ਸੋਭਾ ਹੋ ਹੀ ਨਹੀਂ ਸਕਦੀ ਇਹ ਹੀ ਠੀਕ ਹੈ ਕਿ ਕਿਆ ਉਪਮਾ ਤੇਰੀ ਆਖੀ ਜਾਏ।

ਹੁਣ ਮੈਂ ਗਲ ਕਿਤਾਬ ਬਾਰੇ ਕਰਦਾ ਹਾਂ ਕਿ ਆਖਰੀ ਪਰੂਫ ਮੈਨੂੰ ਜ਼ਰੂਰ ਵਿਖਾਣਾ ਕਿਉਂਕਿ ਛਾਪੇ ਵਾਲੇ ਬੜੀ ਲਾਪਰਵਾਹੀ ਕਰ ਜਾਂਦੇ ਹਨ। ਅਗੇ ਇਹਨਾਂ ਦੀ ਕਿਤਾਬ 'ਗੁਰਬਾਣੀ ਅਤੇ ਭਗਤ ਬਾਣੀ ਦੇ ਸੂਖਸ਼ਮ ਭੇਦ ਦਾ ਵਿਵੇਚਨ' ਨਾਂ ਦੀ ਨਿਹਾਇਤ ਕੀਮਤੀ ਉਚ ਦਰਜੇ ਦੀ ਪਰੂਫ ਵੇਖਣ ਤੋਂ ਨੁਕਸ ਪੈ ਗਿਆ।

ਚੰਗਾ—ਕੰਵਲ ਜੀ ਦੀ ਫੋਟੋ ਜ਼ਰੂਰ ਆਵੇ। ਮਹਾਰਾਜ ਜੀ ਦੀ ਚੰਗੇ ਵਕਤ ਦੀ ਸੁੰਦਰ ਤਸਵੀਰ ਇਕ ਲਗੇ, ਹੋਰ ਸੰਗਤ ਵਿਚ ਬਿਰਾਜਮਾਨ ਆਦਿ ਚਾਰ ਪੰਜ ਫੋਟੋ ਲਗਣ। ਦਿੱਲੀ ਦੀਆਂ ਮਾਈਆਂ ਸਹਿਤ ਰੁਪਾਣਾ ਬਾਹਰ ਮਥਰਾ ਹਵਨ ਆਦਿ ਯਾਨੀ ਕਿਤਾਬ ਬੜੀ ਸੁੰਦਰਤਾ ਤੇ ਰੂਹਾਨੀ ਰੰਗ, ਧਾਰਮਿਕ ਦ੍ਰਿਸ਼ ਲੈ ਕੇ ਨਿਕਲੇ। ਜਿਹੜਾ ਵੇਖੇ ਖਿਚਿਆ ਜਾਵੇ ਤੇ 'ਕੰਵਲ' ਦਾ ਸਤਿਕਾਰ ਵਧ ਤੋਂ ਵਧ ਕਰੇ। ਇਹਨਾਂ ਕਮਾਲ ਕਰ ਦਿਤੀ ਹੈ।

ਦਾਸ

ਤੇਜਾ ਸਿੰਘ ਕੀਟ ਕੰਵਲ

ਸੀ-1, ਕੀਰਤੀ ਨਗਰ; ਨਵੀਂ ਦਿੱਲੀ

Sri Satguru Jagjit Singh Ji Elibrary NamdhariElibrary@gmail.com

## ਪੁਸਤਕ ਦੀ ਬਣਤਰ ਅਤੇ ਧੰਨਵਾਦ

ਜੀਵਨ ਚਰਿੱਤ੍ਰ ਮਹਾਰਾਜ ਜੱਗ ਸਿੰਘ ਦੇ ਮੌਜਿਜੇ (ਕਰਾਮਾਤਾਂ) ਮਲਵਈ ਬੋਲੀ ਤੋਂ ਵਾਰਤਕ ਸਾਖੀਆਂ ਵਿਚ ਸੰਤ ਗਿਆਨ ਸਿੰਘ ਜੀ, ਬਲੋਵਾਲੇ ਨੇ, ਦਾਸ ਨੂੰ ਦਿੱਤੇ, ਅਤੇ ਹੁਕਮ ਕੀਤਾ ਕਿ ਇਹਨਾਂ ਸਾਖੀਆਂ ਦੀ, ਸਮਝ ਨਹੀਂ ਲਗਦੀ। ਆਪ ਇਸ ਨੂੰ ਛੰਦਾ ਬੰਦੀ ਵਿਚ ਕਰਕੇ ਸਰਲ (ਸੌਖੀ) ਭਾਸ਼ਾ ਵਿਚ ਤਿਆਰ ਕਰੋ; ਤਾਂਕਿ ਪਾਠਕ ਸੱਜਣਾਂ ਦੀ ਛੇਤੀ ਸਮਝ ਵਿਚ ਆ ਸਕੇ। ਇਸ ਲਈ ਦਾਸ ਨੇ ਇਸਨੂੰ ਕਬਿੱਤਾਂ, ਬੈਤਾਂ, ਸਵੱਯਾ, ਦਵੀਯਾਂ; ਕੋਰੜੇ ਛੰਦਾ ਵਿਚ, ਭਾਵ-ਜਿੱਥੇ ਜਿਸ ਛੰਦ ਲਿਖਣ ਦੀ ਲੋੜ, ਹੋਈ ਲਿਖ ਦਿਤਾ। ਸੰਪੂਰਣ ਕਰਕੇ ਕਾਵਿ ਦੇ ਰਸੀਆ ਨੂੰ ਦਿਖਾਂਈ ਗਈ। ਉਹਨਾਂ ਪੜ੍ਹ ਕੇ ਇਸ ਦੀ ਬੜੀ ਸਲਾਹਣਾ ਕੀਤੀ ਤੇ ਚੰਗੇ ਸੁਝਾਉ ਦੇਣ ਦੀ ਵੀ ਕ੍ਰਿਪਾਲਤਾ ਕੀਤੀ। ਮੈਨੂੰ ਸਭ ਦੇ ਨਾਮ ਲਿਖਣ ਦੀ ਆਗਿਆ ਨਹੀਂ ਕੇਵਲ ਸੰਤ ਤੇਜਾ ਸਿੰਘ ਜੀ 'ਕੰਵਲ' ਦਾ ਸ਼ੁੱਭ ਨਾਮ ਹੀ ਮੈਂ ਆਪਣੀ ਹੱਠਧਰਮੀ ਨਾਲ ਪੇਸ਼ ਕਰ ਰਿਹਾ ਹਾਂ ਅਤੇ ਇਹਨਾਂ ਵਲੋਂ ਲਿਖਿਆ ਪ੍ਰਸ਼ੰਸਾ ਪੱਤਰ ਵੀ ਪਾਠਕਾਂ ਦੀ ਰੁਚੀ ਲਈ ਪ੍ਰਗਟ ਕੀਤਾ ਹੈ।

ਅੰਤ ਸਹਾਇਕ ਸੱਜਣਾਂ ਦਾ ਅਤੀ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੇਰੀ ਇਸ ਤੁਛ ਮਿਹਨਤ ਨੂੰ ਸਵੀਕਾਰ ਕਰ ਕੇ ਸਲਾਹਣਾ ਕੀਤੀ ਹੈ। ਅਤੇ ਮੇਰੀ ਮਿਹਨਤ ਨੂੰ ਬੱਲ ਦਿਤਾ, ਤੇ ਇਹ ਪੁਸਤਕ ਆਕਾਰ ਵਿਚ ਆ ਸਕੀ ਹੈ।

ਭਾਵੇਂ ਇਸ ਵਿਚ ਕਈ ਤ੍ਰੁਟੀਆਂ ਹੋਣਗੀਆਂ, ਪਰ 'ਭੁਲਣ ਅੰਦਰ ਸਭ ਕੋ ਅਭੁਲ ਗੁਰੂ ਕਰਤਾਰ ਹੈ'; ਅਭਿਮਾਨੀ ਮਨੁਖ ਤਾਂ ਸਦਾ ਸਦਾ ਹੀ ਭੁਲਦਾ ਹੈ। ਇਸ ਲਈ ਪਾਠਕ ਜਨਾਂ ਨੂੰ ਮੈਂ ਸਨਿਮਰ ਬਿਨੇ ਕਰਦਾ ਹਾਂ ਕਿ ਆਪ ਭੁਲਾਂ ਨਾ ਚਤਾਰਦੇ ਹੋਏ ਸੇਵਕ ਨੂੰ ਧੰਨਵਾਦੀ ਬਣਾਉਗੇ।

( ਪੀ. ਐਸ. ਕੰਵਲ )

Sri Satguru Jagjit Singh Ji Elibrary NamdhariElibrary@gmail com

# ਤਤਕਰਾ


| | |
|---|---|
| ਅਜ ਦੇ ਯੁਗ ਤੇ ਇਕ ਝਾਤ | ੯ |
| ਮੁਢਲੇ ਸ਼ਬਦ | ੧੧ |
| ਭੂਮਿਕਾ | ੧੭ |
| ਮਹਾਰਾਜ ਜੰਗ ਸਿੰਘ ਜੀ ਦੇ ਡੇਰੇ ਕੋਟ ਧਰਮੂ ਯਾਦਗਾਰ ਸੇਵਾ | ੧੯ |
| ਜਿਨ ਪ੍ਰੇਮ ਕੀਉ ਤਿਨਹੀ ਪ੍ਰਭੁ ਪਾਯੋ | ੨੨ |
| ਸ੍ਰੀ ਚੰਨਣ ਰਾਮ ਸਿੰਘ ਧੀਮਾਨ ਪ੍ਰਸੰਸਾ | ੨੪ |
| ਲਾਲਾ ਦੌਲਤ ਰਾਏ | ੨੬ |
| ਸਰਦਾਰ ਚੰਨਣ ਸਿੰਘ ਜੀ 'ਚੰਨ' ਪੀ. ਐਚ. ਡੀ. ਵਲੋਂ ਦੋ ਸ਼ਬਦ | ੨੭ |
| ਜੀਵਨ-ਚਰਿਤ੍ਰ ਮਹਾਰਾਜ ਜੰਗ ਜੀ ਆਰੰਭ | ੨੯ |
| ਮਹਾਰਾਜ ਜੀ ਦੀ ਉਪਮਾਂ ਕੋਰੜੇ ਛੰਦ ਵਿਚ | ੩੦ |
| ਧਰਤੀ ਦੀ ਪੁਕਾਰ ਤੇ ਅਰਜ਼ ਮੰਨਜ਼ੂਰ ਹੋਣੀ | ੩੧ |
| ਅੰਗਰੇਜ਼ ਰਾਜ ਦਾ ਹਾਲ | ੩੩ |
| ਮਲਕਾ ਵਿਕਟੋਰੀਆ ਦਾ ਹਾਲ—ਮਲਕਾਂ ਨੂੰ ਸੁਪਨਾ | ੩੪ |
| ਰਾਣੀ ਨੇ ਜੋਤਸ਼ੀ ਸਦੇ—ਜੁਵਾਬ ਜੋਤਸ਼ੀਆਂ | ੩੫ |
| ਰਾਣੀ ਦਾ ਬੇਹੋਸ਼ ਹੋਣਾ ; ਹੋਸ਼ ਆਈ ਤੇ ਪੰਜਾਬ ਲਾਟ ਨੂੰ ਚਿੱਠੀ | ੩੭ |
| ਪੰਜਾਬ ਪੁਲਸ ਨੇ ਭੈਣੀ ਦੁਆਲੇ ਘੇਰਾ ਪਾਉਣਾ | ੩੮ |
| ਮਾਤਾ ਜੀਆਂ ਦੇ ਪਿਤਾ ਦੀ ਬੀਮਾਰ ਹੋਣ ਦੀ ਖਬਰ ਮਿਲਣੀ | ੩੯ |
| ਘਲੇ ਆਏ ਨਾਨਕਾ ਸਦੀ ਉਠੀ ਜਾਏ ਬਾਬਾ ਖੁਸ਼ਾਲ ਸਿੰਘ ਦਾਦੇ ਦਾ ਅੰਤ | ੪੦ |
| ਗੁਰੂ ਹਰੀ ਸਿੰਘ ਜੀ ਨੇ ਅਰਜ ਮਨਜ਼ੂਰ ਕਰਨੀ | ੪੧ |
| ਬੀਬੀ ਹੁਕਮੀ ਦਾ ਹਾਲ | ੪੨ |
| ਗੁਰੂ ਹਰੀ ਸਿੰਘ ਜੀ ਦਾ ਸਿੰਘਾਂ ਨਾਲ ਗੁਰਮਤਾ | ੪੪ |
| ਮਾਤਾ ਫਤਹਿ ਕੌਰ ਦਾ ਪਹਿਰਾਵਾ | ੪੬ |
| ਬੀਬੀ ਹੁਕਮੀ ਨੇ ਰਾਜਨੀਤੀ ਵਰਤਣੀ | ੪੮ |
| ਮਹਾਰਾਜ ਦਾ ਪ੍ਰਗਟ ਹੋਣਾ | ੪੯ |
| ਪੁਲਸ ਫਿਰ ਪਹਿਰੇ ਤੇ—ਕਵੀਓ ਵਾਚ | ੫੦ |


Sri Satguru Jagjit Singh Ji Elibrary NamdhariElibrary@gmail.com

| | |
|---|---|
| ਅੰਗਰੇਜ਼ ਨੀਤੀ | ੫੧ |
| ਬੀਬੀ ਹੁਕਮੀ ਵਲੋਂ ਭਾਣੇ ਦਾ ਉਪਦੇਸ਼ ਤੇ ਵਾਕ-ਕਵੀ | ੫੨ |
| ਪਿੰਡ ਦੀ ਪੰਚ ਸਾਹਮਣੇ ਬਾਲਕ ਦਾ ਸਸਕਾਰ ਕਰਨਾ | ੫੪ |
| ਅਫਸਰਾਂ ਨੇ ਡਾਕਟਰ ਭੇਜ ਕੇ ਹੱਡੀਆਂ ਦਾ ਮੁਆਇਨਾ ਕਰਨਾ | ੫੫ |
| ਕਰਮ ਗੜ੍ਹ ਤੋਂ ਅਗੇ ਚਾਲੇ | ੫੬ |
| ਗੁਰਦਿੱਤ ਸਿੰਘ ਨੂੰ ਖੁਸ਼ੀਆਂ ਬਖਸ਼ੀਆਂ | ੫੯ |
| ਬਾਬੇ ਗੁਰਦਿੱਤ ਸਿੰਘ ਨੇ ਸਿਰਾਜ ਤੋਂ ਬਾਲਕ ਲੈਣ ਜਾਣਾ | ੬੧ |
| ਬਾਲਕ ਨੇ ਚੋਜ ਕਰਨੇ ਤੇ ਗੁਰਦਿੱਤ ਸਿੰਘ ਤਾਹਨਾ ਮਾਰਨਾ | ੬੨ |
| ਬਾਲਕ ਦੀ ਚਿਤਾਵਨੀ ਤੇ ਸਾਹਿਬ ਕੌਰ ਨਾਲ ਕੌਤਕ | ੬੪ |
| ਮਲਕਾਂ ਨੂੰ ਫਤਹਿ ਕੌਰ ਦੇ ਮੁੰਡੇ ਮਰਨ ਦੀ ਖਬਰ ਹੋਣੀ | ੬੫ |
| ਵਾਕ ਮਲਕਾਂ ਤੇ ਵਾਕ ਜੋਤਸ਼ੀ | ੬੭ |
| ਰਾਣੀ ਨੂੰ ਹੋਸ਼ ਆਉਣੀ ਤੇ ਹੁਕਮ ਕਰਨਾ | ੬੮ |
| ਵਾਕ ਕਵੀ ਜ਼ੁਲਮ ਦਾ ਫਲ | ੬੯ |
| ਪੰਜਾਬ ਸਰਕਾਰ ਵਲੋਂ ਮਲਕਾਂ ਨੂੰ ਚਿੱਠੀ | ੭੦ |
| ਮਹਾਰਾਜ ਦੀ ਚਰਿੱਤ੍ਰ ਗਾਥਾ | ੭੧ |
| ਮਹਾਰਾਜ ਜੀ ਨੇ ਖੱਡੇ ਵਿਚੋਂ ਪੈਰ ਕਢਣਾ ਤੇ ਬੰਦਿਆਂ ਨੇ ਪੈੜ ਪਕੜੀ | ੭੨ |
| ਮੰਡੀ ਵਾਲੀ ਮਾਈ ਰਾਮ ਕੌਰ ਨੇ ਸੁਖਣਾ ਸੁੱਖੀ | ੭੩ |
| ਗੁਰੂ ਪ੍ਰਤਾਪ ਸਿੰਘ ਜੀ ਦੇ ਵਿਆਹ ਤੇ ਮਹਾਰਾਜ ਜੰਗ ਸਿੰਘ ਗਏ | ੭੪ |
| ਕੂੜੀ ਵਿਚੋਂ ਜਿੰਨ ਕਢਣਾ | ੭੫ |
| ਮੁਕਤਸਰ ਦੇ ਹੋਲੇ ਤੇ ਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕਰਨਾ | ੭੬ |
| ਸਿਆਲ ਕੋਟ ਦੀ ਸੰਗਤ ਨੇ ਮਹਾਰਾਜ ਜੰਗ ਸਿੰਘ ਜੀ ਅਗੇ ਅਰਜ਼ ਕਰਨੀ | ੭੭ |
| ਤਾਰਾ ਸਿੰਘ ਨੇ ਆਪਣੀ ਹੱਡ-ਬੀਤੀ ਦਸਣੀ | ੭੮ |
| ਮਹਾਰਾਜ ਜੰਗ ਸਿੰਘ ਜੀ ਨੇ ਫਤਹਿ ਦੀਨ ਦਾ ਦੁੱਧ ਪੀਣਾ | ੮੦ |
| ਮਹਾਰਾਜ ਨਿਹਾਲ ਸਿੰਘ ਜੀ ਨੂੰ ਰਾਜ਼ੀ ਕਰਨਾ | ੮੧ |
| ਹਵਨ ਸਮੱਗਰੀ ਅਤੇ ਨਿਰਣਾ | ੮੩ |
| ਹਵਨ ਦੇ ਨਿਯਮ ਤੇ ਬਣਤਰ | ੮੬ |
| ਮਹਾਰਾਜ ਨੇ ਸਰਮਦ ਫਕੀਰ ਦੇਖਣਾ ਤੇ ਪ੍ਰਸ਼ਾਦ ਦੇਣਾ | ੮੮ |
| ੧੯੬੨ ਵਿਚ ਭਾਰਤ ਤੇ ਚੀਨ ਦਾ ਹਮਲਾ | ੯੧ |
| ਮਹਾਰਾਜ ਨਿਹਾਲ ਸਿੰਘ ਤੇ ਹੋਰ ਸੰਗਤ ਮਿਲ ਕੇ ਅਰਜ਼ ਕਰਨੀ | ੯੩ |
| ਬਿਰਲਾ ਮੰਦਰ ਵਿਚ ਹਮਨ ਕਰਨਾ | ੯੪ |
| ਚੀਨ ਦੀ ਜੰਗ-ਬੰਦੀ ਤੇ ਮਹਾਰਾਜ ਨੇ ਪੰਡਤ ਜਵਾਹਰ ਲਾਲ ਨੂੰ ਮਿਲਣਾ | ੯੬ |


Sri Satguru Jagjit Singh Ji Elibrary NamdhariElibrary@gmail.com

| | |
|---|---|
| ਬਿੰਦਰਾ-ਬਨ ਜਾਣ ਦੀ ਸਾਖੀ | ੯੮ |
| ਬਿਆਨ ਪੰਡਤ ਰਿਖੀ ਰਾਮ ਮੁਖਾਤਵ ਮਹਾਰਾਜ ਜੰਗ ਸਿੰਘ ਜੀ ਨੂੰ | ੧੦੦ |
| ਲੰਗਰ 'ਚ ਵਾਧਾ, ਸਾਖੀ ਝੋਟਾ ਨਥਣ ਦੀ ਤੇ ਕਿਸ਼ਨ ਸਿੰਘ ਦਾ ਪਰੋਣ | ੧੦੨ |
| ਸ: ਕਿਸ਼ਨ ਸਿੰਘ ਜੀ ਨੇ ਪੰਜ ਸੌ ਰੁਪਿਆਂ ਦੀ ਥੈਲੀ ਪੇਸ਼ ਕਰਨੀ | ੧੦੪ |
| ਧਰਮੂ ਕੋਟ ਤੇ ਪੁਲਸ ਨੇ ਆਉਣਾ | ੧੦੪ |
| ਸਾਖੀ ਸੁਹੇਵੇ ਸਾਹਿਬ ਅਖੰਡ ਪਾਠ ਦੀ | ੧੦੬ |
| ਮਿੱਤ ਸਿੰਘ ਦੇ ਘਰ ਵਾਲੀ ਨੂੰ ਪੌਣ ਆਉਣੀ | ੧੦੬ |
| ਸਤਿਗੁਰੂ ਪ੍ਰਤਾਪ ਸਿੰਘ ਨੇ ਦੀਵਾਨ ਲਾਉਣਾ ਤੇ ਨਿਮਸਕਾਰਾਂ ਹੋਣੀਆਂ | ੧੦੮ |
| ਅਸਟ-ਗ੍ਰਹਿਆਂ ਤੇ ਹਵਨ ਦੇਖੋ, ਅੱਠਾਂ-ਗ੍ਰਹਿਆਂ ਦੀ ਕੁੰਡਲੀ | ੧੧੧ |
| ਸੰਤ ਗਿਆਨ ਸਿੰਘ ਜੀ ਦੀ ਪਹਿਲੀ ਮਿਲਣੀ | ੧੧੪ |
| ਇੰਦਰ ਸਿੰਘ ਕਬੀਰ ਘਰਿ ਵਰਨੀ ਆਰੰਭ | ੧੧੫ |
| ਸੰਤ ਗਿਆਨ ਸਿੰਘ ਜੀ ਨੂੰ ਮਹਾਰਾਜ ਨੇ ਵਰ ਦੇਣੇ | ੧੧੭ |
| ਸੰਤ ਜਗਤ ਸਿੰਘ ਜੀ ਨਾਰੋਵਾਂਲਿਆਂ ਦਾ ਹਾਲ | ੧੧੮ |
| ਮਿਸਤ੍ਰੀਆਂ ਸੁਖਣਾ-ਸੁਖੀ ਕੰਮ ਲੈਣ ਲਈ | ੧੧੯ |
| ਸ਼ੇਰ-ਕੋਟ ਵਾਲੇ ਆਤਮਾ ਸਿੰਘ ਦੇ ਪੁਤ੍ਰ ਦੇ ਵਿਆਹ ਤੇ ਮਹਾਰਾਜ ਜੰਗ ਸਿੰਘ ਜੀ | ੧੨੧ |
| ਸ: ਠਾਕਰ ਸਿੰਘ, ਭਗਵਾਨ ਸਿੰਘ ਨੂੰ ਮਹਾਰਾਜ ਜੰਗ ਸਿੰਘ ਜੀ ਨੇ ਬਖਸ਼ਣਾ | ੧੨੨ |
| ਮਿ: ਭਗਵਾਨ ਸਿੰਘ ਬੀਮਾਰ ਤੇ ਗੁਰੂ ਪ੍ਰਤਾਪ ਸਿੰਘ ਜੀ ਨੇ ਦਰਸ਼ਨ ਦੇਣੇ | ੧੨੩ |
| ਸੰਤ ਸੁਰੈਣ ਸਿੰਘ ਫਾਂਗੀਆਂ ਵਾਲੇ ਦੀ ਸਾਖੀ | ੧੨੪ |
| ਮਹਾਰਾਜ ਨੇ ਦਿੱਲੀ ਆਉਣਾ ਸੁਰੈਣ ਸਿੰਘ ਨੂੰ ਪੁਤ੍ਰ ਦਾ ਵਰ ਦੇਣਾ | ੧੨੫ |
| ਸੰਤ ਜਗਤ ਸਿੰਘ ਡੰਗੀ ਵਾਲੇ ਤੇ ਮਹਾਰਾਜ ਜੀ ਕਿਰਪਾ | ੧੨੭ |
| ਸੰਤ ਜਗਤ ਸਿੰਘ ਜੀ ਦੇ ਪ੍ਰਵਾਰ ਦੀ ਅਰਦਾਸ ਕਬੂਲ ਧਰਮਰਾਜ ਨਾਲ ਹੋਈ ਗਲ ਦਸਣੀ | ੧੨੯ |
| ਜੱਥੇਦਾਰ ਸੁਰੈਣ ਸਿੰਘ ਨਾਲ ਘਟਨਾ ਦੀ ਸਾਖੀ | ੧੩੧ |
| ਮਹਾਰਾਜ ਜੰਗ ਸਿੰਘ ਜੀ ਨੂੰ ਅਗੰਮੀ ਖਬਰ ਹੋਣੀ | ੧੩੩ |
| ਮਹਾਰਾਜ ਜੀ ਦਾ ਇਰਵਿਨ ਹਸਪਤਾਲ ਵਿਚ ਜਾਣਾ | ੧੩੪ |
| ਮਾਤਾ ਫਤਹਿ ਕੌਰ ਲੇਖਕ-ਬੀਬੀ ਬੇਅੰਤ ਕੌਰ | ੧੩੭ |
| ਡਾਕਟਰ ਧਿਆਨ ਸਿੰਘ ਵਲੋਂ ਲਿਖੀ ਸਾਖੀ ਵਰਾਂ ਦੇ ਦਾਤੇ ਮ: ਜੰਗ ਸਿੰਘ ਜੀ | ੧੪੦ |
| ਚਾਚੇ ਜੀਉਣ ਸਿੰਘ ਦਾ ਹਾਲ, ਪੋਤਰੇ ਦੀ ਦਾਤ ਮੰਗਣੀ | ੧੪੨ |
| ਸ: ਤਾਰਾ ਸਿੰਘ ਟਿੱਬੀ ਵਾਲੇ ਦੀ ਜੁਬਾਨੀ | ੧੪੪ |
| ਪਿੰਡ ਰਸੌਣੀ ਸੰਤ ਹਜ਼ਾਰਾ ਸਿੰਘ ਘਰ ਪਹੁੰਚਣਾ | ੧੪੬ |
| ਗਿਆਨ ਸਿੰਘ ਦੇ ਸਫਰ ਦਾ ਹਾਲ ਅਤੇ ਗੁਸਤਾਖੀ ਦੀ ਭੁਲ ਮੰਨਣੀ | ੧੫੦ |


Sri Satguru Jagjit Singh Ji Elibrary NamdhariElibrary@gmail.com

ਹਰਭਜਨ ਸਿੰਘ ਕਲਸੀ ਦੀ ਬੇਨਤੀ, ਕਲਸੀ ਦੇ ਮਿੱਤਰ ਨਿਰੰਜਨ ਸਿੰਘ ਦਾ ਹਾਲ ੧੫੨
ਮਹਾਰਾਜ ਜੀ ਨੇ ਅਖੰਡ ਪਾਠ ਕਰਾਉਣ ਦਾ ਹੁਕਮ ਕਰਨਾ ੧੫੩
ਫਕੀਰ ਨੇ ਅਰਜ਼ ਕਰਨੀ ਤੇ ਮਹਾਰਾਜ ਜੀ ਨੇ ਫਕੀਰ ਨੂੰ ਮੁਕਤ ਕਰਨਾ ੧੫੪
ਸਾਖੀ ਮਾਨ ਸਿੰਘ ਲਾਂਬੇ ਨਾਲ ਹੋਈ ੧੫੫
ਸੰਤ ਕੀ ਮਹਿਮਾ ਬੇਦ ਨਾ ਜਾਣੇ ੧੫੭
ਸਾਖੀ ਖੜਗ ਸਿੰਘ ਲੱਲੂ ਆਲੀ ਦੀ ੧੫੯
ਸਾਖੀ ਫਲੋੜੇ ਪਿੰਡ ਦੀ ਚਾਲ੍ਹੀ ਦਿਨ ਨਾਮ-ਸਿਮਰਨ ੧੬੧
ਸੰਤ ਪ੍ਰੀਤਮ ਸਿੰਘ ਦੀ ਅਰਜ਼ ਤੇ ਕਰਤਾਰ ਸਿੰਘ ਨੂੰ ਕਤਲ-ਕੇਸ ਚੋਂ ਬਚਾਉਣਾ ੧੬੪
ਗੁਰੂ ਹਰੀ ਸਿੰਘ ਜੀ ਦਾ ਹੁਕਮ ਅਤੇ ਮਾਂ ਦੇ ਦੁਧ ਦੇ ਗੁਣ ੧੬੭
ਵੈਦਕ ਵਿਚੋਂ, ਗਊ, ਭੈਂਸ, ਬੱਕਰੀ, ਉਠਣੀ ਆਦਿ ਦੁਧ-ਦਹੀਂ ਲੱਸੀ, ਘਿਉ ਦੇ ਗੁਣ ੧੬੯
ਮਹਾਰਾਜ ਜੰਗ ਸਿੰਘ ਜੀ ਦੇ ਅੰਤਮ ਸਮੇਂ ਦੀ ਸਾਖੀ ੧੭੮
ਛੇਆਂ ਰੁੱਤਾਂ ਦੀ ਹਵਨ ਸਮੱਗਰੀ ਦਾ ਵਰਨਣ ੧੭੯
ਸੰਤ ਸੇਵਾ ਸਿੰਘ ਜਥੇਦਾਰ ਦੀ ਜ਼ੁਬਾਨੀ ਸਾਖੀ ੧੮੨
ਮਾਤਾ ਫਤਹਿ ਕੌਰ ਨੇ ਆਪਣੇ ਪੁੱਤਰ ਨੂੰ ਦੇਖਣ ਜਾਣਾ ੧੮੫
ਸੰਤ ਮੋਹਣ ਸਿੰਘ ਜੀ ਦਾ ਭਗੰਦਰ (ਫੋੜਾ) ਰਾਜ਼ੀ ਕਰਨਾ ੧੮੭
ਬਲੋਂਵਾਲੀ ਗਿਆਨਸਿੰਘ ਜੀ ਦੀ ਜ਼ੁਬਾਨੀ ਸਾਖੀ ਮਿੰਟਗੁਮਰੀ ਦੇ ਕਰਤਾਰ ਸਿੰਘ ਦੀ ੧੮੯
ਪਿੰਡ ਖੂਨਣਾ ਤਹਿਸੀਲ ਮੁਕਤਸਰ ਵਲੀਂ ਦੌਰਾ ੧੯੦
ਮਹਾਰਾਜ ਜੀ ਨੇ ਬੀਬੀ ਗੁਰੋ ਨੂੰ ਪੁਤ੍ਰ ਦੀ ਦਾਤ ਦੇਣੀ ੧੯੩
ਮਹਾਰਾਜ ਸਰੀਰ ਬੜਾ ਛੋਟਾ ਕਰ ਲੈਂਦੇ ਸਨ ਦੀ ਸਾਖੀ ੧੯੪
ਬੀਬੀ ਬਸੰਤ ਕੌਰ (ਕਾਕੀ) ਪਿੰਡ ਵਣਤੇ ਦੀ ਸਾਖੀ ੧੯੮
ਬੋਪੀਆਣੇ ਵਾਲੇ ਬਖਸ਼ੀਸ਼ ਸਿੰਘ ਦੀ ਸਾਖੀ ੧੯੯
ਗੁਰੂ ਹਰੀ ਸਿੰਘ ਜੀ ਦੀ ਪਹਿਲੀ ਸ਼ਾਦੀ ਤੇ ਦੂਜੀ ਸ਼ਾਦੀ ੨੦੧
ਲੁਧਿਆਣੇ ਵਾਲੇ ਹਰਨਾਮ ਸਿੰਘ ਦੀ ਸਾਖੀ ੨੦੩
ਸੰਤ ਗੁਰਦਿਆਲ ਸਿੰਘ ਜੀ ਅਬਲੂ ਬਠਿੰਡਾ ਦੀ ਸਾਖੀ ੨੦੬
ਸੰਤ ਮੇਲਾ ਸਿੰਘ ਦੀ ਸਾਖੀ ੨੦੮
ਸੰਤ ਗਿਆਨ ਸਿੰਘ ਬਲੋਂਵਾਲੀਏ ਦੀ ਸਾਖੀ ੨੧੪
ਹਰੀਜਨ ਸੋਹਣੇ ਨੂੰ ਜੀਵਨ ਦਾਨ ਦੀ ਸਾਖੀ ੨੧੫
ਬੀਬੀ ਬੀਰ ਕੌਰ ਦੀ ਸਾਖੀ ਪਿੰਡ ਹਾਰਨੀਆਂ ੨੧੭
ਰੂਪਾਣੇ ਹਲ ਵਾਹੁਣ ਦੀ ਸਾਖੀ ੨੧੯
ਸੰਤ ਕੇਸਰ ਸਿੰਘ ਜੀ ਦਾ ਪਰਿਵਾਰ ੨੨੧

Sri Satguru Jagjit Singh Ji Elibrary NamdhariElibrary@gmail.com

# ਅਜ ਦੇ ਯੁਗ ਤੇ ਇਕ ਝਾਤ

ਅਜ ਸੰਸਾਰ ਦੀ ਸਾਇੰਸਗਤੀ ਬਹੁਤ ਤੇਜ਼ੀ ਨਾਲ ਅਗੇ ਵਧ ਰਹੀ ਹੈ। ਜਿਹੜੀਆਂ ਗੱਲਾਂ ਅਸੀਂ ਅਜ ਤੋਂ ਪੂਰਬ ਕਾਲ ਵਿਚ ਝੂਠ ਮੰਨਦੇ ਸਾਂ, ਅਜ ਉਹ ਸਾਡੇ ਸਾਹਮਣੇ ਸੱਚ ਬਣ ਖਲੌਤੀਆਂ ਹਨ।

ਅਜ ਦੇ ਸਾਇੰਸ ਸਰਵੇਖਣ ਤੋਂ ਪਤਾ ਚਲਦਾ ਹੈ ਕਿ ਸੰਸਾਰ ਵਿਚ ਕੋਈ ਵੀ ਗੱਲ ਨਾ ਮੁਮਕਨ ਨਹੀਂ। ਕ੍ਰਿਸਮੇ ਮੋਜਜ਼ਿਆਂ ਬਾਰੇ ਜਿਸ ਨੂੰ ਕਰਾਮਾਤਾਂ ਆਖਿਆ ਜਾਂਦਾ ਹੈ। ਪੱਛਮੀ ਲੋਕ ਵੀ ਅਜ ਇਸ ਨੂੰ ਮੰਨਣ ਲਗ ਪਏ ਹਨ, ਅਤੇ ਇਹਨਾਂ ਮੋਜਜ਼ਿਆਂ ਤੇ ਇੰਨੀ ਬੜੀਆਂ ਬੜੀਆਂ ਕਿਤਾਬਾਂ ਲਿਖ ਰਖੀਆਂ ਹਨ। ਮਰਦਾਨੇ ਨੂੰ ਭੇਡੂ ਬਣਾਉਣ ਦੇ ਕ੍ਰਿਸਮੀਆਂ ਨੂੰ ਲੋਕ ਮੰਨਣੋਂ ਇਨਕਾਰ ਕਰਦੇ ਸਨ, ਪਰ ਪੱਛਮੀ ਲੋਕ ਇਸ ਨੂੰ ਹਿਪਨੋਟਾਈਜ਼ ਆਖਦੇ ਹਨ। ਮੈਂ ਆਪ ਇਸ ਨੂੰ ਕਰਦੇ ਵੇਖਿਆ ਹੈ। ਈਸਟ ਅਫਰੀਕਾ ਦੇ ਸ਼ਹਿਰ ਨੈਰੋਬੀ ਵਿਖੇ, ਇਕ ਅੰਗਰੇਜ਼ ਨੇ ਦਸ-ਪੰਦਰ੍ਹਾਂ ਮੁੰਡਿਆਂ ਨੂੰ ਅਕਲਹੀਣ ਕਰ ਦਿਤਾ ਉਹਨਾਂ ਦੀਆਂ ਬੋਲੀਆਂ ਬਦਲ ਗਈਆਂ, ਜੋ ਕੁਝ ਅੰਗਰੇਜ਼ ਉਹਨਾਂ ਨੂੰ ਕਹਿੰਦਾ ਸੀ, ਯਾ ਬੋਲਦਾ ਸੀ, ਉਹ ਉਸੇ ਤਰ੍ਹਾਂ ਹੀ ਬੋਲਦੇ ਸਨ। ਭਾਵ ਕੀ, ਉਹ ਮੁੰਡੇ ਆਪਣਾ ਆਪ ਭੁਲ ਚੁਕੇ ਸਨ। ਇਹ ਖੇਲ ਸਿਨੇਮੇ ਵਿਚ ਹੋਇਆ ਸੀ। ਆਖਿਰ ਉਸ ਨੇ ਲੋਕਾਂ ਦੇ ਕਹਿਣ ਤੇ ਉਹਨਾਂ ਮੁੰਡਿਆਂ ਨੂੰ ਛੱਡਿਆ ਪਰ ਦੂਜੇ ਦਿਨ ਉਹ ਮੁੰਡੇ ਮੁੜ ਉਥੇ ਨਹੀਂ ਗਏ। ਲਿਖਣ ਤੋਂ ਭਾਵ ਇਹ ਹੈ ਕਿ ਪੁਰਖ ਭਜਨ ਦੇ ਪ੍ਰਤਾਪ ਨਾਲ ਰਿਧੀਆਂ-ਰਿਧੀਆਂ ਪ੍ਰਾਪਤ ਕਰਸਕਦਾਹੈ, ਆਪਣੇ-ਆਪ ਨਹੀਂ।

ਕਿਸੇ ਮੁਰਸ਼ਦ ਦਾ ਸਹਾਰਾ ਲੈਣਾ ਪੈਂਦਾ ਹੈ, ਜਿਸ ਤਰ੍ਹਾਂ ਵਾਰਸ-ਸ਼ਾਹ ਨੇ ਕਿਹਾ ਹੈ :

ਬਾਝ ਮੁਰਸ਼ਦਾਂ ਰਾਹੁ ਨਾ ਹੱਥ ਆਵੇ,
ਦੁਧ ਬਾਝੋਂ ਨਾ ਰਿੱਝਦੀ ਖੀਰ ਮੀਆਂ।

ਇਸ ਲਈ ਹਰੇਕ ਕੰਮ ਸਿਖਣ ਲਈ ਗੁਰੂ (ਉਸਤਾਦ) ਦੀ ਲੋੜ ਹੁੰਦੀ ਹੈ, ਐਵੇਂ ਨਹੀਂ।



Sri Satguru Jagjit Singh Ji Elibrary NamdhariElibrary@gmail.com

ਮਨੁੱਖਾ ਜਨਮ ਸੰਸਾਰ ਵਿਚ ਉਤਮ ਮਿੱਥਿਆ ਗਿਆ ਹੈ। ਇਸ ਵਿਚ ਬ੍ਰਹਿਮੰਡ ਦੇ ਸਾਰੇ ਗੁਣ ਮੌਜੂਦ ਹਨ : ਗੁਰਬਾਣੀ ਸਿਧਾਂਤ ਹੈ :

ਜੋ ਬ੍ਰਹਿਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਤਤੁ ਹੈ (ਪਰ) ਸਤਿਗੁਰੁ ਹੋਇ ਲਿਖਾਵੈ ॥

ਮਨੁੱਖ ਨੂੰ ਮਨੁੱਖ ਹੀ ਰਸਤਾ ਦਸ ਸਕਦਾ ਹੈ।

ਜੋਤਿਸ਼ ਵਿਦਿਆ ਅਨੁਸਾਰ ਪੁਰਖ ਦੇ ਨੱਛਤ੍ਰਾਂ-ਗ੍ਰਹਿਆਂ ਦੇ ਹਿਸਾਬ ਅਨੁਸਾਰ ਇਸ ਦੇ ਗੁਣਾਂ ਦੀ ਸੋਝੀ ਮਿਲ ਜਾਂਦੀ ਹੈ। ਇਸ ਦੇ ਜਨਮ-ਕਰਮ ਦੇ ਸੰਸਕਾਰਾਂ ਦਾ ਗਿਆਨ ਹੋ ਜਾਂਦਾ ਹੈ। ਸੰਤਾਨ ਵੀ ਇਸ ਦੀ ਸ਼ੁਧ-ਅਸ਼ੁੱਧ ਵਿਚਾਰਾਂ ਤੋਂ ਅੱਛੀ ਮਾੜੀ ਦੇ ਉਦਾਹਰਣ ਮਿਲਦੇ ਹਨ। ਦਸਮ ਗਰੰਥ ਜੀ ਵਿਚ :—

ਹਰਨਾਕਸ਼ ਦੈਂਤ ਦੇ ਘਰ ਭਗਤ ਪ੍ਰਹਿਲਾਦ ਦਾ ਪੈਦਾ ਹੋਣਾ, ਮਾਨੋਂ ਕਲਰ ਵਿਚ ਕੰਵਲ ਵਾਂਗ ਹੈ।

ਭਾਵ : ਮਨੁੱਖ ਦੇ ਵਿਚਾਰਾਂ ਤੇ ਸੰਤਾਨ ਦੇ ਚੰਗੀ-ਮਾੜੀ ਦਾ ਉਪਜਣਾ ਸਿੱਧ ਹੈ। ਇਸਤ੍ਰੀ ਸੰਗ ਸਮੇਂ ਜਿਹੋ-ਜਿਹੇ ਵਿਚਾਰ ਪੁਰਖ ਦੇ ਦਿਮਾਗ ਵਿਚ ਹੋਣਗੇ, ਸੰਤਾਨ ਉਹੋ ਜਿਹੀ ਪੈਦਾ ਹੋਵੇਗੀ। ਜਿਹੜੇ ਗੁਣ-ਅਵਗੁਣ ਬੀਜ ਵਿਚ ਹੋਣਗੇ, ਉਸੇ ਅਨੁਸਾਰ ਹੀ ਇਸ ਦੀ ਉਪਜ ਵਿਚ ਵੀ ਰਹਿਣਗੇ। ਉਦਾਹਰਣ ਦੇ ਤੌਰ ਤੇ ਕਿਸੇ ਵੀ ਮਨੁੱਖ ਦਾ ਮੂੰਹ (ਚੇਹਰਾ), ਆਵਾਜ਼, ਇਕ-ਦੂਜੇ ਨਾਲ ਨਹੀਂ ਮਿਲਦੇ। ਇਕ ਬਾਪ ਦੇ ਦੋ ਯਾ ਚਾਰ ਪੁਤਰ ਹਨ, ਪਰ ਸ਼ਕਲ-ਸੂਰਤ, ਲੱਛਣ ਆਦਿ ਸਭ ਦੇ ਵਖਰੇ-ਵਖਰੇ ਸੁਭਾਵ, ਆਦਿ ਹੁੰਦੇ ਹਨ। ਇਹ ਕੇਵਲ ਸ਼ੁੱਧ-ਅਸ਼ੁੱਧ ਵਿਚਾਰਾਂ ਦਾ ਪ੍ਰਭਾਵ ਹੀ ਹੈ।

## ਜੈਸਾ ਅੰਨ ਵੈਸਾ ਮਨ, ਅਤੇ ਦੂਧ ਤੇ ਬੁਧਿ

ਮਨੁੱਖ ਦੀ ਪਰਵਿਸ਼ ਅੰਨ ਤੋਂ ਮੰਨੀ ਗਈ ਹੈ ਅਤੇ ਦੁਧ ਆਦਿ ਪਦਾਰਥਾਂ ਤੋਂ ਸ੍ਰੇਸ਼ਟ ਬੁਧਿ ਦਾ ਉਪਜਣਾ ਲਿਖਿਆ ਹੈ। ਬੱਚਾ ਜਦ ਮਾਂ ਦੇ ਗਰਭ ਵਿਚ ਪ੍ਰਵੇਸ਼ ਪਾਉਂਦਾ ਹੈ ਤਾਂ ਮਾਂ ਜਿਹੋ ਜਿਹਾਂ ਭੋਜਨ ਖਾਂਦੀ ਹੈ, ਉਸ ਭੋਜਨ ਦਾ ਰਸ ਬੱਚੇ ਲਈ ਗੁਣਕਾਰੀ ਸਿੱਧ ਹੁੰਦਾ ਹੈ ਤੇ ਬੱਚੇ ਦਾ ਸੁਭਾਓ ਵੀ ਉਸ ਭੋਜਨ ਦੇ ਆਧਾਰ ਤੇ ਹੀ ਬਣਦਾ ਹੈ। **ਤਾਮਸੀ ਭੋਜਨ** ( ਮਾਸ-ਮੱਛੀ ) ਆਦਿ ਦਾ ਰਸ ਸਰੀਰ ਅੰਦਰ ਕ੍ਰੋਧਾਅਗਨੀ ( ਅਗਿਆਨ ) ਪੈਦਾ ਕਰਦਾ ਹੈ। **ਸਾਂਤਕੀ ਭੋਜਨ** ਜੋ ਪਦਾਰਥ ਦੁਧ, ਘਿਓ, ਅੰਨ ਤੋਂ ਬਣੇ ਹੁੰਦੇ ਹਨ, ਭਾਵ — **ਵੈਸ਼ਨੋ ਭੋਜਨ** ਓਹੋ ਪੁਰਖ ਦੇ ਮਨ ਅੰਦਰ ਸ਼ਾਂਤੀ ( ਸੀਤਲਤਾ ) ਸੁੰਦਰਤਾ ਆਦਿ ਵਿਸ਼ੇਸ਼ ਗੁਣਾਂ ਦੀ ਉਪਜ ਕਰਦੇ ਹਨ। ਸੋ ਸਾਨੂੰ ਏਸੇ ਪਦਾਰਥ ਹੀ ਵਰਤਣੇ ਉਚਿੱਤ ਹਨ।



Sri Satguru Jagjit Singh Ji Elibrary NamdhariElibrary@gmail.com

# ਮੁੱਢਲੇ ਸ਼ਬਦ

ਇਤਿਹਾਸ, ਦੇਸ਼ ਅਤੇ ਕੌਮਾਂ ਵਿਚ ਹੋਏ ਵਾਕਿਆਤਾਂ ਦੀ ਤਸਵੀਰ ਹੁੰਦੀ ਹੈ। ਜਿਸ ਨੂੰ ਪੜ੍ਹ, ਸੁਣ ਕੇ ਢੱਠੀਆਂ-ਡਿੱਗੀਆਂ ਕੌਮਾਂ ਵਿਚ ਜਾਗਰਿਤ ਆਉਂਦੀ ਹੈ, ਉਹਨਾ ਨੂੰ ਆਪਣੇ ਸੂਰ-ਬੀਰ, ਬਹਾਦਰ, ਸੰਤਾਂ-ਭਗਤਾਂ, ਗੁਰੂਆਂ ਆਦਿ ਦੇ ਕਾਰਨਾਮੇ, ਜੋ ਉਹਨਾਂ ਆਪਣੇ ਦੇਸ਼-ਕੌਮ ਲਈ ਕੀਤੇ ਹੁੰਦੇ ਹਨ—ਯਾਦ-ਆਜ਼ਾਦੇ ਹਨ। ਫਿਰ ਉਹਨਾਂ ਨੂੰ ਆਪਣੇ ਵਡਿੱਕਿਆ ਦੀਆਂ ਲੀਹਾਂ ਤੇ ਚਲਣ ਦਾ ਬਲ ਮਿਲ ਜਾਂਦਾ ਹੈ। ਦੇਸ਼ ਹੋ ਯਾ ਕੌਮ ਆਪਣੇ ਬਜ਼ੁਰਗਾਂ ਦੀਆਂ ਕਰਨੀਆਂ ਨੂੰ ਉਜਾਗਰ ਕਰ ਬਾਕੀ ਉੱਨਤੀ ਕੌਮਾਂ ਦੇ ਸਾਹਮਣੇ ਬੇ-ਧੜਕ ਹੋ ਕੇ ਖਲੋ ਜਾਂਦੀਆਂ ਹਨ ਤੇ ਫਿਰ ਇਹਨਾਂ ਦੀ ਪੁੱਛ-ਪ੍ਰਤੀਤ ਵਧ ਜਾਦੀ ਹੈ।

ਜਿਸ ਦੇਸ਼ ਯਾ ਕੌਮ ਦਾ ਕੋਈ ਇਤਿਹਾਸ ਨਹੀਂ ਹੁੰਦਾ ਉਹ ਦੇਸ ਕੌਮ ਦੁਨੀਆਂ ਦੀ ਨਜ਼ਰੋਂ ਓਹਲੇ ਹੋ ਜਾਂਦੀ ਹੈ। ਉਸ ਦੀ ਗਿਣਤੀ ਕਿਸੇ ਵੀ ਕੌਮ, ਦੇਸ਼ ਵਿਚ ਨਹੀਂ ਗਿਣੀ ਜਾਂਦੀ।

ਹੋਰ ਵੇਖੋ, ਜਿਸ ਕੌਮ ਦੇਸ਼ ਦੀ ਆਪਣੀ ਭਾਸ਼ਾ ਨਹੀਂ, ਉਹ ਦੇਸ ਭੀ ਗੈਰ-ਮੁਲਕੀ ਭਾਸ਼ਾ (ਬੋਲੀ) ਦੀ ਗੁਲਾਮ ਹੋ ਜਾਂਦੀ ਹੈ, ਉਸ ਦਾ ਕਦੇ ਵੀ ਗੁਲਾਮੀ ਵਿਚੋਂ ਛੁਟਕਾਰਾ ਨਹੀਂ ਹੋ ਸ਼ਕਦਾ। ਕਿਉਂਕਿ ਉੱਨਤੀ ਕੌਮਾ ਉਸ ਨੂੰ ਹਮੇਸ਼ਾਂ ਲਈ ਦਲ ਸੁਟਦੀਆਂ ਹਨ। ਇਕ ਕਵੀ ਵਿਦਵਾਨ ਦਾ ਕਥਨ ਹੈ :

''ਗਿਰ ਸੇ ਗਿਰ ਕੇ ਮਰ ਜਾਣ ਭਲਾ, ਪੜ ਆਤਿਸ਼ ਮੇ ਜਰ ਜਾਨ ਭਲਾ।
ਮਰਨਾ ਕੱਟ ਅੰਗ ਤਮਾਮ ਭਲਾ, ਪਰ ਜੀਵਨ ਨਾਹਿ ਗ਼ੁਲਾਮ ਭਲਾ।

ਇਸੇ ਕਾਰਣ ਹੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਕ ਜੋ ਵੀ ਇਹਨਾਂ ਪ੍ਰਚਾਰ ਕੀਤਾ, ਉਹ ਆਪਣੀ ਮਾਂ ਬੋਲੀ ਵਿਚ ਕੀਤਾ ਅਤੇ ਓਸੇ ਵੇਲੇ ਜੋ ਵੀ ਪੰਜਾਂ ਪਾਣੀਆਂ (ਦਰਿਆਵਾਂ) ਅੰਦਰ ਠੇਠ ਪੰਜਾਬੀ ਬੋਲੀ ਜਾਂਦੀ ਸੀ। ਆਪਣਾ ਸਾਰਾ ਸਾਹਿਤ ਉਸ ਵਿਚ ਹੀ ਰਚਿਆ ਤੇ ਪ੍ਰਚਾਰਿਆ। ਉਸ ਵੇਲੇ ਨਾ ਸੰਸਕ੍ਰਿਤ ਤੇ ਨਾ ਹੀ ਹਿੰਦੀ ਦੀ ਪੁਛ-ਪ੍ਰਤੀਤ ਸੀ, ਕੇਵਲ ਉਰਦੂ, ਫਾਰਸੀ ਦਾ ਬੋਲ-ਬਾਲਾ ਸੀ, ਤੁਰਕ ਰਾਜ ਸੀ।



Sri Satguru Jagjit Singh Ji Elibrary NamdhariElibrary@gmail.com

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਭਾਸ਼ਾ ਤੋਂ ਬਿਨਾਂ ਗੈਰ ਭਾਸ਼ਾ ਨੂੰ ਮਲੇਛ ਬੋਲੀ (ਭਾਖਿਆ) ਕਿਹਾ ਹੈ, ਉਦਾਹਰਣ ਹੈ :—

ਖਤ੍ਰੀਆ ਤਾ ਧਰਮ ਛੋਡਿਆ ਮਲੇਛ ਭਾਖਿਆ (ਬੋਲੀ) ਗਹੀ ॥
ਸ੍ਰਿਸਟ ਸਭ ਇਕ ਵਰਣ ਹੋਈ ਧਰਮ ਕੀ ਗਤ ਰਹੀ ॥

ਆਦਿ ਇਨ੍ਹਾਂ ਤੁਕਾਂ ਦਾ ਭਾਵ ਇਹੋ ਨਿਕਲਦਾ ਹੈ ਕਿ ਮੁਸਲਿਮ ਅੱਤਿਆਂਚਾਰਾਂ ਦੇ ਭੈ ਕਾਰਣ ਕੁਛ ਸਵਾਰਥ (ਲਾਲਚ) ਬਸ, ਹਿੰਦ-ਵਾਸੀਆਂ ਨੇ ਆਪਣੇ ਪੁਰਾਣੇ ਬਜ਼ੁਰਗਾਂ ਦੇ ਚਲਾਏ ਰਸਮੋ-ਰਿਵਾਜ ਛਿੱਕੇ ਤੇ ਟੰਗ ਦਿਤੇ। ਤੇ ਉਸ ਭਾਸ਼ਾ ਬੋਲੀ ਨੂੰ ਅਪਣਾ ਲਿਆ, ਜਿਹੜੀ ਸਾਡੀ ਆਪਣੀ ਨਹੀਂ ਸੀ। ਇਹ ਜਾਣ ਬੁਝ ਕੇ ਨਹੀਂ ਕੀਤਾ, ਕਰਨਾ ਪਿਆ, ਕਿਉਂਕਿ ਸਾਡੀ ਆਪਣੀ ਕਮਜ਼ੋਰੀ ਕਾਰਣ ਸਾਡੀ ਮਾਂ ਬੋਲੀ ਤੇ ਗੈਰ ਭਾਸ਼ਾ ਦਾ ਜ਼ੋਰ ਪੈ ਗਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਨਾਲ ਰਾਜਨੀਤੀ ਨੂੰ ਵੀ ਜੋੜਿਆ ਤਾਂਕਿ ਆਪਣੀ ਮਾਂ ਬੋਲੀ ਵੀ ਕਾਇਮ ਰਹੇ ਅਤੇ ਧਰਮ ਦਾ ਅੰਗ ਵੀ ਬਣਿਆ ਰਵ੍ਹੇ। ਸਗੋਂ ਗੁਰੂ ਬਾਣੀ ਦੀ ਸ਼ਬਦ ਰਚਨਾ ਕਰਨ ਵੇਲੇ ਓਹਨੇ ਲਿੱਪੀ ਵੀ ਆਪਣੀ ਤਿਆਰ ਕਰਕੇ ਉਸ ਵਿਚ ਆਪਣੇ ਵਿਚਾਰ ਲਿਖੇ, ਜਿਸ ਦਾ ਨਾਮ ਗੁਰਮੁਖੀ ਰਖਿਆ। ਪੰਜਾਬੀ ਇਸ ਲਈ ਕਹਾਈ ਕਿਉਂਕਿ ਇਸ ਵਿਚ ਪੰਜਾਬ ਦੀ ਅਸਲ ਬੋਲੀ ਉਕਰੀ ਗਈ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਗੱਲਾਂ ਨੂੰ ਮੁਸਲਿਮ ਰਾਜਿਆਂ, ਪੀਰਾਂ, ਫਕੀਰਾਂ, ਪੈਗੰਬਰਾਂ ਨੇ ਵੀ ਸਿਰ ਨਿਵਾ ਕੇ ਮੰਨਿਆਂ ਤੇ ਇਸ ਨੂੰ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਸਮਝਿਆ। ਅਕਬਰ ਬਾਦਸ਼ਾਹ ਨੇ ਵੀ ਇਹੋ ਗੁਰੂ ਨਾਨਕ ਕ੍ਰਿਤ ਗੁਰਬਾਣੀ ਨੂੰ ਸੁਣ ਕੇ ਪ੍ਰਸੰਨ ਹੋ ਕਰ ਆਖਿਆ ਸੀ—ਇਹ ਬਾਬੇ ਨਾਨਕ ਦਾ ਕਥਨ ਸਰਬ-ਸ੍ਰੇਸ਼ਟ ਹੈ। ਇਸ ਨੂੰ ਹੋਰ ਦੂਜੀਆਂ ਭਾਸ਼ਾ ਬੋਲੀਆਂ ਵਿਚ ਵੀ ਉਲਥਾਇਆ ਜਾਣਾ ਚਾਹੀਦਾ ਹੈ।

ਜੈਸੇ :

ਸੰਸਕ੍ਰਿਤ ਦੇ ਤਰਕਸ਼ਨ ਭਾਸ਼ਾ, ਸਭ ਮਹਿ ਲਿਖੁ ਲੇਹੁ ਬੁਧਿਰਾਸ਼ਾ ॥
ਸਭ ਪਰ ਦੇਹੁ ਪਸਰੇ ਇਮ ਭਾਈ, ਜਿਉਂ ਜਲ ਪਰ ਚਿਕਨਤਾ ਛਾਈ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੀ ਦੁਨੀਆਂ ਦਾ ਚਕਰ ਲਾਇਆ। ਚੋਰਾਂ, ਠੱਗਾਂ ਕੋਲ ਭੀ ਗਏ। ਮਹਾਂ ਪੁਰਖਾਂ, ਦਰਵੇਸ਼ਾਂ, ਫਕੀਰਾਂ, ਮਹੰਤਾਂ-ਡੇਰਿਆਂ ਦਾ ਵੀ ਮੁਤਾਲਿਆ ਕੀਤਾ। ਰਾਜਨੀਤੀ, ਧਰਮ ਦਾ ਜੋੜ ਮਜ਼ਬੂਤ ਕਰਨ ਲਈ ਅਪਣੇ ਹਮ-ਖਿਆਲੀ ਭਗਤਾਂ ਜਿਨ੍ਹਾਂ ਦਾ ਅਕਾਲ ਪੁਰਖ ਨਾਲ ਸਿੱਧਾ ਸਬੰਧ ਸੀ; ਦੀ ਬਾਣੀ



Sri Satguru Jagjit Singh Ji Elibrary NamdhariElibrary@gmail.com

ਪ੍ਰਾਪਤ ਕਰਕੇ ਇਸ ਨੂੰ ਸਹੀ ਸਰੂਪ ਸੰਗੀਤ ਪਧੋਤੀ ਅਨੁਸਾਰ ਆਪਣੀ ਬੋਲੀ ਵਿਚ ਢਾਲਿਆ ਅਤੇ ਗੁਰੂ ਗ੍ਰੰਥ ਸਾਹਿਬ ਦਾ ਅੰਗ ਬਣਾ ਹਮੇਸ਼ ਲਈ :

ਹੋਏ ਇਕਤ੍ਰ ਮਿਲੋ ਮੇਰੇ ਭਾਈ ਦੁਬਧਾ ਦੂਰ ਕਰੋ ਲਿਵ ਲਾਏ ॥
ਹਰਿਨਾਮੈ ਕੇ ਹੋਵਹੁ ਜੋੜੀ ਗੁਰਮੁਖ ਬੈਠੋ ਸਫਾ ਵਿਛਾਏ ॥

ਦਾ ਸਿਧਾਂਤ ਕਾਇਮ ਕਰ ਦਿਤਾ ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਨ੍ਹਾਂ ਸਿਧਾਂਤਾਂ ਨੂੰ ਮੁਖ ਰਖਕੇ ਹੀ ਗੁਰੂ ਰਾਮ ਸਿੰਘ ਜੀ ਨੇ ਵੀ ਨਾਮਧਾਰੀ ਪੰਥ ਦੀ ਸਥਾਪਨਾ ਕੀਤੀ । ਇਹਨੀਂ ਅੰਗਰੇਜ਼ ਦੀ ਗੁਲਾਮੀ ਦੇ ਜੀਵਨ ਨੂੰ ਬਦਤੱਰ ਜੀਵਨ ਸਮਝ ਹੀ ਸ੍ਰੀ ਭੈਣੀ ਸਾਹਿਬ ਜ਼ਿਲਾ ਲੁਧਿਆਣਾ ਤੋਂ ਆਜ਼ਾਦੀ ਦੀ ਕੂਕ-ਬਿਗਲ ਵਜਾ ਦਿਤਾ । ਦੇਸ਼ ਦਾ ਹਿੱਤ ਰਖਣ ਵਾਲੇ ਭੌਰੇ ਇਸ ਦੀਪਕ ਦੇ ਚਾਨਣ ਹੇਠ ਆ ਇਕੱਠੇ ਹੁੰਦੇ ਗਏ । ਇਹਨੀਂ ਸਭ ਤੋਂ ਪਹਿਲਾਂ ਗੁਪਤ ਰੂਪ ਵਿਚ ਆਜ਼ਾਦੀ ਦਾ ਨਾਹਰਾ ਨਾਮ ਸਿਮਰਨ ਦੇ ਰੂਪ ਵਿਚ ਅਠੋਤ੍ਰੀਉਨ ਦੀ ਦੀ ਮਾਲਾ ਨਾਲ ਅਰੰਭ ਕੀਤਾ । ਇਹ ਭੀ ਰਾਜਨੀਤ ਅਤੇ ਧਰਮ ਦਾ ਸੁਮੇਲ ਸੀ । ਇਹ ਸੀ ਉਹ ਬੰਦਾ ਜਿਸ ਨੂੰ ਰੱਬ, ਅੱਲਾ, ਗੁਰੂ, ਬਾਬਾ ! ਕੁਛ ਕਹਿ ਲਓ, ਇਹੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦਾ ਸਿੱਧਾ ਰਾਹ ਦਸਦਾ ਹੈ । ਇਹੋ ਤੁਹਾਡਾ ਆਪਣਾ ਹੈ, ਕਿਤਿਓਂ ਬਾਹਰੋਂ ਲਭਣ ਦੀ ਲੋੜ ਨਹੀਂ । ਬੰਦਾ ਹੀ ਬੰਦੇ ਦਾ ਦਾਰੂ ਹੈ ਅਤੇ ਬੰਦਾ ਹੀ ਬੰਦੇ ਦਾ ਵੈਰੀ ਹੈ । ਇਨਸਾਨੀਅਤ ਵੰਡਣ ਵਾਲਾ ਦਾਤਾ ਗੁਰੂ ਹੈ ਤੇ ਇਨਸਾਨੀਅਤ ਨੂੰ ਭੁਲਾ ਦੇਣ ਵਾਲਾ ਵੈਰੀ (ਦੁਸ਼ਮਣ) ਹੈ ।

ਰੱਬ ਨੂੰ ਲੋਕ ਜੰਗਲਾਂ, ਬਨਾਂ ਵਿਚ ਲਭਦੇ ਫਿਰਦੇ ਹਨ । ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਕਥਨ ਹੈ :

ਬਾਹਰ ਢੂੰਡਣ ਤੇ ਛੂਟ ਪਰੀ ਗੁਰ ਘਰ ਹੀ ਮਾਹਿ ਦਿਖਾਇਆ ਥਾ ॥

ਕਬੀਰ ਕਹਿੰਦਾ ਹੈ :

ਮੁਲਾਂ ਮੁਨਾਰੇ ਕਿਓ ਚੜੇ ਸਾਈ ਨਾ ਬੋਹਰਾ ਹੋਏ ॥
ਜਿਤ ਕਾਰਨ ਤੂੰ ਬਾਂਗ ਦਏ ਤੇ ਘਟ ਭੀਤਰ ਜੋਇ ॥

ਭਗਤ ਭੀਖਨ ਆਖਦਾ ਹੈ :

ਭੀਖਾ ਭੁਖਾ ਕੋ ਨਹੀ ਸਭ ਕੀ ਗਠੜੀ ਲਾਲ ॥

ਪਰ :

ਗਿਰਾ ਖੋਲ ਨਹੀ ਜਾਣਦੇ ਯਾਤੇ ਭਏ ਕੰਗਾਲ ॥



Sri Satguru Jagjit Singh Ji Elibrary NamdhariElibrary@gmail.com

ਭਗਤ ਪੀਪਾ ਜੀ ਵੀ ਕਹਿੰਦੇ ਹਨ :

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰ ਹੋਇ ਲਖਾਵੈ ॥

ਉਪਰੋਕਤ ਤੁਕਾਂ ਦਾ ਉੱਤਰ ਸ੍ਰੀ ਗੁਰੂ ਅਮਰਦਾਸ ਜੀ ਦੇਂਦੇ ਹਨ :

ਸਤਿਗੁਰ ਹਥ ਕੁੰਜੀ ਹੋਰਤੁ ਦਰੁ ਖੁਲੈ ਨਾਹੀ
ਗੁਰੁ ਪੂਰੇ ਭਾਗਿ ਮਿਲਾਵਣਿਆ ॥

(ਮਾਝ ਮ: ੩)

ਭਾਵ : ਬਿਨਾਂ ਗੁਰੂ ਉਸਤਾਦ ਤੋਂ ਕਿਸੇ ਵੀ ਕੰਮ ਦਾ ਰਸਤਾ ਮਿਲਣਾ ਕਠਨ ਹੁੰਦਾ ਹੈ ਅਤੇ ਉਹ ਗੁਰੂ ਉਸਤਾਦ ਕਹਿਲਾਉਣ ਦਾ ਹਕਦਾਰ ਹੋ ਸਕਦਾ ਹੈ, ਜਿਹੜਾ ਆਪਣੇ ਸ਼ਿਸ਼ ਚੇਲੇ ਸ਼ਾਗਿਰਦ ਦੇ ਦਿਲ ਵਿਚੋਂ ਭਰਮ-ਵਹਿਮ ਦਾ ਕੰਡਾ ਉਖਾੜ ਦੇਵੇ ਅਤੇ ਗੁਰਬਾਣੀ ਵਿਚ ਭੈੜੇ ਗੁਰੂ ਨੂੰ ਨਿੰਦਿਆ ਹੈ, ਜੈਸੇ :

ਮਾਏ ਮੁੰਡੋ ਤਿਸ ਗੁਰੂ ਕੀ ਯਾਤੇ ਭਰਮ ਨਾ ਜਾਏ ॥

ਭਾਵ : ਐਸੇ ਪਾਖੰਡੀ ਗੁਰੂ ਦੀ ਮਾਂ ਦਾ ਸਿਰ ਮੁੰਨ ਦੇਵੋ। ਸਿਰ ਮੁਨਣ ਤੋਂ ਭਾਵ ਹੈ ਕਿ ਰੰਡੀ ਹੋ ਜਾਣਾ। ਰੰਡ ਦਾ ਪੁਤਰ-ਧੀ ਪੈਦਾ ਨਹੀਂ ਹੋ ਸਕਦਾ।

ਗੁਰਵਾਕ ਹੈ :

ਜਨਨੀ ਜਣੈ ਤਾ ਭਗਤ ਜਨ ਕੈ ਦਾਤਾ ਕੈ ਸੂਰ ॥
ਨਹੀ ਤਾ ਜਨਨੀ ਬਾਝ ਰਹੁ ਕਾਹੇ ਗੰਵਾਵੈ ਨੂਰ ॥ ਆਦਿ

ਸ੍ਰੀ ਗੁਰੂ ਰਾਮ ਸਿੰਘ ਜੀ ਵਿਚ ਵਹਿਮ-ਭਰਮ ਦੂਰ ਕਰਨ ਦੇ ਗੁਣ ਸਨ, ਤਦ ਹੀ ਉਹਨਾਂ ਰਸਾਤਲ ਜਾਂਦੀ ਭਾਰਤ ਦੀ ਗ਼ੈਰਤ (ਅਣਖ) ਨੂੰ ਆਜ਼ਾਦੀ ਦੀ ਕੂਕ-ਮਾਰ ਕਿਹਾ : ਓ ! ਗੁਲਾਮੀ ਦੀ ਨੀਂਦ ਵਿਚ ਐਸ਼ ਦੀਆਂ ਗੋਲੀਆਂ ਖਾ ਕੇ ਘੂਕ ਨੀਂਦ ਵਿਚ ਸੌਣ ਵਾਲਿਓ ਭਾਰਤੀਓ ਉਠੋ ! ਹੋਸ਼ ਵਿਚ ਆਓ !! ਤੂੰ ਅਜ ਕਲ ਰਾਜ-ਭਾਗ ਦਾ ਮਾਲਕ ਸੀ, ਕੋਹਿਨੂਰ ਹੀਰੇ ਜੈਸੇ ਕਰੋੜਾਂ ਬੰਦਿਆਂ ਦਾ ਪਾਲਣਹਾਰ ਸੀ, ਅਨੇਕਾਂ ਤੇਰੇ ਰਾਜ-ਭਾਗ ਦੇ ਦਰਬਾਰ ਵਿਚੋਂ ਭੁੱਖੇ-ਨੰਗਿਆਂ ਨੇ ਧਨ ਦੀਆਂ ਬਖ਼ਸ਼ਸ਼ਾਂ ਲੈ, ਨਿਰਧਨ (ਕੰਗਾਲ) ਧਨੀ ਹੁੰਦੇ ਸਨ ਤੇ ਤੂੰ ਅਜ ਦਰ-ਦਰ ਦਾ ਭਿਖਾਰੀ ਮੰਗਤਾ ਹੈ, ਸੁਕੇ ਟੁਕੜੇ ਨੂੰ ਤਰਸ ਰਿਹਾ ਹੈਂ ਤੇਰੀ ਆਨ-ਸ਼ਾਨ ਮਿੱਟੀ ਵਿਚ ਮਿਲੀ ਜਾ ਰਹੀ ਹੈ। ਹੁਣ ਤੂੰ ਪਾਸਾ ਪਰਤ, ਅੱਖਾਂ ਖੋਹਲ ਕੇ ਵੇਖ ! ਤੇਰੀ ਆਜ਼ਾਦੀ ਦਾ ਸੂਰਜ ਪੱਛਮ ਪਹਾੜੀ ਵਿਚ ਅਲੋਪ ਹੋ ਰਿਹਾ ਹੈ, ਆਦਿ।



Sri Satguru Jagjit Singh Ji Elibrary NamdhariElibrary@gmail.com

ਇਹ ਇਕ ਤਿੱਖੀ ਕੂਕ ਸੀ, ਜਿਹੜੀ ਭੈਣੀ ਦੇ ਰੇਤਲੇ ਟਿੱਬਿਆਂ ਵਿਚੋਂ ਜੁਆਲਾ-ਮੁਖੀ ਦੇ ਲਾਵੇ ਵਾਂਗੂੰ ਲਾਟ ਬਣ ਕੇ ਨਿਕਲੀ ਅਤੇ ਜਿਨ੍ਹਾਂ ਜਿਨ੍ਹਾਂ ਦੇ ਕੰਨਾਂ ਵਿਚ ਇਸ ਦੀ ਆਵਾਜ਼ ਪਈ, ਨੇਤ੍ਰ ਜਾਗੇ, ਕੰਨਾਂ ਦੇ ਪਰਦੇ ਖੁਲ੍ਹੇ, ਬਾਹਵਾਂ, ਲੱਤਾਂ, ਸਰੀਰ ਵਿਚ ਬਲ ਆ ਗਿਆ ਤੇ ਬੇਮੁਹਾਰੇ ਹੋਏ ਕਹਿ ਉਠੇ ਕਿ :

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥<br>
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥

ਅਤੇ

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥

(ਤੇ)

ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ ॥

ਲੋਕ ਕਹਿ ਉਠੇ—ਓਹ ਮਾਲਕਾ ਤੇਰੇ ਜੈਸੇ ਲਉਬਾਲੀ ਬਿਨਾਂ ਦੇਸ਼ ਸੁਵਾ ਸੀ, ਉਹ ਆਜ਼ਾਦੀ ਦੀ ਕੂਕ ਮਾਰਨ ਵਾਲਿਆ ਰਹਿਬਰਾ, ਰੱਬ ਦੇ ਸੁਨੇਹੇ ਦੇਣ ਵਾਲਿਆ ਪੈਗੰਬਰਾ ! ਗਫਲਤ ਦੀ ਨੀਂਦ ਦੇ ਅੰਧੇਰੇ ਵਿਚ ਜੋਤੀ ਪ੍ਰਕਾਸ਼ ਕਰਨ ਵਾਲਿਆਂ ਗੁਰੂਆਂ ! ਦਸ, ਕੀ ਕਰੀਏ ਜਿਥੇ ਜੀ ਚਾਹੇ ਲੈ ਚਲ ! ਜਿਸ ਭੱਠੀ ਝੋਕਣਾ ਝੋਕ ਦੇ ।

ਅਸੀਂ ਤੇਰੇ ਤੂੰ ਸਾਡਾ ਪੀਰ<br>
ਤੇ ਅਸੀਂ ਤੇਰੇ ਮੁਰੀਦ,<br>
ਤੂੰ ਗੁਰੂ ਤੇ ਅਸੀਂ ਤੇਰੇ ਚੇਲੇ,<br>
ਸਦਾ ਤੇਰੇ ਨਾਲ ਰਹੀਏ,<br>
ਨਾ ਕਦੇ ਹੋਈਏ ਇਕੇਲੇ ।

ਜਦ ਇਹ ਬੇਹਬਲਤਾ ਦੀ ਠੰਡੀ ਹੂਕ ਗੁਰੂ-ਪੀਰ ਨੇ ਸੁਣੀ ਤਾਂ ਕਹਿਣ ਲੱਗਾ, ਆਓ ਮੇਰੇ ਪਾਸ ਅਤੇ :

ਕਰ ਇਸਨਾਨ ਸਿਮਰ ਪ੍ਰਭੂ ਆਪਣਾ ਮਨ ਤਨ ਭਏ ਅਰੋਗਾ ॥

(ਸੋਰਠ ਮ: ੫)

ਸਿਰ ਪਾਣੀ ਪਾ ਗੁਰੂ ਦਾ ਹੁਕਮ ਮਨ :—

ਕਿਉਂ ਮੋਇਆਂ ਜੀਉਂਦਿਆਂ ਗਤਿ ਹੋਵੈ ਜੇ ਸਿਰ ਪਾਈਏ ਪਾਣੀ ॥

ਸਿੱਖਾਂ ਨੇ ਪਿਆਸੇ ਪਪੀਹੇ ਵਤ ਬੇਹਬਲ ਹੋਇਆਂ ਨੇ ਬਚਨ ਮੰਨਿਆਂ ਗੁਰੂ ਕਿਹਾ ਕੋਨ ਕਰ, ਪੰਜ ਵਾਰ ਇਕ ਕੰਨ ਤੇ ਪੰਜ ਵਾਰ ਦੂਜੇ ਕੰਨ ਨਾਮ ਦਿਤਾ—"ਵਾਹਿਗੁਰੂ" ਫਿਰ ਕੀ ਹੋਇਆ :



Sri Satguru Jagjit Singh Ji Elibrary NamdhariElibrary@gmail.com

ਮਨਹਿ ਪ੍ਰਗਾਸ ਭਯੋ ਭਰਮ ਨਾਸਿਓ ਮੰਤ੍ਰ ਦੀਓ ਗੁਰ ਕਾਨ ॥
(ਕਾਨੜਾ ਮ: ੪)

ਅਗਿਆਨ ਦੇ ਪਰਦੇ ਪਾਟੇ ਗਿਆਨ ਦਾ ਪ੍ਰਕਾਸ਼ ਹੋ ਗਿਆ। ਸੋਝੀ ਆ ਗਈ, ਗੁਲਾਮੀ ਦੀ ਫੱਟ ਵਗਾਹ ਮਾਰੀ ਤੇ ਘਰ ਘਰ ਹੋਕਾ ਦੇਣਾ ਆਰੰਭ ਕਰ ਦਿਤਾ; ਮਖਣ ਸ਼ਾਹ ਲੁਬਾਣੇ ਦੀ ਤਰ੍ਹਾਂ :

"ਗੁਰੂ ਲਾਧੋ ਰੇ ਗੁਰੂ ਲਾਧੋ ਰੇ।"

ਕਹਿ ਉਠੇ ਅਤੇ ਇਸ ਦਸਮੇਸ਼ ਜੀ ਦੇ ਮਹਾਂ ਵਾਕ ਨੂੰ ਯਾਦ ਕੀਤਾ :

ਧਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਯੁਧ ਬੀਚਾਰੈ ॥
ਦੇਹ ਅਨਿਤ ਨਾ ਨਿਤ ਰਹੈ ਜਸ ਨਾਵ ਚਾੜ੍ਹੇ ਭਵ ਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉਂ ਉਜਿਆਰੈ ॥
ਗਿਆਨਹਿ ਕੀ ਬਢਨੀ ਮਨੋ ਹਾਥ ਲੈ। ਕਾਤਰਤਾ ਕੁਤਵਾਰ ਬੁਹਾਰੈ ॥

ਭਾਵ : ਧੰਨ ਉਹ ਮਨੁਖ ਹੈ, ਜੋ ਮੁਖ ਦੁਆਰਾ ਨਾਮ ਜਪਦਾ ਹੈ ਤੇ ਚਿੱਤ (ਮਨ) ਅੰਦਰ ਧਰਮ ਯੁਧ ਦੀ ਭਾਵਨਾ ਰਖਦਾ ਹੈ ਅਤੇ ਦੇਹਿ ਸਰੀਰ ਨੂੰ ਨਾਸਵਾਨ ਸਮਝ ਪ੍ਰਉਪਕਾਰ ਕਰ ਨੇਕੀ ਕਰਦਾ ਸੰਸਾਰ ਸਾਗਰ ਵਿਚੋਂ ਤਰ ਜਾਂਦਾ ਹੈ। ਅਤੇ ਤਨ ਸਰੀਰ ਨੂੰ ਧੀਰਜ (ਖਿਮਾ) ਦਾ ਘਰ ਬਣਾ ਲੈਂਦਾ ਹੈ ਤੇ ਬੁਧਿ ਨੂੰ ਦੀਪਕ-ਵਤ (ਦੀਵੇ ਦੀ ਲਾਟ) ਵਾਂਗ ਪ੍ਰਕਾਸ਼ ਕਰਕੇ ਗਿਆਨ ਦੀ ਦਾਤਰੀ ਲੈ ਅੰਦਰੋਂ, ਭਰਮ, ਵਹਿਮ ਦਾ ਕੂੜਾ ਕਢ ਕੇ ਬਾਹਰ ਸੁਟ ਦੇਂਦਾ ਹੈ, ਤੇ ਇਸ ਵਿਚ ਦੇਸ਼ ਤੋਂ ਕੁਰਬਾਨ ਹੋਣ ਦੀ ਸ਼ਕਤੀ ਆ ਜਾਂਦੀ ਹੈ। ਫਿਰ ਸਿੱਖ ਸ਼ਰਧਾਲੂ ਇਉਂ ਕਹਿ ਉਠਦੇ ਹਨ :—

ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥
ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ ॥
(ਸਾਰੰਗ ਮਹਲਾ ੫)



Sri Satguru Jagjit Singh Ji Elibrary NamdhariElibrary@gmail.com

# ਭੂਮਿਕਾ

ਅੰਗਰੇਜ਼ ਰਾਜ ਸੀ, ਇਨ੍ਹਾਂ ਨੇ ਕੁਛ ਰਾਜ ਹਠ ਨਾਲ ਤੇ ਕੁਛ ਧਨ ਲਾਲਚ ਨਾਲ ਭਾਰਤ ਦੇ ਮੁਖੀਆਂ ਨੂੰ ਕਾਬੂ ਕਰ ਲਿਆ ਸੀ ਅਤੇ ਹਿੰਦੂ, ਸਿੱਖ, ਮੁਸਲਮਾਨਾਂ ਦੀ ਫੁਟ ਪਾੜੋ ਤੇ ਰਾਜ ਕਰੋ ਦੀ ਨੀਤੀ ਵਿਚ ਜਕੜ ਰਖਿਆ ਸੀ। ਗੁਰੂ ਰਾਮ ਸਿੰਘ ਜੀ ਦਾ ਵਧਦਾ ਇਕਬਾਲ ਸਹਿਣ ਨਾ ਕਰਦੇ ਹੋਏ ਅੰਗਰੇਜ਼ਾਂ ਨੇ ਨਾਮਧਾਰੀਆਂ ਵਿਰੁਧ ਸਿੰਘ ਸਭਾਵਾਂ ਕਾਇਮ ਕਰਕੇ ਪ੍ਰਚਾਰ ਕਰਨਾ ਅਰੰਭ ਕਰ ਦਿਤਾ ਅਤੇ ਨਾਮਧਾਰੀ ਪੰਥ ਨੂੰ ਬਾਗ਼ੀ ਕਰਾਰ ਦੇ ਕੇ ਗੁਰੂ ਰਮ ਸਿੰਘ ਨੂੰ ਜ਼ਿਲਾ ਵਤਨ ੧੮੭੨ ਵਿਚ ਕਰ ਦਿਤਾ, ਪਰ ਪੰਥ ਨਾਮਧਾਰੀ ਦੀ ਵਾਂਗ-ਡੋਰ ਗੁਰੂ ਹਰੀ ਸਿੰਘ ਜੀ ਨੇ ਸੰਭਾਲੀ। ਇਸ ਨੇ ਇਸ ਉੱਗਰਦੀ ਕੱਚੀ ਵੇਲ ਨੂੰ ਨਾਮ ਦਾ ਛੱਟਾ ਦੇ ਕੇ ਹਰੀ ਰਖਿਆ। ਇਨ੍ਹਾਂ ਬੜੀ ਚਤਰਾਈ ਨਾਲ ਪੰਥ ਨੂੰ ਕਈਆਂ ਅੰਗਰੇਜ਼ ਝੱਖੜਾਂ 'ਚੋਂ ਆਪਣੀ ਸਿਮਰਨ ਸਕਤੀ ਨਾਲ ਡੋਲਣ ਨਹੀਂ ਦਿਤਾ। ਅਤੇ ਰਾਜਨੀਤ ਚਾਲ ਨਾਲ ਨਾਮ-ਰੂਪੀ ਪਾਣੀ ਨਾਲ ਸਿੰਝ ਕੇ ਇਸ ਕਰੂਬਲ ਨੂੰ ਹਰੀ ਰਖਿਆ।

ਆਖਰ ਗੁਰੂ ਹਰੀ ਸਿੰਘ ਜੀ ਦੀ ਪਹਿਲੀ ਪਤਨੀ ਮਾਤਾ ਸਾਹਿਬ ਕੌਰ ਚੜ੍ਹਾਈ ਕਰ ਗਈ। ਤੇ ਦੂਬਾਰਾ ਇਹਨਾਂ ਦੀ ਸ਼ਾਦੀ ਪਿੰਡ ਥਿਰਾਜ ਤੋਂ ਬਾਬਾ ਖੁਸ਼ਾਲ ਸਿੰਘ ਜੀ ਦੀਆਂ ਦੋ ਧੀਆਂ ਸਨ। ਇਕ ਮਾਤਾ ਜੀਵਨ ਕੌਰ ਤੇ ਛੋਟੀ ਮਾਤਾ ਫਤਹਿ ਕੌਰ ਨਾਲ ਹੋ ਗਈ। ਮਾਤਾ ਜੀਉਣ ਕੌਰ ਦੀ ਕੁਖ ਤੋਂ ਸੰਮਤ ਬਿਕ੍ਰਮੀ ੧੯੪੬, ਦਿਨ ਐਤਵਾਰ ਸ਼ੁਭ ਦਿਨ ਸ਼ਗਨ ਮਹੂਰਤ ਨੂੰ ਗੁਰੂ ਪ੍ਰਤਾਪ ਸਿੰਘ ਜੀ ਨੇ ਅਵਤਾਰ ਲਿਆ ਅਤੇ ਛੋਟੀ ਮਾਤਾ ਫਤਹਿ ਕੌਰ ਤੋਂ ਸੰਮਤ ੧੯੪੫ ਵਿਚ ਮਹਾਰਾਜ ਜੰਗ ਸਿੰਘ ਜੀ ਨੇ ਭਾਗ ਲਾਏ। ਕਰਮਗੜ੍ਹ ਮਾਲਵੇ 'ਚ ਪਟਿਆਲਾ ਰਿਆਸਤ। ਗੁਰੂ ਪ੍ਰਤਾਪ ਸਿੰਘ ਜੀ ਨੇ ਭੈਣੀ ਸਾਹਿਬ, ਲੁਧਿਆਣਾ ਵਿਚ। ਹੋਰ ਵੇਰਵਾ ਇਸ ਪੁਸਤਕ ਦੇ ਅੰਦਰ ਪੜ੍ਹੋ।

ਮਹਾਰਾਜਾ ਜੰਗ ਸਿੰਘ ਜੀ ਦਾ ਲਾਲਨ ਪਾਲਨ ਕੋਟ ਧਰਮੂ ਵਿਖੇ ਬਾਬਾ ਬਿਸਨ ਸਿੰਘ ਜੀ ਦੇ ਘਰੋਂ ਬਾਬਾ ਗੁਰਦਿਤ ਸਿੰਘ ਜੀ ਦੀ ਨੂੰਹ ਸਾਹਿਬ ਕੌਰ ਨੇ ਕੀਤਾ ਅਤੇ ਭਰ ਜੁਆਨੀ ਦੀ ਉਮਰ ਦਾ ਕਾਫੀ ਹਿੱਸਾ ਰੁਪਾਣੇ (ਮੁਕਤਸਰ) ਪੰਜਾਬ ਵਿਖੇ ਬਾਬਾ ਬਿਕਰਮ ਸਿੰਘ ਜੀ ਦੇ ਘਰ ਮਾਤਾ ਖੇਮ ਕੌਰ ਜੀ ਪਾਸ ਰਹੇ। ਇਹਨਾਂ



Sri Satguru Jagjit Singh Ji Elibrary NamdhariElibrary@gmail.com

ਦੀਆਂ ਅਨੇਕ ਕਰਾਮਾਤਾਂ ਦੇ ਉਦਾਹਰਣ ਇਸ ਪੁਸਤਕ ਵਿਚ ਲਿਖੇ ਗਏ ਹਨ। ਇਹ ਸਾਰੀ ਉਮਰ (ਬਾਲਜਤੀ) ਰਹੇ, ਅਨੇਕਾਂ ਰਿੱਧੀਆਂ-ਸਿੱਧੀਆਂ ਦੇ ਮਾਲਕ ਹੋ ਗਏ। ਵਾਕ : ਸਿੱਧੀ ਜੋ ਮੂੰਹੋਂ ਕਹਿਣ ਪੂਰਾ ਹੋਵੇ। ਭਜਨ ਦੇ ਪ੍ਰਤਾਪ ਨਾਲ ਅੰਤ੍ਰਜਾਮਤਾ ਆ ਗਈ। ਜਿਥੇ ਪ੍ਰੇਮ ਨਾਲ ਕਿਸੇ ਸਿੱਖ, ਸੇਵਕ ਨੇ ਯਾਦ ਕੀਤਾ ਝੱਟ-ਪਟ ਉਸ ਕੋਲ ਅਪੜ ਕੇ ਉਸ ਦੀ ਕਾਮਨਾ ਪੂਰੀ ਕੀਤੀ।

ਭਾਰਤ, ਚੀਨ ਦੀ ਲੜਾਈ ਬੰਦ ਕਰਾਉਣ ਲਈ ਸੇਵਕਾਂ ਦੀ ਬੇਨਤੀ ਪ੍ਰਵਾਨ ਕਰ, ਦਿੱਲੀ ਵਿਖੇ ਹਮਨ ਕਰਕੇ ਅਰਦਾਸ ਕੀਤੀ ਅਤੇ ਪੰਡਤ ਜਵਾਹਰ ਲਾਲ ਜੀ ਨੂੰ ਮਿਲੇ ਲਲਕਾਰ ਕੇ ਆਖਿਆ—ਪੰਡਤ ਜੀ ਅਜ ਤੋਂ ਚੀਨ ਲੜਾਈ ਬੰਦ ਕਰ ਦੇਵੇਗਾ ਤੇ ਹੋਰ ਅਗੇ ਨਹੀਂ ਵਧੇਗਾ, ਜੇ ਵਧੇਗਾ ਤਾਂ ਅੰਨ੍ਹਾ ਹੋ ਜਾਏਗਾ। ਇਹ ਗੱਲ ਸੋਲ੍ਹਾਂ ਆਨੇ ਸੱਚੀ ਹੋਈ। ਚੀਨ ਨੇ ਲੜਾਈ ਬੰਦ ਕਰਨ ਦਾ ਐਲਾਨ ਕਰ ਦਿਤਾ। ਇਤਿਆਦਿ।

### ਸਾਧ ਬਚਨ ਅਟਲਾਧਾ

॥ ਰਹਾਉ ॥ ਨਿਸਿ ਬਾਸੁਰ ਨਖਿਆਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥
ਗਿਰਿ ਬਸੁਧਾ ਜਲ ਪਵਨ ਜਾਇਗੋ, ਇਕਿ ਸਾਧ ਬਚਨ ਅਟਲਾਧਾ ॥ ੧ ॥
ਅੰਡ ਬਿਨਾਸੀ ਜੇਰ ਬਿਨਾਸੀ, ਉਤਭੁਜ ਸੇਤ ਬਿਨਾਧਾ ॥
ਚਾਰ ਬਿਨਾਸੀ ਖਟਹਿ ਬਿਨਾਸੀ, ਇਕ ਸਾਧ ਬਚਨ ਨਿਹਚਲਾਧਾ ॥ ੨ ॥
ਰਾਜ ਬਿਨਾਸੀ ਤਾਮ ਬਿਨਾਸੀ, ਸਾਤ੍ਰਕ ਭੀ ਬੇਨਾਧਾ ॥
ਦ੍ਰਿਸਟਿ ਮਾਨ ਹੈ ਸਗਲ ਬਿਨਾਸੀ, ਇਕ ਸਾਧੁ ਬਚਨ ਆਗਾਧਾ ॥ 3 ॥
(ਸਾਰੰਗ ਮਹਲਾ ੫)

ਤਰੀਕ ੮-੭-੮੯

ਪੁਸ਼ਪ ਸਿੰਘ "ਕੰਵਲ"
ਓਮ ਵਿਹਾਰ, ਉਤਮ ਨਗਰ, ਦਿੱਲੀ-੫੯



Sri Satguru Jagjit Singh Ji Elibrary NamdhariElibrary@gmail.com

# ਮਹਾਰਾਜ ਜੰਗ ਸਿੰਘ ਜੀ ਦੇ ਡੇਰੇ ਕੋਟ ਧਰਮੂ ਵਿਚ ਯਾਦਗਾਰ ਸੇਵਾ

ਸ੍ਰੀ ਮਾਨ ਸੰਤ ਗਿਆਨ ਸਿੰਘ ਜੀ ਦੀ ਬਹੁਤ ਚਿਰ ਦੀ ਭਾਵਨਾ ਸੀ ਕਿ ਮਹਾਰਾਜ ਜੰਗ ਸਿੰਘ ਜੀ ਦਾ ਪੂਰਨ ਇਤਿਹਾਸ ਲਿਖਿਆ ਜਾਵੇ ਅਤੇ ਉਹਨਾਂ ਦੁਆਰਾ ਬਖਸ਼ੀਆਂ ਬਰਕਤਾਂ ਦਾ ਉਲੇਖ ਕੀਤਾ ਜਾਵੇ। ਸੰਤ ਗਿਆਨ ਸਿੰਘ ਜੀ ਮਹਾਰਾਜ ਜੰਗ ਸਿੰਘ ਜੀ ਦੇ ਅਨੰਨ ਸੇਵਕਾਂ ਚੋਂ ਇਕ ਹਨ। ਇਹਨਾਂ ਨੇ ਮਹਾਰਾਜ ਦੀ ਯਾਦ ਤਾਜ਼ਾ ਰਖਣ ਹਿੱਤ ਮਹਾਰਾਜ ਜੀ ਦੇ ਡੇਰੇ ਕੋਟ ਧਰਮੂ ਵਿਖੇ ਬਹੁਤ ਆਲੀਸ਼ਾਨ ਡਿਓੜੀ ਦਾ ਦਰਵਾਜ਼ਾ ਵਿਚ ਸੰਗ-ਮਰਮਰ ਲਾ ਕੇ ਤਿਆਰ ਕਰਵਾਇਆ ਹੈ। ਸੇਵਾ ਵਿਚ ਇਹਨਾਂ ਦੀ ਸੁਪਤਨੀ ਬੀਬੀ ਨਰੈਣ ਕੌਰ ਦਾ ਨਾਮ ਉਕਰਿਆ ਹੈ।

ਦੂਸਰਾ ਸੰਤ ਗਿਆਨ ਸਿੰਘ ਜੀ ਨੇ ਆਪਣੇ ਪਿਤਾ ਸੰਤ ਕੇਸਰ ਸਿੰਘ ਜੀ ਅਤੇ ਮਾਤਾ ਬਿਸ਼ਨ ਕੌਰ ਜੀ ਦੇ ਨਾਮ ਤੇ ਇਕ ਸੰਗਮਰ-ਮਰ ਦਾ ਬਹੁਤ ਵਡਾ ਗੇਟ ਤਿਆਰ ਕੀਤਾ।

ਡਿਊੜੀ ਦੀ ਦੂਜੀ ਮੰਜ਼ਲ ਦਾ ਜਿਸ ਦਾ ਵਿਸਥਾਰ ੨੬'×੨੫' ਹੈ। ਸੰਤ ਗਿਆਨ ਸਿੰਘ ਜੀ ਦੇ ਸਪੁਤਰ ਸੰਤ ਮੁਹਿੰਦਰ ਸਿੰਘ ਜੀ ਨੇ ਮੁਕੰਮਲ ਕੀਤਾ। ਇਸ ਤੇ ਕੇਸ਼ ਵੀਹ ਹਜ਼ਾਰ 20,000 ਰੁਪਿਆ ਦਿਤਾ। ਸਰੋਵਰ ਦੀ ਇਕ ਬਾਹੀ ਜਿਸ ਤੇ ਸਾਰਾ ਖਰਚਾ 6 ਹਜ਼ਾਰ ਅਨੁਮਾਨ ਹੈ। ਇਸ ਵਿਚ ੧੭੨੦ ਰੁਪਏ ਨਰੈਣ ਕੌਰ ਸੁਪਤਨੀ ਸਰਦਾਰ ਗਿਆਨ ਸਿੰਘ ਜੀ ਬਲੋਂਬਲੀ ਨੇ ਦੇ ਕੇ ਬਾਹੀ ਦੀ ਪੂਰਤੀ ਕੀਤੀ। ੫੦੦ ਰੁਪਏ ਸਰਦਾਰ ਕਰਤਾਰ ਸਿੰਘ ਜੀ ਬਲੋਂਬਲੀ ਨੇ ਤੇ ੧੩੦੦ ਰੁਪਏ ਸਾਧ ਸੰਗਤ ਵਲੋਂ ਅਤੇ ਬਾਕੀ ੨੫੦੦ ਰੁਪਏ ਸੁਵਰਣ ਸਿੰਘ ਜੀ ਰੋਬੀਆਂ ਨੇ ਦਿਤਾ।

ਸੰਤ ਗਿਆਨ ਸਿੰਘ ਜੀ ਨੇ ਆਪਣੇ ਸਪੁਤਰ ਸਰਦਾਰ ਜੀਊਣ ਸਿੰਘ ਦੀ ਸ਼ਾਦੀ ਦੀ ਖੁਸ਼ੀ ਵਿਚ, ਮਹਾਰਾਜ ਜੀ ਦੀ ਸੁਮਾਧ ਦੇ ਬਾਹਰਲੇ ਪਾਸੇ ਪੰਜਾ ਪਾਇਆ ਤੇ ੯੪ ਦਰਜਨ ਟਾਈਲਾਂ ਲਾ ਕੇ ਸਾਰਾ ਖਰਚਾ ਸਰਦਾਰ ਗਿਆਨ ਜੀ ਨੇ ਕੀਤਾ। ਬਿਜਲੀ ਦਾ ਸਮਾਨ ਜੋ ਦਿੱਲੀ ਤੋਂ ਖਰੀਦ ਕਰਕੇ ਭੇਜਿਆ, ਉਹ ਸਾਰਾ ਖਰਚਾ



Sri Satguru Jagjit Singh Ji Elibrary NamdhariElibrary@gmail.com

ਸਰਦਾਰ ਗਿਆਨ ਜੀ ਨੇ ਕੀਤਾ। ਬਾਕੀ ਵੇਰਵਾ ਇਸ ਪੁਸਤਕ ਦੇ ਆਖਰੀ ਪੰਨਿਆਂ ਤੇ।

ਮਹਾਰਾਜਾ ਜੀ ਦੀ ਬਖਸ਼ਸ਼ ਨਾਲ ਘਰ ਵਿਚ ਦੁਧ, ਪੁਤਰ, ਧਨ, ਆਦਿ ਦੀ ਕਮੀ ਨਹੀਂ ਰਹੀ। ਇਸ ਨੇ ਜੋ ਵੀ ਕੰਮ ਕੀਤਾ, ਮਹਾਰਾਜ ਜੀ ਦੀ ਆਗਿਆ ਨਾਲ ਕੀਤਾ। ਹੁਣ ਭਾਵੇਂ ਮਹਾਰਾਜ ਜੀ ਦੇਹ ਕਰਕੇ ਅਲੋਪ ਹਨ, ਪਰੰਤੂ ਘਰ ਵਿਚ ਜਿਥੇ ਮਹਾਰਾਜ ਜੀ ਬਿਰਾਜਦੇ ਸਨ ਅਤੇ ਜਿਸ ਪਲੰਘ ਤੇ ਰਾਤ ਨੂੰ ਬਿਸਰਾਮ ਕਰਦੇ ਹੁੰਦੇ ਸਨ, ਉਹ ਉਸੇ ਤਰ੍ਹਾਂ ਹੀ ਸੰਭਾਲ ਕੇ ਰਖਿਆ ਹੋਇਆ ਹੈ ਅਤੇ ਉਸ ਦੀ ਪੂਰੀ ਭਾਵਨਾ ਨਾਲ ਆਦਰ-ਸਹਿਤ ਸੰਭਾਲ ਕੀਤੀ ਹੋਈ ਹੈ।

ਇਸ ਨੇ ਮਹਾਰਾਜ ਜੀ ਦੀਆਂ ਤਸਵੀਰਾਂ-ਫੋਟੋਆਂ ਸੰਖੇਪ ਸਾਖੀਆ ਦੇ ਟਰੈਕਟ ਛਪਵਾ ਕੇ ਸੰਗਤਾਂ ਨੂੰ ਮੁਫਤ ਭੇਟਾ ਕੀਤੇ ਹਨ। ਇਹ ਪਰਚਾਰ-ਰੁਚੀ ਕਾਇਮ ਰਖਣ ਲਈ ਅਤੇ ਮਹਾਰਾਜ ਜੀ ਦੀ ਕੀਰਤੀ ਨੂੰ ਉਜਾਗਰ ਕਰਨ ਹਿੱਤ ਇਹਨਾਂ ਸੱਤਰਾਂ ਦੇ ਲੇਖਕ ਨਾਲ ਸਲਾਹ-ਮਸ਼ਵਰਾ ਕੀਤਾ। ਦਾਸ ਨੇ ਬੇਨਤੀ ਪ੍ਰਵਾਨ ਕਰਕੇ, ਜੋ ਹੱਥ-ਲਿਖਤ ਸਾਖੀਆਂ ਮੈਨੂੰ ਦਿਤੀਆਂ, ਮੈਂ ਉਹਨਾਂ ਦਾ ਉਲਥਾ ਛੰਦਾਂ-ਬੰਦੀ ਵਿਚ ਕਰ ਦਿਤਾ। ਛੰਦਾਂ-ਬੰਦੀ ਦਾ ਲਾਭ ਪਾਠਕ ਨੂੰ ਇਹ ਹੁੰਦਾ ਹੈ ਕਿ ਇਸ ਦੀਆਂ ਉਦਾਹਰਣਾਂ ਦੇਣ ਲਈ, ਪ੍ਰਭਾਵ-ਸ਼ਾਲੀ ਸਮਝਿਆ ਜਾਂਦਾ ਹੈ। ਵਾਰਤਕ ਦਾ ਨਹੀਂ ਅਤੇ ਛੰਦਾਂ-ਬੰਦੀ ਜ਼ਬਾਨੀ ਯਾਦ ਕਰਨ ਵਿਚ ਸੌਖੀ ਹੁੰਦੀ ਹੈ ਤੇ ਇਸ ਦਾ ਪ੍ਰਭਾਓ ਬਹੁਤ ਹੁੰਦਾ ਹੈ। ਪੁਰਾਤਨ ਲਿਖਤਾਂ ਵੀ ਛੰਦਾਂ-ਬੰਦੀ ਵਿਚ ਮਿਲਦੀਆਂ ਹਨ। ਵਾਰਤਕ ਲਿਖਣ ਦਾ ਰਿਵਾਜ ਥੋੜ੍ਹੇ ਸਮੇਂ ਤੋਂ ਹੀ ਹੋਂਦ ਵਿਚ ਆਇਆ ਹੈ। ਨਵੇਂ ਜ਼ਮਾਨੇ ਦੇ ਕਵੀ ਅਜ ਕਲ ਜੋ ਕਵਿਤਾਵਾਂ ਲਿਖਦੇ ਹਨ ਉਹਨਾਂ ਦਾ ਪੁਰਾਤਨ ਕਵਿਤਾ ਛੰਦਾਂ-ਬੰਦੀ ਨਾਲੋਂ ਕਾਫੀ ਅੰਤਰ ਹੈ। ਭਾਵੇਂ ਜ਼ਮਾਨਾ ਬਦਲ ਗਿਆ ਹੈ। ਸਾਡੇ ਗੁਰੂਆਂ ਨੇ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਦਾ ਜੋ ਉਪਦੇਸ਼ ਲਿਖਿਆ ਹੈ, ਉਹ ਛੰਦਾਂ-ਬੰਦੀ ਵਿਚ ਹੈ। ਅਗਰ ਇਹੋ ਬਾਣੀ ਵਾਰਤਕ ਵਿਚ ਲਿਖੀ ਜਾਂਦੀ ਤਾਂ ਅਜ ਜੋ ਗੁਰੂ ਘਰ ਵਿਚ ਸੰਗੀਤ ਰੂਪੀ ਸਵਰਗ ਹੈ ਉਹ ਨਾ ਹੁੰਦਾ, ਉਹ ਖਤਮ ਹੋ ਜਾਂਦਾ। ਗੁਰੂ ਦਸਮੇਸ਼ ਜੀ ਨੇ ਦਸਮ ਗ੍ਰੰਥ ਦੀ ਸਮੱਗਰ ਬਾਣੀ ਨਿਰੋਲ ਸੰਸਕ੍ਰਿਤ ਪਿੰਗਲ ਅਨੁਸਾਰ ਉਚਾਰੀ ਹੈ। ਇਹਨਾਂ ਗੁਰੂ ਨਾਨਕ ਦੀਆਂ ਦਸ ਜੋਤਾਂ ਨੇ ਆਪਣੇ ਪੰਥ ਕੌਮ ਲਈ ਜਿਸ ਗੁਰਮਤ ਸਾਹਿਤ ਦੀ ਰਚਨਾ ਕੀਤੀ ਹੈ, ਉਹ ਸਾਰੇ ਭਾਰਤੀ ਸਿੱਖ ਜਗਤ ਲਈ ਉਤਮ ਅਤੇ ਵਿਸ਼ੇਸ਼ ਹੈ। ਇਸ ਨੂੰ ਸਮਝਣਾ ਸਾਡੇ ਲਈ ਕਠਨ ਇਸ ਕਰਕੇ ਹੋ ਗਿਆ ਹੈ ਕਿ ਅਸੀਂ ਗੈਰ-ਮੁਲਕੀ ਸਭਿਅਤਾ ਨੂੰ ਅਪਣਾ ਲਿਆ ਹੈ ਤੇ ਆਪਣੀ ਨੂੰ ਮਤ੍ਰੇਈ ਮਾਂ ਸਮਝ ਛਡਿਆ ਹੈ। ਗੁਰੂਆਂ ਨੇ ਸਾਨੂੰ ਦੇਣ ਲਈ ਉਚਕੋਟੀ ਦੇ ਸੰਗੀਤ ਅਤੇ ਕਾਵਿ ਦੀ ਰਚਨਾ ਦਿਤੀ, ਪਰੰਤੂ ਅਸੀਂ



Sri Satguru Jagjit Singh Ji Elibrary NamdhariElibrary@gmail.com

ਇਸ ਅਮੋਲਕ ਗਿਆਨ ਤੋਂ ਵਾਂਝੇ ਹੋ ਗਏ। ਕੇਵਲ ਧਨ ਦੀ ਕਮਾਈ ਦੇ ਲਾਲਚ ਬਸ ! ਅਤੇ ਜਿਹੜੀਆਂ ਸਾਡੀਆਂ ਧਾਰਮਕ ਸੰਸਥਾਵਾਂ ਹਨ, ਉਹਨਾਂ ਵਿਚ ਕੰਮ ਕਰਨ ਵਾਲੇ ਕੁਛ ਮੁਖੀ ਸਜਣ ਸੰਗੀਤ ਕਾਵਿ ਤੋਂ ਅਨਜਾਣ ਹਨ। ਇਸ ਲਈ ਇਹ ਅਮੋਲਕ ਦਾਤ ਜੋ ਗੁਰੂਆਂ ਨੇ ਸਾਨੂੰ ਦਿਤੀ ਸੀ, ਉਹ ਵੀ ਹਥੋਂ ਜਾਂਦੀ ਰਹੀ। ਕੁਝ ਅਗਿਆਨੀਆਂ ਸਜਣਾਂ ਨੇ ਵੈਦਿਕ ਧਰਮ ਨੂੰ ਨਿੰਦਿਆਂ, ਉਹ ਇਹ ਭੁਲ ਗਏ ਕਿ ਸਾਡੇ ਗੁਰੂਆਂ ਨੇ ਕੇਵਲ ਇਸ ਵੈਦਿਕ ਧਰਮ ਨੂੰ ਰਖਣ ਹਿੱਤ ਹੀ ਸਰਬੰਸ ਬਲੀਦਾਨ ਕੀਤੇ। ਕੌਮਾਂ ਵਿਚ ਫੁਟ ਦਾ ਕਾਰਨ ਇਸ ਲਈ ਬਣ ਗਿਆ ਕਿ ਜਦ ਸਿੱਖ ਹਿੰਦੂ ਦਾ ਸਵਾਲ ਖੜਾ ਕਰ ਦਿਤਾ, ਸਿੱਖ ਧਰਮ ਦੇ ਆਗੂਆਂ ਨੇ ਸੋਚ-ਵਿਚਾਰ ਤੋਂ ਕੰਮ ਨਹੀਂ ਲਿਆ, ਆਪਣੇ ਕੀਤੇ ਉਪਕਾਰ ਨੂੰ ਗੁਆ ਲਿਆ ਅਤੇ ਗੁਰੂਆਂ ਦੀ ਦੱਸੀ ਰਾਜਨੀਤੀ ਤੇ ਧਰਮ ਸਿਧਾਂਤ ਨੂੰ ਬਿਲਕੁਲ ਭੁਲਾ ਦਿਤਾ।

ਸੰਸਾਰ ਅਜ ਕਲ ਸਾਇੰਸ ਦੇ ਅਸੂਲਾਂ ਤੇ ਚਲ ਰਿਹਾ ਹੈ। ਇਸ ਨੂੰ ਸਮਝਣਾ ਅਕਲਮੰਦ ਆਦਮੀ ਦਾ ਕੰਮ ਹੈ। ਜੋ ਕੰਮ ਧੱਕੇ ਜ਼ੋਰ ਨਾਲ ਨਹੀਂ ਹੁੰਦਾ, ਉਹ ਕੰਮ ਅਕਲ-ਮੰਦੀ ਨਾਲ ਨਿੱਬੜ ਸਕਦਾ ਹੈ। ਜਿਵੇਂ ਵਿਦਵਾਨ ਮੰਨਦੇ ਹਨ, ਕਿ ਸ਼ੇਰਨੀ ਦਾ ਦੁੱਧ ਸੋਨੇ ਦੇ ਭਾਂਡੇ ਵਿਚ ਠਹਿਰ ਸਕਦਾ ਹੈ, ਇਸੇ ਤਰ੍ਹਾਂ ਅਕਲ ਵੀ ਸਵੱਛ ਹਿਰਦੇ ਵਿਚ ਹੀ ਨਿਵਾਸ ਕਰਦੀ ਹੈ। ਗੁਰਬਾਣੀ ਦਾ ਵਾਕਿਆ ਹੈ ਕਿ :

ਭਾਂਡਾ ਧੋਇ ਬੈਸ ਧੂਪ ਦੇਵਹੁ ਤਉ ਦੂਧੈ ਕਉ ਜਾਵਹੁ ॥

ਭਾਵ : ਅਕਲ, ਜੇ ਇਸ ਦੇ ਕੱਕੇ ਨੂੰ ਔਂਕੜ ( ੁ ) ਲਾ ਦੇਈਏ ਤਾਂ ਅਰਥ ਅਕਾਲ ਪੁਰਖ ਬਣ ਜਾਂਦਾ ਹੈ।

ਭਾਵ : ਕੁਲਾਂ ਤੋਂ ਰਹਿਤ। ਇਹ ਸਰਬ-ਸਾਂਝੀਵਾਲਤਾ ਦਾ ਨਮੂਨਾ ਹੈ, ਜਿਸ ਨੂੰ ਸਾਡੇ ਮਹਾਂ ਪੁਰਖ ਪ੍ਰਚਾਰਦੇ ਆਏ ਹਨ।

ਨੋਟ :— ਗੁਰਮੁਖੀ ਪੜ੍ਹੋ ਤੇ ਹੋਰਾਂ ਨੂੰ ਪੜ੍ਹਾਓ ਅਤੇ ਹਮੇਸ਼ਾਂ ਅੰਕ ੦ ੧ ੨ ੩ ੪ ੫ ੬ ੭ ੮ ੯ ਗੁਰਮੁਖੀ ਦੇ ਹੀ ਇਸਤੇਮਾਲ ਕਰੋ। ਏਹ ਗੁਰੂ ਨਾਨਕ ਦੇਵ ਜੀ ਦੀ ਮੁਬਾਰ ਬਿੰਦ ਰਚਨਾ ਹੈ ਇਸ ਨੂੰ ਪੜ੍ਹ ਕੇ ਗੁਰਮੁਖਤਾਈ ਆਉਂਦੀ ਹੈ।

ਹਮੇਸ਼ਾਂ ਗੁਰਮੁਖੀ ਲਿਖੋ।



Sri Satguru Jagjit Singh Ji Elibrary NamdhariElibrary@gmail.com

# ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

ਪ੍ਰੇਮ ਇਕ ਐਸੀ ਵਸਤੂ ਹੈ, ਜੋ ਟੁਟੇ-ਦਿਲਾ ਨੂੰ ਜੋੜਦਾ ਹੈ, ਜਿਸ ਨਾਲ ਕੌਮਾਂ ਵਿਚ ਏਕਤਾ ਪੈਦਾ ਹੁੰਦੀ ਹੈ, ਜਿਸ ਨਾਲ ਮਨੁਖਾਂ ਦੇ ਭੇਦ-ਭਾਵ ਮਿੱਟ ਜਾਂਦੇ ਹਨ। ਅਤੇ ਭਰਾਤਰੀ ਭਾਵ ਪੈਦਾ ਹੁੰਦਾ ਹੈ।

ਦੋ ਮਿੱਤਰ ਆਪਸ ਵਿਚ ਗਾਲਮ-ਗਾਲ੍ਹੀ ਹੁੰਦੇ ਹਨ ਤਾਂ ਕਿਸੇ ਨੂੰ ਕਰੋਧ ਨਹੀਂ ਆਉਂਦਾ। ਜੇ ਆਪਸ ਵਿਚ ਮੇਲ ਨਹੀਂ ਤਾਂ ਗਾਲ੍ਹੀ-ਗਲੋਚ ਨਾਲ ਖੂਨ ਹੋ ਜਾਂਦਾ ਹੈ। ਪ੍ਰੇਮ ਇਕ ਚਮਕਦਾ ਸਿਤਾਰਾ ਹੈ, ਜੋ ਸੰਸਾਰੀ ਬੰਦਿਆਂ ਨੂੰ ਅਕਾਸ਼ ਵਿਚ ਟਿਮ-ਟਿਮਾਂਦਾ ਹੋਇਆਂ ਵੀ ਖੁਸ਼ਨੁਮਾ ਬਣਾ ਦੇਂਦਾ ਹੈ। ਪ੍ਰੇਮ ਇਕ ਜਾਗਤੀ-ਜੋਤ ਹੈ, ਜੋ ਅੰਧੇਰੇ ਵਿਚ ਲੌਅ ਕਰ ਦੇਂਦੀ ਹੈ ਤੇ ਵਿਛੜਿਆਂ ਨੂੰ ਮਿਲਾ ਦੇਂਦੀ ਹੈ, ਪ੍ਰੇਮ ਅਕਾਲ ਪੁਰਖ ਹੈ, ਪ੍ਰੇਮ ਕੋਈ ਬਨਾਵਟੀ ਚੀਜ਼ ਨਹੀਂ। ਪ੍ਰੇਮ ਇਕ ਸੁਧਰਿਆ ਹੋਇਆ ਸਮਾਜ ਹੈ। ਪ੍ਰੇਮ ਰੂਹ ਦੀ ਇਕ ਖੁਰਾਕ ਹੈ, ਜੋ ਪ੍ਰਾਣੀ ਨੂੰ ਸਦਾ ਜ਼ਿੰਦਾ ਰਖਦਾ ਹੈ। ਪ੍ਰੇਮ ਇਕ ਐਸਾ ਅਮਲ (ਨਸ਼ਾ) ਹੈ, ਜਿਸ ਦੀ ਖੁਮਾਰੀ ਹਮੇਸ਼ਾਂ ਚੜ੍ਹੀ ਰਹਿੰਦੀ ਹੈ। ਪ੍ਰੇਮ ਹੀ ਇਕ ਸਵਰਗ ਦੇ ਲਗੇ ਹੋਏ ਜੰਦਰੇ ਨੂੰ ਖੋਲ੍ਹਦੀ ਹੈ, ਪ੍ਰੇਮ ਇਕ, ਪ੍ਰੇਮ ਦੀ ਗਲਵਕੜੀ ਹੈ, ਜੋ ਭਾਈ ਭਾਈ ਨੂੰ ਕਦੇ ਵੀ ਵਿਛੜਨ ਨਹੀਂ ਦੇਂਦੀ। ਪ੍ਰੇਮ ਇਕ ਕੌਮਾਂ ਦੀ ਜ਼ਿੰਦ-ਜਾਨ ਹੈ, ਜੋ ਆਪਣੇ ਦੇਸ਼ ਨੂੰ ਕਿਸੇ ਦਾ ਗੁਲਾਮ ਨਹੀਂ ਹੋਣ ਦੇਂਦਾ। ਪ੍ਰੇਮ ਇਕ ਸਵਾਂਤ-ਬੂੰਦ ਹੈ, ਜੋ ਮਨੁਖ ਦੇ ਸਵੱਛ-ਹਿਰਦੇ ਦੀ ਸਿੱਪੀ ਵਿਚ ਪੈ ਕੇ ਪਪੀਹੇ ਦੀ ਪਿਆਸ ਬੁਝਾ ਦੇਂਦੀ ਹੈ। ਪ੍ਰੇਮ ਇਕ ਮਿੱਠੀ ਕੋਇਲ ਦੀ ਆਵਾਜ ਹੈ, ਜੋ ਮਨੁੱਖ ਦੀ ਕੜਵਾਹਟ ਨੂੰ ਮਧੁਰ ਬਣਾਉਂਦੀ ਹੈ। ਪ੍ਰੇਮ ਇਕ ਇਨਸਾਨੀਅਤ ਦਾ ਖਜ਼ਾਨਾ ਹੈ, ਜੋ ਗੁਰੂ ਸਾਹਿਬ ਫੁਰਮਾਉਂਦੇ ਹਨ :

ਖਾਵੈ ਖਰਚੈ ਰਲ ਮਿਲ ਭਾਈ ਤੋਟ ਨਾ ਆਵੈ ਵਧਦੋ ਜਾਈ ॥

(ਕਬੀਰ ਜੀ)

ਕਦੇ ਵੀ ਮੁਕਦਾ ਨਹੀਂ। ਪ੍ਰੇਮ ਦੀ ਵਿਆਖਿਆ ਬੜੀ ਇਕ ਲੰਬੀ ਤੇ ਡੂੰਘੀ ਹੈ। ਇਸ ਦੀ ਥਾਹ ਨਹੀਂ ਪਾਈ ਜਾਂਦੀ।



Sri Satguru Jagjit Singh Ji Elibrary NamdhariElibrary@gmail.com

ਸਾਨੂੰ ਸੋਚਣਾ ਇਹ ਚਾਹੀਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਕੀ ਉਪਦੇਸ਼ ਦਿਤਾ ਹੈ :

ਸਭੇ ਸਾਝੀਵਾਲ ਸਦਾਇਨ ਕੋਇ ਨ ਦਿਸੈ ਬਾਹਿਰਾ ਜੀਉ ॥

ਅਗਰ ਅਸੀਂ ਇਹਨਾਂ ਗੁਰਵਾਕਾਂ ਤੇ ਚਲਾਂਗੇ ਤੇ ਹੋਰਨਾਂ ਨੂੰ ਚਲਣ ਦਾ ਮੌਕਾ ਦੇਵਾਂਗੇ ਤਾਂ

ਲੋਕ ਸੁਖੀ ਪ੍ਰਲੋਕ ਸੁਹੇਲੇ ਨਾਨਕ ਹਰਿ ਪ੍ਰਭੁ ਆਪਹਿ ਮੇਲੇ ॥

ਚਿੰਤਾ, ਝਗੜੇ, ਝਮੇਲੇ ਸਭ ਮਿਟ ਸਕਦੇ ਹਨ, ਇਹੋ ਗੁਰਬਾਣੀ ਦੇ ਵਿਚਾਰ ਹਨ ।

ਯਥਾ

**ਦਸਮੇਸ਼ ਜੀ ਦੀ ਰਚਨਾ ਹੈ :—**

ਕਹਾ ਭਯੋ ਜੋ ਦੋਊ ਲੋਚਨ ਮੂੰਦਕੈ
ਬੈਠ ਰਹਿਓ ਬਕ ਧਿਆਨ ਲਗਾਇਓ ॥
ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ ।
ਲੋਕ ਗਇਓ ਪਰਲੋਕ ਗਵਾਇਓ ॥
ਬਾਸੁ ਕੀਓ ਬਿਖਿਆਨ ਸੋਂ ਬੈਠ ਕੈ ।
ਐਸੇ ਹੀ ਐਸ ਸੁ ਬੈਸ ਬਤਾਇਓ ॥
ਸਾਚ ਕਹੋਂ ਸੁਨ ਲੇਹੁ ਸਭੈ ਜਿਨ
ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥
(ਅਕਾਲ ਉਸਤਤ)



Sri Satguru Jagjit Singh Ji Elibrary NamdhariElibrary@gmail.com

# ਪ੍ਰਸ਼ੰਸਾ

ਮੈਂ ਸ੍ਰੀ ਚੰਨਣ ਰਾਮ ਸਿੰਘ 'ਧੀਮਾਨ' ਜੀ ਐਮ. ਏ. ਬੀ. ਟੀ. ਦਾ ਧੰਨਵਾਦ ਕਰਦਾ ਹਾਂ ਕਿ ਜਿਹਨਾਂ ਨੇ ਮੇਰੀ ਲਿਖੀ ਜਾ ਰਹੀ ਪੁਸਤਕ 'ਜੀਵਨ ਚਰਿੱਤਰ ਮਹਾਰਾਜ ਜੰਗ ਸਿੰਘ ਜੀ ਦੀ ਉਪਮਾ' ਲਈ ਆਪਣੇ ਸ਼ੁਭ ਵਿਚਾਰ ਲਿਖ ਕੇ ਮੇਰਾ ਹੌਂਸਲਾ ਬੁਲੰਦ ਕੀਤਾ ਹੈ।

'ਕੰਵਲ'

ਸਾਨੂੰ ਮਿਲਿਆਂ ਨੂੰ ਕਾਫੀ ਸਮਾਂ ਬੀਤ ਚੁਕਾ ਸੀ ਤੇ ਮੈਂ ਆਗਰੇ ਤੋਂ ਹੋ ਕੇ ਵਾਪਸ ਦਿੱਲੀ ਆਪਣੇ ਰਿਸ਼ਤੇਦਾਰ, ਸ੍ਰੀ ਭੁਮਣ ਸਿੰਘ 'ਕੰਵਲ' ਜੀ ਨੂੰ ਮਿਲਣ ਓਮ ਵਿਹਾਰ ਆ ਗਿਆ, ਅਗੋਂ 'ਕੰਵਲ' ਜੀ ਆਪਣੇ ਨਿਤ ਕਰਮਾਨੁਸਾਰ ਕੁਝ ਲਿਖ ਰਹੇ ਹੁੰਦੇ ਹਨ। ਅਚਾਨਕ ਮੇਰੀ ਨਜ਼ਰ ਇਨ੍ਹਾਂ ਦੀ ਇਕ ਫਾਈਲ ਤੇ ਪਈ, ਜਿਸ ਤੇ ਲਿਖਿਆ ਸੀ— 'ਜੀਵਨ ਚਰਿੱਤਰ ਮਹਾਰਾਜ ਜੰਗ ਸਿੰਘ ਜੀ ਛੰਦਾ ਬੰਦੀ' ਮੈਂ ਹੈਰਾਨੀ ਨਾਲ ਫਾਈਲ ਪੜ੍ਹਣ ਲਗਾ। ਇਸ ਦੇ ਮੁਢਲੇ ਸ਼ਬਦ ਅਤੇ ਭੂਮਿਕਾ ਵਾਰਤਕ ਵਿਚ ਦਿਤੀ ਗਈ ਹੈ। ਅਤੇ ਹੋਰ ਸਾਖੀਆਂ ਅੰਦਰ ( ਮੋਜਜ਼ੇ ) ਵਾਕ ਸਿਠਣੀਆਂ ਆਦਿ ਛੰਦਾਬੰਦੀ ਕਬਿੱਤ, ਬੈਂਤ ਆਦਿ ਵਿਚ ਲਿਖੀਆਂ ਹਨ। ਇਸ ਵਿਚ ਜੋ ਹਮਨ ਕਰਨ ਦੀ ਤਰਤੀਬ ਲਿਖੀ ਗਈ ਹੈ, ਮੈਂ ਉਸ ਤੋਂ ਬੜਾ ਮੁਤਾਸਰ ਹੋਇਆ। ਜਿਸ ਵਿਚ ਵੇਦ ਮੰਤ੍ਰ ਦਰਸਾ ਕੇ, ਭਾਵਾਰਥ ਕੀਤਾ ਹੋਇਆ ਹੈ, ਕਿ ਹਮਨ ਕਰਨ ਨਾਲ ਕੀ ਲਾਭ ਹੁੰਦੇ ਹਨ। ਹੋਰ ਹਿਕਮਤ ਦੇ ਗ੍ਰੰਥਾਂ ਅਨੁਸਾਰ ਦੁੱਧ, ਘੀ, ਲੱਸੀ, ਮੱਖਣ ਆਦਿ ਦੇ ਗੁਣ ਦਸੇ ਗਏ ਹਨ। ਜੋ ਹਰੇਕ ਪ੍ਰਾਣੀ ਲਈ ਮੁਫੀਦ ਹੋ ਸਕਦੇ ਹਨ। ਰਾਜ ਨੀਤ ਟੋਟਕੇ ਬੜੇ ਸੁਜੱਚੇ ਢੰਗ ਨਾਲ ਚਿਤ੍ਰਿਤ ਕੀਤੇ ਗਏ ਹਨ, ਜਿਨ੍ਹਾਂ ਨੂੰ ਧਰਮ ਦਾ ਅੰਗ ਮੰਨਿਆ ਹੈ ਕਿ ਨੀਤੀ ਬਿਨਾਂ ਧਰਮ ਨਹੀਂ ਬਚ ਸਕਦਾ ਹੈ।

ਇਨ੍ਹਾਂ ਦੀ ਲਿਖਣ ਸ਼ੈਲੀ ਪੜ੍ਹਣ ਲਗਿਆਂ ਪ੍ਰਕਰਣ ਪੂਰਾ ਕਰਨ ਤੋਂ ਪੂਰਬ ਹਟਿਆ ਨਹੀਂ ਜਾਂਦਾ। ਕਾਵਿ ਦਾ ਇਨ੍ਹਾਂ ਨੂੰ ਵਿਸ਼ਾਲ ਗਿਆਨ ਹੈ। ਹਰੇਕ ਛੰਦ ਦੀ ਰਵਾਨੀ ਇਕ ਸਾਰ ਹਿਚਕਿਆਂ ਤੋਂ ਬਿਨਾਂ ਚਲਦੀ ਜਾਂਦੀ ਹੈ। ਇਹ ਗੁਣ ਸੁਲਝੇ ਕਵੀ ਦੇ ਹੀ ਹੋ ਸਕਦੇ ਹਨ। ਛੰਦਾਬੰਦੀ ਦੇ ਹੋਰ ਗੁਣ ਵੀ ਹੁੰਦੇ ਹਨ ਜੋ ਕਿ ਛੋਟੀ



Sri Satguru Jagjit Singh Ji Elibrary NamdhariElibrary@gmail com

ਰਸਨਾ 'ਚ ਬੈਠਦੀ ਹੈ ਅਤੇ ਇਸ ਦੇ ਉਦਾਹਰਣ ਪ੍ਰਭਾਵਸ਼ਾਲੀ ਹੁੰਦੇ ਹਨ। 'ਕੰਵਲ' ਜੀ ਦੀ ਵਾਰਤਕ ਰਵਾਨੀ ਵੀ ਵਿਚੋਂ ਟੁਟਦੀ ਨਹੀਂ ਅਤੇ ਸਾਦੀ ਬੋਲੀ ਹਰੇਕ ਦੀ ਸਮਝ ਵਿਚ ਆ ਜਾਣ ਵਾਲੀ ਹੈ। ਇਨ੍ਹਾਂ ਕੋਸ਼ਿਸ਼ ਕੀਤੀ ਹੈ ਕਿ ਔਖੇ ਸ਼ਬਦਾਂ ਦਾ ਪ੍ਰਯੋਗ ਨਾ ਕੀਤਾ ਜਾਵੇ। ਇਹ ਠੀਕ ਵੀ ਹੈ ਕਿ ਕਾਵਿ ਔਰ ਵਾਰਤਕ ਉਹ ਹੋਣੀ ਚਾਹੀਦੀ ਹੈ, ਜੋ ਹਰੇਕ ਪਾਠਕ ਨੂੰ ਸੌਖੀ ਸਮਝ ਵਿਚ ਆ ਸਕੇ, ਡਿਕਸ਼ਨਰੀ ਦਾ ਸਹਾਰਾ ਨਾ ਲੈਣਾ ਪਵੇ।

ਕੰਵਲ ਜੀ ਦੀਆਂ ਪਹਿਲੀਆ ਛਪੀਆਂ ਚਾਰ ਪੁਸਤਕਾਂ ਵੀ ਮੇਰੇ ਪਾਸ ਹਨ। ਇਕ ਵਿਚ ਗੁਰੂ ਗ੍ਰੰਥ ਜੀ ਵਿਚ ਲਿਖੀ ਗਈ ਭਗਤ ਬਾਣੀ ਦਾ ਨਿਰਣਾ ਕੀਤਾ ਹੈ। ਇਸ ਪੁਸਤਕ ਦਾ ਹੈਡਿੰਗ ਹੈ **ਗੁਰਬਾਣੀ ਅਤੇ ਭਗਤ ਬਾਣੀ ਦੇ ਸੂਖਸਮ ਭੇਦ ਦਾ ਵਿਵੇਚਨ**। ਇਸ ਪੁਸਤਕ ਦਾ ਮੁਖ ਬੰਦ ਸ੍ਰੀਮਾਨ ਡਾ: ਕਾਲਾ ਸਿੰਘ ਬੇਦੀ, ਜੋ ਮੰਨੇ ਪਰਮੰਨੇ ਵਿਦਵਾਨ ਹਨ, ਨੇ ਲਿਖਿਆ ਹੈ। ਇਸ ਲਈ ਇਹ ਪੁਸਤਕ ਖੋਜੀ ਸਜਣਾਂ ਲਈ ਅਤੀ ਲਾਭਕਾਰੀ ਸਿੱਧ ਹੋ ਸਕਦੀ ਹੈ।

ਦੂਸਰੀ ਪੁਸਤਕ **ਮਾਂ ਬਾਪ ਘਰ ਬੇਟੀ ਦੇ ਅਧਿਕਾਰ** ਵਾਲੀ ਹੈ। ਇਹ ਦੋ ਪੁਸਤਕਾਂ ਨਵੀਆਂ ਛਪੀਆਂ ਹਨ। ਗੁਰਬਾਣੀ ਦੀ ਪੁਸਤਕ ਵਿਚ ਜੋ ਭਗਤ ਬਾਣੀ ਦਾ ਨਿਰਣਾ ਕੀਤਾ ਹੈ ਉਹ ਭਗਤਾਂ ਦੀਆਂ ਬਾਹਰਲੀਆਂ ਬਾਣੀਆਂ ਨਾਲ ਮੇਲ ਕੇ ਇਹ ਸਿੱਧ ਕਰ ਵਿਖਾਇਆ ਹੈ, ਕਿ ਭਗਤ ਬਾਣੀ ਗੁਰੂ ਨਾਨਕ ਦੇਵ ਜੀ ਨੇ ਸ਼ੁਧ ਕਰ ਕੇ ਆਪਣੀ ਸ਼ੈਲੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ, ਰਾਗ, ਤਾਲਾਂ ਦੀ ਤਰਤੀਬ ਦੇ ਕੇ, ਆਪਣੇ ਸਮਾਨ ਦਰਜਾ ਦੇ ਦਿਤਾ ਹੈ, ਤਾਂਕਿ ਪੰਜਾਬ ਦੇ ਲੋਕ ਇਸ ਬਾਣੀ ਨੂੰ ਗੁਰੂਆਂ ਦੀ ਬਾਣੀ ਦੀ ਤਰ੍ਹਾਂ ਹੀ ਸਮਝ ਸਕਣ। ਖੋਜਕਾਰ ਨੇ ਪ੍ਰਮਾਣ ਰੂਪ ਵਿਚ ਕਾਫੀ ਮਸਾਲਾ ਇਕੱਠਾ ਕਰ ਕੇ ਇਸ ਦੇ ਰੂਪ ਦਾ ਨਿਖਾਰ ਕੀਤਾ ਹੈ ਤੇ ਇਸ ਨੂੰ ਪੰਜਾਬੀ ਰੂਪ ਦੇ ਕੇ ਗੁਰਮਤਿ ਸੰਗੀਤ ਨੂੰ ਗਾਇਕਾਂ ਲਈ ਵਿਸ਼ਾਲ ਗਿਆਨ ਬਖਸ਼ ਦਿਤਾ ਹੈ ਜਿਸ ਤੋਂ ਗੁਰੂਆਂ ਦੀ ਅਗਾਧ ਅਨੁਭਵ ਸ਼ਕਤੀ ਦਾ ਵੀ ਨਿਰੂਪਣ ਹੁੰਦਾ ਹੈ। ਇਸ ਵਿਚ ਕੰਵਲ ਜੀ ਨੇ ਹੋਰ ਕਈ ਵਾਧੇ ਕੀਤੇ ਹਨ ਜੈਸੇ ਰਾਗਾਂ ਦੀ ਬਣਤਰ, ਉਤਪਤਿ ਕਿਸ ਪ੍ਰਕਾਰ ਹੋਈ ਅਤੇ ਗੁਰਬਾਣੀ ਦੇ ਸ਼ਬਦ ਦਾ ਪਿੰਗਲ ਅਨੁਸਾਰ ਉਚਾਰਣ ਅਤੇ ਅਨੇਕਾਂ ਗੁੰਝਲਾਂ ਦੀ ਸਪਸ਼ਟਤਾ ਪ੍ਰਗਟ ਕੀਤੀ ਹੈ।

**ਮਾਂ ਬਾਪ ਘਰ ਬੇਟੀ ਦੇ ਅਧਿਕਾਰ** ਪੁਸਤਕ ਭਾਵੇਂ ਆਕਾਰ ਵਿਚ ਛੋਟੀ ਹੈ, ਪ੍ਰੰਤੂ ਖੋਜ ਭਰਪੂਰ ਹੈ, ਗੁਰਬਾਣੀ ਭਗਤ ਬਾਣੀ ਦੇ ਨਿਰਣੇ ਜੈਸੀ ਪੁਸਤਕ ਅਜ ਤਾਈਂ ਕਿਸੇ ਵਿਦਵਾਨ ਦੀ ਲਿਖੀ ਮੇਰੀ ਨਜ਼ਰ ਨਹੀਂ ਪਈ।

ਕੰਵਲ ਜੀ ਨੇ ਜੀਵਨ ਚਰਿੱਤਰ ਮਹਾਰਾਜ ਜੋਗ ਸਿੰਘ ਜੀ ਦਾ ਲਿਖ ਕੇ ਆਪਣੇ ਅਨੁਭਵ ਵਿਚ ਹੋਰ ਵਾਧਾ ਕੀਤਾ ਹੈ। ਮੈਂ ਸਮਝਦਾ ਹਾਂ, ਕਿ ਇਹੋ ਜਿਹੇ ਉਦਮ ਵਿਸ਼ੇਸ਼ਣ ਹੀ ਸੰਸਾਰ ਵਿਚ ਵਿਦਵਾਨ ਲੇਖਕਾਂ ਦਾ ਜੀਵਨ ਸਫਲ ਕਰ ਜਾਂਦੇ ਹਨ।



Sri Satguru Jagjit Singh Ji Elibrary NamdhariElibrary@gmail.com

ਮੈਂ ਕਾਮਨਾ ਕਰਦਾ ਹਾਂ, ਕਿ ਪ੍ਰਮਾਤਮਾ ਕੌਂਵਲ ਜੀ ਨੂੰ ਐਸੀਆਂ ਪੁਸਤਕਾਂ ਲਿਖਣ ਦਾ ਹਮੇਸ਼ਾਂ ਉਦਮ ਬਖਸ਼ਸ਼ ਕਰਦਾ ਰਹੇ। ਅੰਤ ਮੈਂ ਚਾਹੁੰਦਾ ਹਾਂ ਕਿ ਪਾਠਕ ਇਨ੍ਹਾਂ ਦੀ ਸੁਚੱਜੀ-ਖੋਜ ਭਰਪੂਰ ਮਹਾਂਪੁਰਖਾਂ ਦੀ ਲੇਖਣੀ ਤੋਂ ਲਾਭ ਉਠਾ ਕੇ ਆਪਣੇ ਗਿਆਨ ਵਿਚ ਹੋਰ ਵਾਧਾ ਕਰਨਗੇ ਕਿਉਂਕਿ ਇਹ ਪੰਜਾਬੀ ਸਾਹਿਤ ਵਿਚ ਚੋਰ ਵਾਧੇ ਦੀਆਂ ਲਿਖਤਾਂ ਹਨ।

ਪ੍ਰਸ਼ੰਸਕ
ਚੇਨਣ ਰਾਮ ਧੀਮਾਨ
ਐਮ. ਏ. ਬੀ. ਟੀ.
ਉਰਦੂ, ਹਿੰਦੀ, ਪੰਜਾਬੀ, ਅੰਗ੍ਰੇਜ਼ੀ, ਪੰਜਾਬ ( ਜਲੰਧਰ )

੧-੬-੯੦
ਦਿੱਲੀ-੫੯

---

**ਲਾਲਾ ਦੌਲਤ ਰਾਏ ਸਾਹਿਬੇ-ਕਮਾਲ 'ਚ ਲਿਖਦੇ ਹਨ :—**

ਜੇ ਗੁਰੂ ਗੋਬਿੰਦ ਸਿੰਘ ਜੀ ਵੀ ਆਪਣੇ ਪ੍ਰਚਾਰ ਦਾ ਮਾਧਿਅਮ ਸੰਸਕ੍ਰਿਤ ਭਾਸ਼ਾ ਨੂੰ ਬਣੌਂਦੇ ਤਾਂ ਓਹ ਉੱਕਾ ਹੀ ਕਾਮਯਾਬ ਨਾ ਹੁੰਦੇ। ਏਹ ਖਤਰਾ ਓਹਨਾਂ ਦੇ ਸਾਹਮਣੇ ਸੀ, ਜਦ ਕਿ ਸੰਸਕ੍ਰਿਤ ਜ਼ਬਾਨ ਬ੍ਰਾਹਮਣਾਂ ਦੇ ਕਬਜ਼ੇ ਵਿਚ ਸੀ, ਇਹਨਾਂ ਦਾ ਜਿਵੇਂ ਜੀ ਚਾਹੁੰਦਾ ਉਸ ਦੀ ਵਿਆਖਿਆ ਕਰਦੇ, ਚਾਹੁੰਦੇ ਤਾਂ ਜਨਮ ਤੋਂ ਪਹਿਲਾਂ ਹੀ ਇਸ ਦਾ ਗਲਾ ਘੋਟ ਦੇਂਦੇ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਧਰਮ ਉਪਦੇਸ਼ਾਂ ਨੂੰ ਪ੍ਰਚਾਰਨ ਲਈ ਆਪਣੀ ਮਾਂ-ਬੋਲੀ ਵਰਤੀ। ਓਹਨਾਂ ਦੇ ਬਚਨਾਂ ਤੋਂ ਪਤਾ ਲਗਦਾ ਹੈ ਕਿ ਓਹ ਆਪਣੇ ਉਪਦੇਸ਼ ਨੂੰ ਪ੍ਰਚਲਿਤ ਭਾਸ਼ਾ ਵਿਚ ਨਾ ਦੇਣਾ ਕੇਵਲ ਅਯੋਗ ਸਮਝਦੇ ਸਨ ਸਗੋਂ ਬਹੁਤ ਹਾਨੀਕਾਰਕ ਤੇ ਅਯੋਗ ਖਤਰਨਾਕ ਵੀ ਪ੍ਰਤੀਤ ਕਰਦੇ ਸਨ।

ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਕਾਮਲ ਹਕੀਮ ਸਨ। ਤੇ ਸਮੇਂ ਦੀ ਨਬਜ਼ ਨੂੰ ਚੰਗੀ ਤਰ੍ਹਾਂ ਪਹਿਚਾਨਦੇ ਸਨ। ਜਿਥੇ ਓਹਨਾਂ ਨੇ ਹਿੰਦੂਆਂ ਦੀ ਉਸ ਮਰਜ਼ ਦੀ ਪਹਿਚਾਨ ਕੀਤੀ, ਓਥੇ ਉਸ ਦਾ ਕਾਫੀ ਹੱਦ ਤਕ ਇਲਾਜ ਕਰ ਕੇ ਆਰੋਗ ਕਰ ਦਿਖਾਇਆ।

'ਕੌਵਲ'



Sri Satguru Jagjit Singh Ji Elibrary NamdhariElibrary@gmail.com

# ਦੋ ਸ਼ਬਦ

ਡਾ: ਚੰਨਣ ਸਿੰਘ ਜੀ 'ਚੰਨ' ਐਮ. ਏ. ਪੀ. ਐਚ. ਡੀ. ਮੇਰੇ ਸਪੁਤਰ ਹਰਜਿੰਦ ਸਿੰਘ 'ਕੰਵਲ' ਦੇ ਮਿੱਤਰ ਹਨ ਅਤੇ ਇੰਗਲੈਂਡ ਵਿਚ ਕੋਵੈਂਟਰੀ ਵਿਖੇ ਨਿਵਾਸ ਰਖਦੇ ਹਨ। ਚੰਨ ਜੀ ੧੯੯੧ ਅਗਸਤ ਵਿਚ ਭਾਰਤ ਆਏ ਕੁਝ ਦਿਨ ਮੇਰੇ ਪਾਸ ਟਿਕੇ ਸਨ। ਇਸ ਦੌਰਾਨ ਉਹਨਾਂ ਮੇਰੀ ਲਿਖੀ ਜਾ ਰਹੀ 'ਮਹਾਰਾਜ ਜੱਗ ਸਿੰਘ ਜੀ ਦਾ ਜੀਵਨ ਚਰਿੱਤਰ' ਦੀ ਫਾਈਲ ਪੜ੍ਹ ਕੇ ਖੁਸ਼ ਹੋ ਕਰ ਹੇਠ ਲਿਖੇ 'ਦੋ ਸ਼ਬਦ' ਸਾਦਰ ਕੀਤੇ ਇਸ ਲਈ ਮੈਂ ਇਨ੍ਹਾਂ ਦੀ ਇਸ ਉਦਾਰਤਾ ਦਾ ਧੰਨਵਾਦ ਕਰਦਾ ਹਾਂ।

'ਕੰਵਲ'

ਮੈਂ ਸ੍ਰੀ 'ਕੰਵਲ' ਸਾਹਿਬ ਜੀ ਵਲੋਂ ਲਿਖਿਆ ਜਾ ਰਿਹਾ 'ਜੀਵਨ ਚਰਿੱਤਰ ਮਹਾਰਾਜ ਜੱਗ ਜੀ ਦਾ' ਖਰੜਾ ਪੜ੍ਹਿਆ ਤੇ ਘੋਖਿਆ ਹੈ ਬੜਾ ਅਨੰਦ ਮਹਿਸੂਸ ਹੋਇਆ। ਇਸ ਦੀ ਭੂਮਿਕਾ ਅਤੇ ਅੰਦਰਲੀ ਸਾਖੀਆਂ ਦੀ ਬਣਤਰ, ਛੰਦਾਬੰਦੀ ਸੁੰਦਰ ਰੁਬਾਨੀ ਵਿਚ ਛੰਦਬੱਧ ਕੀਤੀ ਹੈ, ਉਹ ਬੜੀ ਸੁਆਦਲੀ ਤੇ ਗਿਆਨ ਭਰਪੂਰ ਹੈ ਅਤੇ ਜੋ ਕੰਵਲ ਜੀ ਨੇ ਹੋਮ ਕਰਨ ਦੀ ਬਿਧਿ ਤੇ ਹੋਮ ਕਰਨ ਦੇ ਬਿਧੀਵਤ ਫਾਈਦੇ ਦਰਸਾਏ ਹਨ ਉਹ ਉਪਮਾ ਯੋਗ ਹਨ ਤੇ ਇਨ੍ਹਾਂ ਨੂੰ ਜੋ ਕਾਵਿ ਰੰਗ ਦੇ ਕੇ ਸ਼ਿੰਗਾਰਿਆ ਗਿਆ ਹੈ, ਇਸ ਨਾਲ ਹੋਰ ਵੀ ਸੋਨੇ ਤੇ ਸੁਹਾਗੇ ਵਾਲੀ ਸ਼ਾਨ ਬਣ ਗਈ ਹੈ। ਖਾਸ ਕਰਕੇ ਵਿਦਵਾਨ 'ਕੰਵਲ' ਜੀ ਨੇ ਜੋ ਅਸਟਗ੍ਰਹੀ ਹੋਮ ਬਾਬਤ ਜਾਣਕਾਰੀ, ਵਾਰਤਕ ਅਤੇ ਕਵਿਤਾ ਵਿਚ ਦਰਸਾਈ ਹੈ ਉਹ ਬਹੁਤ ਹੀ ਸ਼ਲਾਘਾ ਯੋਗ ਮਿੱਥ ਹੈ। ਜਿਸ ਨਾਲ ਮਰਣ ਕਾਲ ਦੇ ਭੇਯ ਨੂੰ ਗੁਰਮਤਿ ਦੇ ਸਹਾਰੇ ਟਾਲੇ ਜਾਣ ਵਾਲੇ ਗੁਰਬਾਣੀ ਮੰਤਰ 'ਸ਼ਬਦਾਂ' ਨਾਲ ਸੁਖਮਈ ਜੀਵਨ ਹੋਣ ਨਾਲ ਗੁਰਮਤਿ ਦੀ ਵਡਿਆਈ ਦੀ ਝਲਕ ਸਪਸ਼ਟ ਭਾਸਦੀ ਹੈ। ਇਸ ਤੋਂ ਅਗੋਂ ਹਿਕਮਤ ਅਨੁਸਾਰ ਮਾਂ ਦੇ ਦੁੱਧ ਨਾਲ ਬੱਚਿਆਂ ਦੀ ਪਰਵਰਿਸ਼ ਤੇ ਫਾਇਦੇ ਪ੍ਰਗਟ ਕੀਤੇ ਗਏ ਅਨਮੋਲ ਤੱਥ ਹਨ। ਬੱਚਿਆਂ ਦੇ ਜੀਵਨ ਸੰਬੰਧੀ ਗੁਣਕਾਰੀ ਸਿਖਿਆ ਹੈ। ਇਸ ਲਈ ਮਹਾਪੁਰਖਾਂ ਦੇ ਬਚਨ ਅਤੇ ਉਹਨਾਂ ਦੇ ਕੀਤੇ ਚਮਤਕਾਰੀ ਕੰਮ ਜਗਤ ਲਈ ਚਾਨਣ ਮੀਨਾਰ ਹੁੰਦੇ ਹਨ।



Sri Satguru Jagjit Singh Ji Elibrary NamdhariElibrary@gmail.com

ਇਸ ਤੋਂ ਇਲਾਵਾ 'ਕੰਵਲ' ਜੀ ਦੀਆਂ ਨਵੀਆਂ ਛਪੀਆਂ ਦੋ ਕ੍ਰਿਤਾਂ ਮੇਰੇ ਪਾਸ ਹਨ। ਇਕ, **ਗੁਰਬਾਣੀ ਅਤੇ ਭਗਤ ਬਾਣੀ ਦੇ ਸੂਖਸਮ ਭੇਦ ਦਾ ਵਿਵੇਚਨ** ਤਥਾ ਖੋਜ ਕਿਰਣ ਨਾਮ ਦੀ ਹੈ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭਗਤ ਬਾਣੀ ਦਾ ਸ਼ਪਸ਼ਟ ਨਿਰਣਾ ਕੀਤਾ ਗਿਆ ਹੈ। ਦੂਸਰੀ, **ਮਾਂ ਬਾਪ ਘਰ ਬੇਟੀ ਦੇ ਅਧਿਕਾਰ** ਇਹ ਬੀ 'ਕੰਵਲ' ਜੀ ਨੇ ਧੀਆਂ ਬੱਚੀਆਂ ਲਈ ਗੁਰਮਤਿ ਅਨੁਸਾਰ ਭਰਪੂਰ ਸਿਖਿਆ ਦਿਤੀ ਹੈ। ਇਹ ਦੋਵੇਂ ਪੁਸਤਕਾਂ ਪੜ੍ਹਣ ਯੋਗ ਹਨ।

ਅੰਤ ਵਿਚ ਮੈਂ ਕੰਵਲ ਜੀ ਨੂੰ 'ਮਹਾਰਾਜ ਜੰਗ ਸਿੰਘ ਜੀ ਦਾ ਜੀਵਨ ਚਰਿੱਤਰ' ਲਿਖਣ ਦੀ ਵਧਾਈ ਦਿੰਦਾ ਹਾਂ ਅਤੇ ਪਾਠਕਾਂ ਨੂੰ ਪ੍ਰੇਰਨਾ ਦੇਂਦਾ ਹਾਂ ਕਿ ਵਿਦਵਾਨ ਦੀ ਘਾਲਣਾ ਨੂੰ ਪੜ੍ਹ ਕੇ ਹੀ ਉਸ ਦੀ ਹੌਂਸਲਾ ਅਫਜਾਈ ਕਰਨੀ ਬਣਦੀ ਹੈ ਇਹ ਕੰਵਲ ਜੀ ਦਾ ਪੰਜਾਬੀ ਵਿਚ ਅਗੇ ਵਧੂ ਕਦਮ ਹੈ।

ਕਿਉਂਕਿ ਪੰਜਾਬੀ ਗੁਰਮੁਖੀ ਅੱਖਰ ਸਾਨੂੰ ਗੁਰੂ ਨਾਨਕ ਦੇਵ ਜੀ ਤੋਂ ਵਿਰਸੇ ਵਿਚ ਮਿਲੇ ਹਨ। ਇਸ ਅਨੁਸਾਰ ਸਾਡਾ ਸਾਰਾ ਸਾਹਿੱਤ ਹੀ ਇਨ੍ਹਾਂ ਅੱਖਰਾਂ ਦਾ ਸ਼ਿੰਗਾਰ ਹੈ, ਜੋ ਸਾਡੇ ਸਾਰੇ ਗੁਰੂਆਂ ਨੇ ਇਸ ਗੁਰਮੁਖੀ ਲਿੱਪੀ ਨਾਲ ਹੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ ਹੈ।

ਦਸਮ ਗ੍ਰੰਥ ਜੀ ਦੀ ਰਚਨਾ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਗੁਰਮੁਖੀ ਅੱਖਰਾਂ ਨਾਲ ਕੀਤੀ ਹੈ, ਭਾਵੇਂ ਭਾਸ਼ਾ ਹਿੰਦੀ, ਫਾਰਸੀ, ਸੰਸਕ੍ਰਿਤ ਦਾ ਉਪਯੋਗ ਵੀ ਕੀਤਾ ਹੈ, ਤਾਂ ਤੇ ਸਾਨੂੰ ਵੀ ਚਾਹੀਦਾ ਹੈ ਕਿ ਅਸੀਂ ਆਪਣੀ ਰਚਨਾ ਦਾ ਸ਼ਿੰਗਾਰ ਇਸ ਗੁਰਮੁਖੀ ਲਿੱਪੀ ਨਾਲ ਸ਼ਿੰਗਾਰੀਏ ਤੇ ਹੋਰਾਂ ਨੂੰ ਪੰਜਾਬੀ ਗੁਰਮੁਖੀ ਪੜ੍ਹਨ ਦੀ ਪ੍ਰੇਰਨਾ ਕਰੀਏ। ਪੰਜਾਬੀ ਲੇਖਕ ਅਜ ਕਲ ਅੰਗ੍ਰੇਜ਼ੀ ਅੰਕਾਂ ਨਾਲ ਆਪਣਾ ਸਾਹਿੱਤ ਸੰਪੂਰਣ ਕਰਦੇ ਹਨ, ਪਰ ਅਸੀਂ ਏਹ ਗੁਰੂ ਨਾਨਕ ਦੇਵ ਜੀ ਦੀ ਤਿਆਰ ਕੀਤੀ ਲਿੱਪੀ ਅਤੇ ਅੰਕਾਂ ਨਾਲ ਘੋਰ ਅਨਿਆਏ ਕਰ ਰਹੇ ਹਾਂ।

ਡਾ: ਚੰਨਣ ਸਿੰਘ 'ਚੰਨ'
ਐਮ. ਏ. ਪੀ. ਐਚ. ਡੀ.

ਅਗਸਤ, ੧੯੯੧



Sri Satguru Jagjit Singh Ji Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥
( ਅੱਥ )

# ਜੀਵਨ ਚਰਿੱਤ੍ਰ ਮਹਾਰਾਜ ਜੰਗ ਸਿੰਘ ਜੀ

**ਬੰਦਨਾ :**

ਮਹਾਰਾਜ ਜੰਗ ਸਿੰਘ ਕੋ ਬਾਰ ਬਾਰ ਪ੍ਰਨਾਮ ॥
ਸ਼ੁਭ ਮਤਿ ਬਖਸ਼ੋ "ਕੰਵਲ" ਨੂੰ ਪੂਰਨ ਹੋਵੇ ਕਾਮ ॥

**ਮਹਾਰਾਜ ਜੀ ਦੇ ਆਗਮਨ ਦਾ ਕਾਰਣ**

**ਸਵੱਯਾ :**

ਤਾਰਨ ਸਿੱਖ ਉਧਾਰਨ ਸੰਤਨ । ਕਾਰਣ ਦੇਸ ਅਜ਼ਾਦ ਕਰਾਵਣ ॥
ਵੈਦਿਕ ਰਾਖਣ ਧਰਮ ਸੰਭਾਖਣ । ਗੁਰਮਤਿ ਥਾਪਣ ਪਾਪ ਟਰਾਵਣ ॥
ਨਾਮ ਜਪਾਵਣ ਹਮਨ ਕਰਾਵਣ । ਸ਼ਰਧਾ ਭਾਵਕ ਫੁਲ ਬਰਸਾਵਣ ॥
'ਕੰਵਲ' ਸਹਾਈ ਦੇਣ ਵਧਾਈ । ਚਰਨੀ ਲਾ ਮਨ ਕੋ ਹਰਖਾਵਣ ॥

**ਭਾਈ ਨੰਦ ਲਾਲ ਜੀ ਦੀ ਰੁਬਾਈ :**

ਦਰ ਦਹਰਕਿ ਮਰਦਾਨਿ ਖੁਦਾ ਆਮਦਹ ਅੰਦ ।
ਬਰ ਗੁਮ ਸ਼ੁਦਗਾਂ ਰਾਹੁਨੁਮਾ ਆਮਦਹ ਅੰਦ ।
ਗੋਯਾ ਅਗਰ ਈਂ ਚਸ਼ਮਿ ਤੋ ਮੁਸ਼ਤਾਕਿ ਖੁਦਾ ਅਸ੍ਤ ।
ਮਰਦਾਨਿ ਖੁਦਾ ਖੁਦਾਨੁਮਾ ਆਮਦਹ ਅੰਦ ।



Sri Satguru Jagjit Singh Ji Elibrary NamdhariElibrary@gmail.com

### ਮਹਾਰਾਜ ਜੀ ਦੀ ਉਪਮਾ ਕੋਰੜੇ ਛੰਦ ਵਿਚ

ਟੇਕ-ਧੰਨ ਮਹਾਰਾਜ ਤੂੰ ਬੜਾ ਬੇਅੰਤ ਜੀ !

ਓਟ ਤੇਰੀ ਤੱਕ "ਕੰਵਲ" ਕਲਮ ਚੱਕ ਲਈ ।
ਲਿਖਾਂ ਤੇਰਾ ਜੱਸ ਦਿਲ ਵਿਚ ਤੱਕ ਲਈ ।
ਭੇਦ ਨਹੀਂ ਪਾਇਆ ਕਿਸੇ ਆਦਿ ਅੰਤ ਜੀ ।।
ਧੰਨ ਮਹਾਰਾਜ ਤੂੰ ਬੜਾ ਬੇਅੰਤ ਜੀ... ... ...

ਆਇਆ ਜੱਗ ਵਿਚ ਪਾਪੀਆਂ ਦੇ ਤਾਰਨੇ ।
ਦੁਸ਼ਟਾਂ ਨੂੰ ਦੰਡ, ਸੰਤਾਂ ਨੂੰ ਉਬਾਰਨੇ ।
ਲੀਲ੍ਹਾ ਤੇਰੀ ਦਾ ਨਾ ਕਿਸੇ ਪਾਇਆ ਅੰਤ ਜੀ ।
ਧੰਨ ਮਹਾਰਾਜ ਤੂੰ... ... ...

ਜੋ ਆਇਆ ਤੇਰੇ ਦਰ ਤੇ ਸੁਆਲੀ ਬਣ ਕੇ ।
ਰੰਕੋ ਹੋ ਕੇ, ਗਿਆ ਉਹ ਰਾਜਾ ਬਣ ਕੇ ।
"ਕੰਵਲ" ਜਿਹਾ ਦਿੱਸੇ ਨਾ ਕੋਈ ਮਹੰਤ ਜੀ ।
ਧੰਨ ਮਹਾਰਾਜ ਤੂੰ... ... ...

ਮਾਲਵੇ ਦੇ ਵਿਚ ਅਵਤਾਰ ਧਾਰਿਆ ।
ਕੋਟ ਧਰਮੂ ਸਰੀਰ ਨੂੰ ਸੰਭਾਲਿਆ ।
ਕੌਤਕ ਦਿਖਾਏ ਏਥੇ ਤੂੰ ਬੇਅੰਤ ਜੀ ।
ਧੰਨ ਮਹਾਰਾਜ ਤੂੰ... ... ...

ਪੁਲਸ ਅੰਗਰੇਜ਼ੀ ਢੂੰਡਦੀ ਜੋ ਥੱਕ ਗਈ ।
ਪੁੱਛ ਪੁੱਛ ਲੋਕਾਂ ਤੋਂ ਬਥੇਰਾ ਅੱਕ ਗਈ ।
ਹੱਥ ਨਹੀਂ ਆਇਆ ਤੂੰ ਦਿਲਾਹੀ ਕੰਤ ਜੀ ।
ਧੰਨ ਮਹਾਰਾਜ ਤੂੰ... ... ...



Sri Satguru Jagjit Singh Ji Elibrary NamdhariElibrary@gmail.com

ਗੁਰੂ ਹਰੀ ਸਿੰਘ ਦੇ ਸਾਹਿਬਜ਼ਾਦਿਆਂ।
ਫਤਹਿ ਕੌਰ ਮਾਤਾ ਦੇ ਦੁਲਾਰੇ ਪਿਆਰਿਆਂ।
ਜਾਣਿਆ! ਨਾ ਕਿਸੇ ਤੇਰਾ ਭੇਦ ਅੰਤ ਜੀ।
ਧੰਨ ਮਹਾਰਾਜ ਤੂੰ... ... ...

ਧਰਮੂ ਦੇ ਕੋਟ ਸਾਹਿਬ ਕੌਰ ਪਾਲਿਆਂ,
ਗੋਦੀ ਚੁਕ ਬਿਸ਼ਨ ਸਿੰਘ ਸੀ ਖਿਡਾਲਿਆ।
ਜਾਣ ਲਿਆ ਇਨ੍ਹਾਂ ਸੱਚਾ ਭਗਵੰਤ ਜੀ।
ਧੰਨ ਮਹਾਰਾਜ ਤੂੰ... ... ...

ਗਿਆਨ ਸਿੰਘ ਬਲੋਂਵਾਲੀ ਸਿੱਖ ਹੋ ਗਿਆ।
ਜਨਮ-ਜਨਮਾਤਰਾ ਦੇ ਪਾਪ ਧੋ ਗਿਆ।
ਸੁੱਖੀ ਏਦਾਂ ਹੋਇਆ ਸਾਰਾ ਜੀਵ ਜੰਤ ਜੀ।
ਧੰਨ ਮਹਾਰਾਜ ਤੂੰ... ... ...

ਜਤੀ-ਸਤੀ, ਜੋਧਾ ਵੀਰ ਤੇਰਾ ਨਾਮ ਜੀ।
ਦੁੱਧ, ਪੁੱਤ ਦਾਨ ਦੇਣਾ ਤੇਰਾ ਕਾਮ ਜੀ।
ਭਾਲਿਆ ਨਾ ਮਿਲੇ 'ਕੰਵਲੋਂ' ਬਸੰਤ ਜੀ।
ਧੰਨ ਮਹਾਰਾਜ ਤੂੰ... ... ...

## ਧਰਤੀ ਦੀ ਪੁਕਾਰ

ਨੋਟ: ਧਰਤੀ ਕੋਈ ਐਸੀ ਵਸਤੂ ਨਹੀਂ, ਜੋ ਬੋਲ ਕੇ ਕੁਛ ਦਸ ਸਕੇ, ਇਹ ਦੁਖੀ ਲੋਕਾਂ ਦੀ ਆਵਾਜ਼ (ਪੁਕਾਰ) ਹੀ ਧਰਤੀ ਪੁਕਾਰ ਕਹੀ ਜਾਂਦੀ ਹੈ।

ਬੈਂਤ:

ਰੱਬਾਂ ਭੇਜ ਛੇਤੀ ਸਾਧੂ ਸੰਤ ਚੰਗਾ।
ਜੋ ਦੁਖਾਰਿਆਂ ਦੁਖ ਵੰਡਾਏ ਕੋਈ।



Sri Satguru Jagjit Singh Ji Elibrary NamdhariElibrary@gmail.com

ਧਰਮ ਕਰਮ ਸਾਰੇ ਏਥੇ ਨਸ਼ਟ ਹੋਏ।
ਅੰਮ੍ਰਿਤ-ਦ੍ਰਿਸ਼ਟ ਪਾ, ਫੇਰ ਜੀਵਾਏ ਕੋਈ।
ਕਰਤਾਰ ਪੁਰਖ, ਤੂੰ ਕਰਤਾ ਕੋਈ ਭੇਜ ਛੇਤੀ,
ਮਿੱਠੀ ਰਸਨਾ ਤੋਂ ਅੰਮ੍ਰਿਤ ਵਰਸਾਏ ਕੋਈ।
ਰੂਹਾਂ ਮੁਰਦੀਆਂ ਕਰੇ ਸੁਰਜੀਤ ਆ ਕੇ,
ਐਸੇ ਜਾਦੂ ਦੇ ਖੇਲ ਦਿਖਾਏ ਕੋਈ।
ਭੁੱਲੇ-ਭਟਕਿਆਂ ਨੂੰ ਰਾਹੇ ਪਾਓ ਪ੍ਰਭੂ ਜੀ।
ਡੰਕਾ ਸੱਤਿ ਨਗਾਰੇ ਤੇ ਲਾ ਆ ਕੇ।
ਅਰਜ਼ 'ਕੰਵਲ' ਦੀ ਮੰਨ ਕੇ ਖਾਲਕਾ ਜੀ।
ਖਲਕਤ ਆਪਣੀ ਲਈਂ ਬਚਾ ਆ ਕੇ।

**ਅਰਜ਼ ਮੰਨਜ਼ੂਰ ਹੋਈ**

ਭਾਰਤ ਮਾਂ ਦੀ ਬੇਨਤੀ ਸੁਣੀ ਪ੍ਰਭੂ ਜੀ,
ਵਿਸ਼ਨ ਪਿਆਂ ਸੁੱਤਾ ਝੱਟ ਜਾਗਿਆ ਸੀ।
ਸ਼ੇਸ਼ਨਾਗ ਜੇਹੀ ਕੂਲੀ ਸੇਜ ਤਜ ਕੇ,
ਫਤਹਿ ਕੌਰ ਮਾਤਾ ਦੀ ਗੋਦ ਵਿਚ ਆ ਗਿਆ ਸੀ।
ਬਾਲਕ-ਰੂਪ ਅਨੰਤ ਲੈ ਕੌਤਕਾਂ ਨੂੰ,
ਸਵਰਗੋਂ ਉਤਰ ਕੇ ਧਰਤ ਤੇ ਛਾ ਗਿਆ ਸੀ।
ਹੂਰਾਂ-ਪਰੀਆਂ ਨੇ ਫੁਲ ਵਰਸਾਏ ਅਰਸ਼ੋਂ,
ਇੰਦਰ ਝੜੀ ਲਾ ਮੇਘ ਵਰਸਾ ਗਿਆ ਸੀ।

ਸੁਕੇ 'ਕੰਵਲ' ਟਹਿਕੇ ਬਾਂਸ ਹਰੇ ਹੋਏ,
ਇੰਦਰ ਝੜੀ ਲਾ ਭਰ ਤਲਾਬ ਦਿਤੇ।
ਨਿਰਤਾਂ ਕੀਤੀਆਂ ਸੁਰਗਾਂ ਦੀਆਂ ਰਾਣੀਆਂ ਨੇ,
ਮਲਿਹਾਰ ਗੀਤ ਗੰਧਰਬਾਂ ਅਲਾਪ ਦਿਤੇ।



Sri Satguru Jagjit Singh Ji Elibrary NamdhariElibrary@gmail.com

### ਅੰਗਰੇਜ਼ ਰਾਜ ਦਾ ਹਾਲ :

ਹਿੰਦੁਸਤਾਨ ਤੇ ਰਾਜ ਅੰਗਰੇਜ਼ ਕਰਦਾ,
ਦਿੱਲੀ ਬੜਾ ਸੀ ਏਸ ਦਾ ਤਖਤ ਲੋਕੋ।
ਰਾਜੇ ਹਿੰਦ ਦੇ ਕਰ ਲਏ ਜ਼ੇਰ ਸਾਰੇ,
ਹੁਕਮਰਾਨ ਖ਼ਿਆਲ ਬਦ ਬਖਤ ਲੋਕੋ।
ਚਾਲ ਹਾਜਨੀਤੀ ਚੰਗੀ ਜਾਣਦਾ ਸੀ,
ਮਿੱਠਾ ਮੂੰਹ ਦਾ ਅੰਦਰੋਂ ਸਖਤ ਲੋਕੋ।
ਆਕੜਖਾਨਾਂ ਦੀ ਆਕੜ ਇਸ ਭੰਨ ਛੱਡੀ,
ਰਾਜ ਤਾਜ ਸਾਰੇ ਕੀਤੇ ਜ਼ਬਤ ਲੋਕੋ।

ਪੰਜਾਬ ਵਿਚ ਰਣਜੀਤ ਸਿੰਘ ਰਾਜ ਕਰਦਾ,
ਹਿੰਦੂ ਸਿੱਖ ਮੁਸਲਮ ਸੁਖੀ ਵਸਦੇ ਨੇ।
ਮਿਲਦੇ ਰਹਿਣ ਗਲਵਕੜੀ ਪਾ ਸਾਰੇ;
"ਕੰਵਲ" ਸਿਆਣੇ ਓਸ ਵੇਲੇ ਦੇ ਦਸਦੇ ਨੇ।
ਪੰਜਾਬ ਸੀਨੇ ਫਰੰਗੀਆਂ ਰੜਕਦਾ ਸੀ,
ਕਈ ਚਾਲਾਂ ਉਹ ਏਸ ਲਈ ਕੱਸਦੇ ਨੇ।
ਅੰਤ ਮੌਤ ਮਹਾਰਾਜ ਦੀ ਪਈ ਕੰਨੀ,
ਵਾਹੋ-ਦਾਹ ਟੋਡੀ ਆ ਕੇ ਧੱਸਦੇ ਨੇ।

ਦਾਉ-ਪੇਚ ਦੇ ਧਨੀ ਅੰਗਰੇਜ਼ ਮੰਨੇ,
ਇਹ ਗੱਲ ਸਾਰੇ ਲੋਕ ਜਾਣਦੇ ਸਨ।
ਖੋਹ ਲਿਆ ਸਿੱਖ ਰਾਜ ਫਰੰਗੀਆਂ ਨੇ,
ਅਕਲ ਆਪਣੀ ਤੇ ਮੌਜਾਂ ਮਾਣਦੇ ਸਨ।
ਹੁਣ ਰਾਜ ਸਾਰੇ ਭਾਰਤ ਵਿਚ ਹੋਇਆ,
ਕਈ ਹੋਰ ਚਾਲਾਂ ਮਨ ਵਿਚ ਛਾਣਦੇ ਸਨ।



Sri Satguru Jagjit Singh Ji Elibrary NamdhariElibrary@gmail.com

"ਕੰਵਲ" ਦਸ ਤੂੰ ਚਾਲ ਅੰਗਰੇਜ਼ ਵਾਲੀ;
ਇਹੋ ਜਾਲ ਤਰੀਕੇ ਕਿਸ ਤਾਣਦੇ ਸਨ।

**ਮਲਕਾ-ਵਿਕਟੋਰੀਆ ਦਾ ਹਾਲ :**

ਲੰਡਨ ਮਲਕਾ—ਵਿਕਟੋਰੀਆ ਰਾਜ ਕਰਦੀ,
ਹਿੰਦੁਸਤਾਨ ਪੇਟੇ ਪਾ ਕੇ ਖੁਸ਼ੀ ਹੋਈ।
ਚਿੜੀ ਸੋਨੇ ਦੀ ਓਸ ਦੇ ਹੱਥ ਆਈ,
ਕਰਕੇ ਸ਼ੁਕਰ ਖ਼ੁਦਾ ਦਾ ਖ਼ੁਸ਼ੀ ਹੋਈ।
ਭਰ ਭਰ ਵੰਡਦੀ ਥਾਲ ਮਠਿਆਈਆਂ ਦੇ,
ਮਾਨੋਂ ਰਾਜਕੁਮਾਰ ਦੀ ਖ਼ੁਸ਼ੀ ਹੋਈ।
"ਕੰਵਲ" ਖ਼ੁਸ਼ੀ ਵਿਚ ਫੁੱਲੀ ਸਮਾਂਵਦੀ ਨਾ,
ਪਾ ਰਾਜ ਚੱਕ੍ਰਵਰਤੀ ਖ਼ੁਸ਼ੀ ਹੋਈ।

**ਮਲਕਾ-ਰਾਣੀ ਨੂੰ ਸੁਪਨਾ ਆਉਣਾ**

ਫੂਲੀ ਸੇਜ ਉਤੇ ਮਲਕਾ ਪਈ ਸੁੱਤੀ,
ਮਨੁ ਇਕ ਵਿਚੋਂ ਉਡ ਬਾਹਰ ਹੋਇਆ।
ਮਾਈ ਬੁੱਢੀ ਦੀ ਪੀਂਘ ਦੇ ਲਏ ਝੂਟੇ,
ਸੁਪਨਾ ਓਸ ਦਾ ਮਾਨੋਂ ਸਾਕਾਰ ਹੋਇਆ।
ਲੱਗੀ ਦੇਸ਼ਾਂ—ਬਦੇਸ਼ਾਂ ਦੀ ਸੈਰ ਕਰਨੇ,
ਮਨ ਉਡਣ-ਖਟੋਲੇ ਸਵਾਰ ਹੋਇਆ।
ਤਖ਼ਤ ਇੰਦਰ ਦਾ ਮਾਨੋਂ ਸੰਭਾਲਿਆ ਸੀ,
'ਕੰਵਲ' ਪਰੀਆਂ ਦਾ ਚੋਰ ਬਰਦਾਰ ਹੋਇਆ।

ਇੰਦਰ ਜਾਲ ਵਾਂਗੂ ਸੁਪਨਾ ਹੋਰ ਆਇਆ,
ਤਾਜ ਰਾਣੀ ਦਾ ਸਿਰ ਤੋਂ ਢਹਿ ਪਿਆ ਈ।



Sri Satguru Jagjit Singh Ji Elibrary NamdhariElibrary@gmail.com

ਸਾਰਾ ਹਾਰ-ਸ਼ਿੰਗਾਰ ਤਰੋੜ ਰਾਣੀ,
ਲੀੜੇ ਫਾੜਦਾ ਕੋਲ ਕੋਈ ਬਹਿ ਗਿਆ ਈ।
ਰਾਣੀ ਵਾਂਗ ਫਕੀਰਨੀ ਭੀਖ ਮੰਗੇ,
ਮਨ ਦੁੱਖਾਂ ਕਲੇਸ਼ਾਂ ਵਿਚ ਪੈ ਗਿਆ ਈ।
ਉੱਠੀ ਤ੍ਰੱਭਕ ਕੇ ਸੇਜ਼ ਤੋਂ ਅੱਧੜਵੰਞੀ,
ਹਿਰਦਾ 'ਕੰਵਲ" ਦਾ ਕੱਢ ਕੋਈ ਲੈ ਗਿਆ ਈ।

**ਰਾਣੀ ਨੇ ਜੋਤਸ਼ੀ ਸੱਦੇ**

ਰਾਣੀ ਹਾਲੋਂ ਬੇਹਾਲ ਨਿਢਾਲ ਹੋਈ,
ਝੱਟ ਜੋਤਸ਼ੀਆਂ ਸੱਦਾ ਭੇਜਿਆ ਈ।
ਸੁਪਨਾ ਦੇਖਿਆ ਅਜ ਅਵੱਲੜਾ ਮੈਂ,
ਰਾਜ-ਭਾਗ ਮੇਰਾ ਉੱਜੜ ਚੱਲਿਆ ਈ।
ਕੋਈ ਦਸਦੇ ਲਾ ਨਜੂਮ ਮੈਨੂੰ;
ਸ਼ਾਹੀ ਤਖ਼ਤ ਮੇਰਾ ਕਿਸ ਮੱਲਿਆ ਈ।
ਰਹੂ ਰਾਜ ਮੇਰਾ ਕਿਤਨੀ ਦੇਰ ਭਾਰਤ,
ਖੋਹਣ ਲਈ ਕੇਹੜਾ ਰੱਬ ਘੱਲਿਆ ਈ।
ਮੈਂ ਦੇਊਂਗੀ ਬੜਾ ਇਨਾਮ ਉਸ ਨੂੰ,
ਜੋ ਦਸ ਦੇਵੇ ਛੁੱਪਿਆ ਰਾਜ ਮੈਨੂੰ।
ਪੂਜਾ ਕਰਾਂਗੀ "ਕੰਵਲ" ਗਲ ਹਾਰ ਪਾ ਕੇ,
ਗੋਲੀ ਰੱਖ ਲਵੇ ਸਦਾ ਪਾਸ ਮੈਨੂੰ।

**ਜੁਆਬ ਜੋਤਸ਼ੀਆਂ :**

ਤੇਰਾ ਹਿੰਦ ਵਿਚ ਰਾਜ ਨਹੀਂ ਸਦਾ ਰਹਿਣਾ,
ਰੱਬ ਭੇਜਿਆ ਇਕ ਅਵਤਾਰ ਜੋਗੀ।
ਕੁਛ ਦੇਰ ਉਹ ਰਹੂਗਾ ਗੁਪਤਖਾਨੇ;
ਤੇਰੀ ਨੀਤੀ ਨੂੰ ਦਏ ਉਖਾੜ ਜੋਗੀ।



Sri Satguru Jagjit Singh Ji Elibrary NamdhariElibrary@gmail.com

ਢੂੰਡ-ਭਾਲ ਤੋਂ ਵੀ ਕਿਤੇ ਮਿਲੇ ਨਾਹੀਂ,
ਐਸਾ ਕਰਾਮਾਤੀ ਚਮਤਕਾਰ ਜੋਗੀ।
ਜਦ ਤੀਕ ਰਾਜ ਤੇਰੇ ਨੂੰ ਉਹ ਪਲਟ ਨਾ ਦਏ,
ਤਦ ਤੀਕ ਦੇਊ ਨਾ ਉਹ ਦੀਦਾਰ ਜੋਗੀ।

**ਮਲਕਾਂ ਰਾਣੀ ਦਾ ਜੁਆਬ :**

ਸੁਣ ਕੇ ਰਾਣੀ ਨੂੰ ਹੋਸ਼ ਨਾ ਰਹੀ ਕਾਈ,
ਪਈ ਕੁਰਸੀ ਤੋਂ ਡਿਗ ਨਿਢਾਲ ਹੋਕੇ।
ਪਾਣੀ ਮੂੰਹ ਪਾਇਆਂ ਰਾਣੀ ਹੋਸ਼ ਪਕੜੀ,
ਬੋਲੀ ਗਰਜ ਕੇ ਅੱਖੀਆਂ ਲਾਲ ਹੋਕੇ।
ਐਸਾ ਕੌਣ ਤੇ ਕਿੱਥੇ ਉਹ ਪੈਦਾ ਹੋਇਆ,
ਮੈਂ ਤਾਂ ਮਿਲੂੰਗੀ ਓਸ ਦਾ ਕਾਲ ਹੋਕੇ।
ਖ਼ਤਮ ਕਰ ਦਿਊਂ ਓਸ ਦਾ ਤੁਖੱਮ ਮੁਢੋਂ,
ਅੰਧੇਰੀ ਵਾਂਗਰਾਂ ਧਰਤ ਭੁਚਾਲ ਹੋਕੇ।

**ਜੁਆਬ ਜੋਤਸ਼ੀਆਂ**

ਰਾਜ ਖੋਹਣ ਵਾਲਾ ਅਜੇ ਜੰਮਿਆ ਨਹੀਂ;
ਇਹੋ ਜੋਤਸ਼ੀਆਂ ਸਹੀ ਜੁਆਬ ਦਿਤਾ।
ਜ਼ਿਲਾ ਲੁਧਿਆਣਾ ਦੇਸ਼ ਮਾਲਵੇ ਦਾ,
ਭੈਣੀ ਨਾਮ ਗ੍ਰਾਮ ਅਲਾ ਦਿਤਾ।
ਹਰੀ ਸਿੰਘ ਪਿਤਾ; ਮਾਤਾ ਫਤਹਿ ਕੌਰਾਂ,
ਕੁੱਖੋਂ ਓਸ ਦਾ ਜਨਮ ਬਤਾ ਦਿਤਾ।
ਉਹੋ ਖੋਹੇਗਾ ਰਾਜ ਅੰਗਰੇਜ਼ ਪਾਸੋਂ,
"ਕੰਵਲ" ਸੱਚ ਤੈਨੂੰ ਏਹੋ ਸੁਣਾ ਦਿਤਾ।



Sri Satguru Jagjit Singh Ji Elibrary NamdhariElibrary@gmail.com

**ਰਾਣੀ ਦਾ ਬੇਹੋਸ਼ ਹੋ ਜਾਣਾ ਤੇ ਡਾਕਟਰਾਂ ਟੈਸਟ ਕਰਨੀ :**

ਰਾਣੀ ਸੁਣਦਿਆਂ ਸਾਰ ਮੰਦੇ ਹਾਲ ਹੋਈ,
ਸੁਧ ਰਹੀ ਨਾ ਹਾਲੋਂ ਬੇ-ਹਾਲ ਹੋਈ।
ਡਾਕਟਰ ਆਇ ਕੇ ਨਬਜ਼ ਟਟੋਲਦੇ ਨੇ;
ਮਰਜ਼ ਮਿਲੇ ਨਾ ਗੱਲ ਕਮਾਲ ਹੋਈ।
ਕਈ ਟੂਟੀਆਂ ਲਾ ਕੇ ਥੱਕ ਗਏ,
ਲਏ ਐਕਸਰੇ ਕਿਤੋਂ ਨਾ ਭਾਲ ਹੋਈ।
ਕਹਿਣ ਮਰਜ਼ ਦਾ ਪਤਾ ਨਹੀਂ ਲਗਦਾ ਏ,
ਗੱਲ ਅਚੰਭੇ ਦੀ "ਕੰਵਲ" ਦੇ ਨਾਲ ਹੋਈ।

**ਹੋਸ਼ ਆਈ ਤੇ ਪੰਜਾਬ ਲਾਟ ਨੂੰ ਹੁਕਮ ਭੇਜਣਾ :**

ਆਖਰ ਹੋਸ਼ ਦੇ ਵਿਚ ਜਾਂ ਆਈ ਰਾਣੀ,
ਹੁਕਮ ਭੇਜਿਆ ਲਾਟ ਪੰਜਾਬ ਤਾਈਂ।
ਕ੍ਰੋਧ ਕਹਰ ਦਾ ਅੱਖੀਆਂ ਲਾਲ ਹੋਈਆਂ,
ਮਾਨੋਂ ਫੂਕਦੀ ਠੰਢੜੇ ਆਬ ਤਾਈਂ।
ਕੱਢ ਲਵਾਂਗੀ ਓਹਨੂੰ ਪਤਾਲ ਵਿਚੋਂ,
ਜੇਹੜਾ ਧੱਕਦਾ ਮੈਨੂੰ ਅਜ਼ਾਬ ਤਾਈਂ।
ਮੇਰੇ ਰਾਜ ਨੂੰ ਸਾੜੇ ਜੋ ਨਾਲ ਤੀਲੀ,
'ਕੰਵਲ' ਝੁਲਸਦੂੰ ਓਸ ਤੇਜ਼ਾਬ ਤਾਈਂ।

ਮੈਨੂੰ ਜੋਤਸ਼ੀਆਂ ਦੱਸਿਆ ਅਜ ਏਥੇ,
ਭੈਣੀ ਕੂਕਿਆਂ ਦੀ ਵਿਚੋਂ ਜੰਮਣਾ ਜੇ।
ਪਹਿਰਾ ਲਾ ਦਿਓ ਸਖ਼ਤ ਦਰਬਾਰ ਉਤੇ,
ਓਹਨੂੰ ਚਾਰ-ਚੁਫੇਰਿਓਂ ਥੰਮਣਾ ਜੇ।



Sri Satguru Jagjit Singh Ji Elibrary NamdhariElibrary@gmail.com

ਬਾਲਕ ਜਨਮ ਤੇ ਪੂਰਾ ਧਿਆਨ ਰਖਣਾ,
ਟੁਕੜੇ ਨਾਲ ਤਲਵਾਰ ਕਰੰਮਣਾ ਜੇ।
ਅਖੇ. ਰਾਜ ਅੰਗਰੇਜ਼ ਤੋਂ ਖੋਹ ਲਏਗਾ,
ਦਿਲੋਂ ਕਢਣਾ 'ਕੰਵਲ' ਭਰੰਮਣਾ ਜੇ।

ਮੇਰੇ ਹੁਕਮ ਦੀ ਪਾਲਣਾ ਕਰੋ ਛੇਤੀ,
ਮੇਰੀ ਜਾਨ ਦੇਖੋ ਸੁੱਕੀ ਜਾਂਵਦੀ ਏ।
ਇਕ ਮਿੰਟ ਦੀ ਵੀ ਦੇਰ ਨਹੀਂ ਕਰਨੀ,
ਮੇਰਾ ਹੁਕਮ ਕਰੜਾ ਇਹ ਫੁਰਮਾਂਵਦੀ ਏ।
ਘਾਣੀ ਵਿਚ ਪੀੜਾਵਾਂਗੀ ਸਾਰਿਆਂ ਨੂੰ,
ਨਾਲ ਕਰੋਧ ਦੇ ਬੁੱਲ੍ਹ ਫਰਕਾਂਵਦੀ ਏ।
ਉੱਗਦੇ 'ਕੰਵਲ' ਨੂੰ ਦਿਉ ਉਖੇੜ ਪਹਿਲਾ,
ਫਿਰ ਸਰੋਵਰ ਦਾ ਤੁਖਮ ਮਿਟਾਂਵਦੀ ਏ।

**ਪੰਜਾਬ ਪੁਲਸ ਨੇ ਭੈਣੀ ਦੁਆਲੇ ਘੇਰਾ ਪਾਉਣਾ :**

ਹੁਕਮ ਲਾਟ ਕੀਤਾ ਪੁਲਸ ਆਪਣੀ ਨੂੰ,
ਘੇਰਾ ਭੈਣੀ ਦੁਆਲੇ ਆ ਘੱਤਿਆ ਈ।
ਫਤਹਿ ਕੌਰ ਨੂੰ ਅੰਦਰ ਨਜ਼ਰ-ਬੰਦ ਕੀਤਾ,
ਹਰੀ ਸਿੰਘ ਗੁਰੂ ਵੀ ਨਾਲ ਡੱਕਿਆ ਈ।
ਇਰਾਦਾ ਪੱਕਾ ਸਰਕਾਰ ਨੇ ਕਰ ਲਿਆ ਸੀ,
ਬਾਲਕ ਜੰਮਦੇ ਨੂੰ ਜਿਸ ਤੱਕਿਆ ਈ।
ਝਟ ਖਬਰ ਸਰਕਾਰ ਨੂੰ ਦੇ ਆ ਕੇ,
ਮੱਕੂ ਇਸ ਤਰ੍ਹਾਂ ਲਾਟ ਨੇ ਠੱਪਿਆ ਈ।

**ਕੁਦਰਤ ਦੀ ਖੇਡ ਬਾਰ ਕਵੀ :**

ਬੰਦਾ ਚਾਹੁੰਦਾ ਜੱਗ ਤੇ ਰਾਜ ਮੇਰਾ;
ਸਾਰੀ ਉਮਰ ਮੈਂ ਉਸ ਦਾ ਸੁਖ ਮਾਣਾਂ।



Sri Satguru Jagjit Singh Ji Elibrary NamdhariElibrary@gmail.com

ਮੇਰੇ ਹੁਕਮ ਤੋਂ ਬਿਨਾਂ ਨਾ ਪੱਤਾ ਝੂਲੇ,
ਨੌਕਰ ਚਾਕਰਾਂ ਨਾਲ ਸਦਾ ਸੁਖ ਮਾਣਾਂ।
ਸੇਵਾ ਕਰਨ ਅਪੱਛਰਾਂ ਆਣ ਹਰ ਦਮ,
ਛੱਤ੍ਰ-ਚੌਰ ਸਿਰ ਤੇ ਝੁੱਲੇ ਸੁਖ ਮਾਣਾਂ।
ਗਲ 'ਕੰਵਲ' ਦੇ ਹਾਰ ਹਮੇਸ਼ ਲਟਕਣ,
ਖ਼ੁਸ਼ਬੂ ਅੱਤ੍ਰ ਫੁਲੇਲ ਦੇ ਸੁਖ ਮਾਣਾਂ।

**ਮਾਤਾ ਜੀਆਂ ਦੇ ਪਿਤਾ ਖ਼ੁਸ਼ਾਲ ਸਿੰਘ ਦੇ ਬੀਮਾਰ ਹੋਣ ਦੀ ਚਿੱਠੀ ਆਉਣੀ :**

ਪਿਆਰੇ ਕੁਦਰਤ ਨੂੰ ਜੋ ਮਨਜ਼ੂਰ ਹੋਵੇ,
ਹੁੰਦਾ ਸੋਈ ਜੋ ਉਸ ਨੂੰ ਭਾਇਆ ਏ।
ਮਾਤਾ ਜੀਉਣ ਕੌਰ ਵੱਡੀ, ਫ਼ਤਹਿ ਕੌਰ ਛੋਟੀ
ਪਿਤਾ ਨਾਮ ਖ਼ੁਸ਼ਾਲ ਸਿੰਘ ਪਾਇਆ ਏ।
ਉਸ ਦੇ ਸਖਤ ਬੀਮਾਰ ਦੀ ਖ਼ਬਰ ਆਈ,
ਸਿੰਘ ਲੈ ਸੰਦੇਸੜਾ ਆਇਆ ਏ।
ਸਾਹਿਬ ਸਿੰਘ ਨੇ ਭੇਜਿਆ ਬੂਹੜ ਸਿੰਘ ਨੂੰ,
'ਕੰਵਲ' ਬੀਬੀਆਂ ਤਾਈਂ ਪੁਚਾਇਆ ਏ।

**ਚਿੱਠੀ 'ਚ ਲਿਖਿਆ ਸੀ :**

ਥੋੜੇ ਪਿਤਾ ਜੀ ਬਹੁਤ ਬੀਮਾਰ ਬੀਬੀ,
ਛੇਤੀ ਤੁਸਾਂ ਨੂੰ ਓਸ ਬੁਲਾਇਆ ਏ।
ਜੀਉਣ ਕੌਰ, ਫਤਹਿ ਕੌਰ ਨੂੰ ਨਾਲ ਲੈ ਕੇ;
ਛੇਤੀ ਆਵਣਾ ਸਿੰਘ ਸੁਣਾਇਆ ਏ।
ਮਾਈਆਂ ਕਿਹਾ ਮਰਜ਼ੀ ਸਾਰੀ ਗੁਰੂ ਜੀ ਦੀ,
ਰੁੱਕਾ ਉਹਨਾਂ ਦੇ ਅਗੇ ਧਰਾਇਆ ਏ।
ਜੀਉਣ ਕੌਰ ਨੂੰ ਝੱਟ ਤਿਆਰ ਕੀਤਾ,
ਖ਼ੁਸ਼ਾਲ ਸਿੰਘ ਲਈ ਦੁਸ਼ਾਲਾ ਮੰਗਵਾਇਆ ਏ।



Sri Satguru Jagjit Singh Ji Elibrary NamdhariElibrary@gmail.com

ਜੀਉਣ ਕੌਰ ਇਕੇਲੀ ਨੂੰ ਭੇਜ ਦਿਤਾ,
ਦਰਸ਼ਨ ਪਿਤਾ ਦਾ ਜਾਇ ਕੇ ਪਾਇਆ ਸੀ।
ਅੰਤ ਵੇਲੜੇ ਪਿਤਾ ਦਾ ਮੁਖ ਡਿੱਠਾ,
ਸ਼ੁਕਰ ਰੱਬ ਦਾ ਧੀਅ ਮਨਾਇਆ ਸੀ।
ਪਿਤਾ ਪੁੱਛਿਆ ਫਤਹਿ ਕੌਰ ਨਹੀਂ ਆਈ,
ਰੱਬ ਕੀ ਸੁਬੱਬ ਬਣਾਇਆ ਸੀ।
ਪਹਿਰਾ ਸਖ਼ਤ ਲਾਇਆ ਪੁਲਸ ਲਾਟ ਦੀ ਨੇ,
'ਕੰਵਲ' ਜਾਣੇ ਦਾ ਹੁਕਮ ਨਾ ਪਾਇਆ ਸੀ।

**ਗੁਰ ਵਾਕ-ਚਲੇ ਆਏ ਨਾਨਕਾ ਸਦੀਂ ਉਠੀ ਜਾਇ ॥**

ਖ਼ੁਸ਼ਾਲ ਸਿੰਘ ਬਾਬਾ ਸੁਰਗਵਾਸ ਹੋਇਆ,
ਸਫਲ ਸੰਸਾਰ ਦੀ ਯਾਤ੍ਰਾ ਕਰ ਗਿਆ ਉਹ।
ਭਾਣਾ ਮੰਨੋਂ ਅਕਾਲ ਨੂੰ ਯਾਦ ਰਖੋ,
ਸਾਰੇ ਪ੍ਵਾਰ ਨੂੰ ਇਹੋ ਸਮਝਾ ਗਿਆ ਉਹ।
ਗੁਰੂ ਘਰ ਦੇ ਨਾਲ ਸਦਾ ਪਿਆਰ ਰਖਣਾ,
ਸਿਮਰਨ ਕਰਨ ਲਈ ਨਾਮ ਸੁਣਾ ਗਿਆ ਉਹ।
ਗੁਰੂ ਰਾਮ ਸਿੰਘ ਦਾ ਰਹੇ ਨਾਮ ਉੱਚਾ,
ਪੂਰਾ ਗੁਰੂ ਹੈ; ਸੱਚ ਦਰਸਾ ਗਿਆ ਉਹ।

**ਵੇਰ ਸਿੰਘ ਬੇਨਤੀ ਪੱਤ੍ਰ ਲੈ ਕੇ ਭੈਣੀ ਸਾਹਿਬ ਪੁੱਜਾ:**

ਗੁਰੂ ਹਰੀ ਸਿੰਘ ਜੀ ਨੂੰ ਚਿੱਠੀ ਆ ਦਿਤੀ,
ਸਾਡੀ ਪਾਤਸ਼ਾਹ ਅਰਜ਼ ਕਬੂਲ ਹੋਵੇ।
ਸੰਗਤ ਕਰ ਅਰਜੋਈ ਪੁਕਾਰਦੀ ਏ,
ਬਖਸ਼ਣਹਾਰ ਤੁਸੀਂ, ਭਾਵੇਂ ਸਾਡੀ ਭੁੱਲ ਹੋਵੇ।
ਸੰਗਤ ਮਾਲਵੇ ਦੀ ਦਰਸ਼ਨ ਲੋਚਦੀ ਹੈ,
ਮਾਤਾ ਫਤਹਿ ਕੌਰ ਨਾਲ ਜ਼ਰੂਰ ਹੋਵੇ।



Sri Satguru Jagjit Singh Ji Elibrary NamdhariElibrary@gmail.com



ਏਹ ਫੋਟੋ ਸੰਮਤ ੧੯੫੯ ਵਿਚ ਸੰਤ ਗਿਆਨ ਸਿੰਘ ਜੀ ਬਲੋਂਵਾਲੀ ਦੇ ਘਰ ਵਿਖੇ ਬਤੌਰ ਯਾਦਗਾਰ ਲਈ ਗਈ ਹੈ।



ਖਬਿਓ ਸੱਜੇ : ਸੂਬਾ ਗੁਰਦਿਆਲ ਸਿੰਘ, ਡਾ. ਜੰਗ ਸਿੰਘ ਜੀ, ਸ੍ਰ. ਮਹਿੰਦਰ ਸਿੰਘ ਜੀ, ਜੱਥੇਦਾਰ ਗਿਆਨ ਸਿੰਘ ਸੁਹਾਗਾਂ ਵਾਲੇ ਬੀਬੀ ਗੁਰਦਿਆਲੋ (ਭੂਪਾਣੇ ਵਾਲੇ) ਮਸਤਾਨਾ ਗੁਰਦਿਆਲ ਸਿੰਘ (ਮਹੰਤ) ਸ੍ਰ. ਗਿਆਨ ਸਿੰਘ ਬਲੋਂਵਾਲੀ

Sri Satguru Jagjit Singh Ji Elibrary NamdhariElibrary@gmail.com



## ਮਾਤਾ ਜੀਵਨ ਕੌਰ ਤੇ ਮਾਤਾ ਫਤੇਹ ਕੌਰ

ਮਾਤਾ ਜੀਵਨ ਕੌਰ ਤੇ ਫਤੇਹ ਕੌਰ ਮਾਤਾ,
ਥਿਰਾਜ ਪਿੰਡ ਦਾ ਜਨਮ ਬਤਾਇਆ ਜੀ ।
ਖੁਸ਼ਾਲ ਸਿੰਘ ਪਿਤਾ ਭਾਗ ਭਰੀ ਮਾਤਾ,
ਜਨਮ ਏਸ ਦੀ ਕੋਖ ਤੋਂ ਪਾਇਆ ਜੀ ।
ਸੰਮਤ ਉਨੀ ਸੌ ਅਠਾਰਾਂ ਮਾਘ ਦੀ ਪੁਨਿਆ ਨੂੰ,
ਮਾਤਾ-ਪਿਤਾ ਘਰ ਨੂੰ ਭਾਗ ਲਾਇਆ ਜੀ ।
ਬਚਪਨ ਬੀਤ ਜੁਆਨੀ 'ਚ ਪੈਰ ਧਰਿਆ,
ਰੂਪ ਹੋਗਿਆ ਦੂਣ ਸੁਵਾਇਆ ਜੀ ।
ਮਾਤਾ ਪਿਤਾ ਨੂੰ ਰੋਜ ਖਿਆਲ ਔਂਦਾ,
ਪਰਾਏ ਘਰ ਦਾ ਧੀਆਂ ਸ਼ੰਗਾਰ ਹੁੰਦਾ ।
ਜੁਆਈ ਲੋੜਿਆ "ਕੰਵਲ" ਭੈਣੀ ਸਾਹਿਬ ਦੇ ਵਿਚ,
ਗੁਰੂ ਹਰੀ ਸਿੰਘ ਦਾ ਨਾਮ ਵੰਗਾਰ ਹੁੰਦਾ ॥
ਪੀ. ਐਸ. "ਕੰਵਲ"

ਬੜਾ ਮੇਲਾ ਬਾਬੇ ਅੰਤਮ ਸ਼ਾਂਤੀ ਲਈ,
ਦਰਸ ਆਪ ਦਾ ਓਥੇ ਜ਼ਰੂਰ ਹੋਵੇ।

**ਗੁਰੂ ਹਰੀ ਸਿੰਘ ਜੀ ਨੇ ਅਰਜ਼ ਮਨਜ਼ੂਰ ਕੀਤੀ :**

ਸਤਿਗੁਰੂ ਜੀ ਅਰਜ਼ ਮਨਜ਼ੂਰ ਕਰ ਲਈ,
ਬਚਨ ਕਰ ਲਿਆ ਦਰਸ ਦਿਖਾਵਣੇ ਦੀ।
ਅਰਜ਼ੀ ਲਿਖੀ ਅੰਗਰੇਜ਼ ਨੂੰ ਲੁਧਿਆਣੇ,
ਪੰਜਾਂ ਸਿੰਘਾਂ ਨੂੰ ਨਾਲ ਲਿਜਾਵਣੇ ਦੀ।
(ਮਾਤਾ) ਫਤਹਿ ਕੌਰ ਦਾ ਨਾਮ ਭੀ ਲਿਖ ਦਿਤਾ,
ਛੁੱਟੀ ਕੁਝ ਮਨਜ਼ੂਰ ਕਰਾਵਣੇ ਦੀ।
ਫਤਹਿ ਕੌਰ ਦੇ ਪਿਤਾ ਦਾ ਅੰਤ ਹੋਇਆ,
'ਕੰਵਲ' ਇੱਛਿਆ ਹੈ ਭੋਗ ਪਾਵਣੇ ਦੀ।

**ਲੁਧਿਆਣੇ ਕਚਹਿਰੀ ਅਰਜ਼ ਕੀਤੀ :**

ਸਿੰਘਾਂ ਨਾਲ ਸਤਿਗੁਰ ਦਫਤਰ ਵਿਚ ਵੜ ਗਏ,
ਟੋਪੀ ਲਾਹ ਅੰਗਰੇਜ਼ ਸਲਾਮ ਕੀਤਾ।
ਕੁਰਸੀ ਦੇ ਦਿਤੀ ਗੁਰਾਂ ਦੇ ਬੈਠਣੇ ਨੂੰ,
ਬਾਕੀ ਸਿੰਘਾਂ ਨੇ ਭੁੰਜੇ ਬਿਸਰਾਮ ਕੀਤਾ।
ਕੀ ਹੁਕਮ ਦਾਤਾ ਅਸਾਂ ਸੇਵਕਾਂ ਨੂੰ,
ਖਿਦਮਤਗਾਰ ਹਾਂ ਹੁਕਮ ਤੁਮਾਮ ਕੀਤਾ।
ਅਰਜ਼ੀ ਲਿਖੀ ਫੜਾ ਕੇ ਕਹਿਣ ਲਗੇ,
ਅਸਾਂ ਛੁੱਟੀ ਲਈ 'ਕੰਵਲ' ਇੰਤਜ਼ਾਮ ਕੀਤਾ।

ਅਰਜ਼ੀ ਪੜ੍ਹ ਅੰਗਰੇਜ਼ ਦੇ ਹਾਕਮਾਂ ਨੇ,
ਲਿਖ ਛੱਡਿਆ ਹੁਕਮ ਸੁਵਾਰ ਕੇ ਜੀ।



Sri Satguru Jagjit Singh Ji Elibrary NamdhariElibrary@gmail.com

ਮਹੀਨੇ ਡੇਢ ਦੀ ਕੀਤੀ ਮਨਜ਼ੂਰ ਛੁੱਟੀ,
ਛੇ ਸਿਪਾਹੀ ਤੇ ਇਕ ਠਾਣੇਦਾਰ ਕੇ ਜੀ।
ਹਵਾਲਦਾਰ ਵੀ ਸੱਤਵਾਂ ਨਾਲ ਮਿਲ ਕੇ,
ਜੱਥਾ ਅੱਠਾਂ ਦਾ ਬਣਿਆ ਪਹਿਰੇਦਾਰ ਕੇ ਜੀ।
ਠਾਣੇਦਾਰ ਨੂੰ 'ਕੰਵਲ' ਫੜਾ ਕਾਗਤ,
ਨਾਲ ਤੋਰਿਆ ਲਾ ਹਥਿਆਰ ਕੇ ਜੀ।

**ਬੀਬੀ ਹੁਕਮੀ ਨਾਲ ਗੁਰਮਤਾ :**

**ਹੁਕਮੀ ਕੌਣ ਸੀ ?**

ਸਿੰਘ ਰਾਮ ਗੁਰੂ ਨੇ ਸੂਬੇ ਬਾਈ ਥਾਪੇ,
ਇੱਕੀ ਪੁਰਖ ਤੇ ਬਾਈਮੀ ਨਾਰ ਭਾਈ।
ਸੂਬਾ ਬਾਈਮਾਂ ਸੀ ਹੁਕਮੀ ਨਾਮ ਉਸ ਦਾ,
ਇਹ ਬੜੀ ਸੀ ਚੱਤ੍ਰ ਹੁਸ਼ਿਆਰ ਭਾਈ।
ਰਾਜਨੀਤੀ ਦੇ ਵਿਚ ਨਿਪੁੰਨ ਹੈ ਸੀ,
ਜਿਸ ਨੂੰ ਸਮਝੇ ਨਾ ਚੱਤ੍ਰ ਗਵਾਰ ਭਾਈ।
ਮਹਾਰਾਜ ਜੰਗ ਸਿੰਘ ਜਨਮ ਜਦ ਧਾਰਿਆ ਸੀ,
ਨੀਤੀ ਰਹੀ ਇਸ ਦੀ ਬਰ-ਕਰਾਰ ਭਾਈ।

**ਹੁਕਮੀ ਦੇ ਮਾਤਾ-ਪਿਤਾ ਅਤੇ ਪਿੰਡ**

ਤਰਨ-ਤਾਰਨ ਦੇ ਕੋਲ ਪਿੰਡ ਵਰਿਆਹਾ ਵਸਦਾ,
ਜ਼ਿਲਾ ਅੰਮ੍ਰਿਤਸਰ ਸੁਹਾਂਵਦਾ ਸੀ।
ਪਿਤਾ ਰਤਨ ਸਿੰਘ ਮਾਤਾ ਭਾਗਵੰਤੀ,
ਜਨਮ ਇਸ ਦੀ ਕੁੱਖ ਤੋਂ ਆਂਵਦਾ ਸੀ।
ਖ਼ੁਸ਼ੀ ਹੋ ਇਸ ਦਾ ਹੁਕਮਾਂ ਨਾਮ ਧਰਿਆ,
ਗੁਰਬਾਣੀ ਵਿਚੋਂ ਵਾਕ ਆਂਵਦਾ ਸੀ।



Sri Satguru Jagjit Singh Ji Elibrary NamdhariElibrary@gmail.com

ਸਾਲ ਗਿਆਰਵੇਂ 'ਕੰਵਲ' ਸ਼ਾਦੀ ਕਰ ਦਿਤੀ,
ਘਰ ਸਹੁਰਿਆਂ ਦਿਹਨੂੰ ਨਾ ਭਾਂਵਦਾ ਸੀ।
ਚਿੱਤ ਏਸ ਦਾ ਗੁਰਮਤਿ ਦੇ ਵਿਚ ਰੁੱਝਾ,
ਸਿਮਰਣ ਚਲਦਾ ਸੀ ਅਠੇ ਪਹਿਰ ਭਾਈ।
'ਕੰਵਲ' ਰਹੀ ਖ਼ੁਵਾਹਸ਼ਨਾ ਗ੍ਰਹਿਸਤ ਅੰਦਰ,
ਐਸੀ ਨਾਮ ਦੀ ਵਹਿ ਗਈ ਲਹਿਰ ਭਾਈ।

**੨੦ ਸਾਲ ਦੀ ਉਮਰ ਵਿਚ ਭੈਣੀ ਸਾਹਿਬ ਆ ਗਈ ਸੀ :**

ਦਿਤੇ ਛੱਡ ਗ੍ਰਹਿਸਤ ਦੇ ਸੁਖ ਸਾਰੇ,
ਭੈਣੀ ਸਾਹਿਬ ਡੇਰਾ ਆਣ ਲਾਇਆ ਸੀ।
ਮਨ-ਚਿੱਤ ਲਾ ਕਰਦੀ ਸਾਧ ਸਿੱਖ ਸੇਵਾ,
ਧਰਮ ਆਪਣਾ ਓਸ ਬਣਾਇਆ ਸੀ।
ਸੰਗਤ-ਪੰਗਤ ਦਾ ਸਦਾ ਖਿਆਲ ਰੱਖੇ,
ਚਿੱਤ ਸੰਗਤ ਦਾ ਓਸ ਭਰਮਾਇਆ ਸੀ।
ਕਿਰਪਾ ਮੇਹਰ ਦੀ ਕਰੀ ਸਤਿਗੁਰੂ ਜੀ ਨੇ,
ਇਸ ਨੂੰ ਸੇਵਾ ਤੋਂ ਮੇਵਾ ਲੁਭਾਇਆ ਸੀ।



Sri Satguru Jagjit Singh Ji Elibrary NamdhariElibrary@gmail.com

ਤੇਰਾ ਉੱਚਾ ਆਦਰਸ਼ ਸਦਾ ਕਾਇਮ ਰਹੇ,
ਇਸ ਜਗ ਤੇ ਰੋਸ਼ਨ ਮੀਨਾਰ ਵਾਂਗੂ।
'ਕੰਵਲ' ਖਿੜਦਾ ਰਹੇ ਸੱਚੇ ਤਲਾਬ ਤੇਰੇ,
ਰਸ ਦੇਂਦਾ ਰਹੇ ਮਿੱਠੇ ਅਨਾਰ ਵਾਂਗੂ।

**ਗੁਰੂ ਹਰੀ ਸਿੰਘ ਜੀ ਨੇ ਸਿੰਘਾਂ ਨਾਲ ਗੁਰਮਤਾ ਕਰਨਾ :**

ਭੈਣੀ ਪਹੁੰਚ ਕੇ ਗੁਰੂ ਹਰੀ ਸਿੰਘ ਜੀ ਨੇ,
ਕੀਤਾ ਗੁਰਮਤਾ ਮਿਲ ਸਿੰਘਾਂ ਸਾਰਿਆਂ ਸੀ।
ਬੀਬੀ ਹੁਕਮੀ ਦੀ ਨਾਲ ਸਲਾਹ ਲੀਤੀ,
ਜਿਵੇਂ ਕਹੀ ਤਿਵੇਂ ਮੰਨੀ ਸਾਰਿਆਂ ਸੀ।
ਸਿੰਘ ਮਾਲਵੇ ਦੇ ਚੁਣੇ ਸੂਝ-ਬੂਝ ਵਾਲੇ,
ਨਾਲ ਚਾਹੀਦੇ ਅਕਲ ਠਿਕਾਣਿਆਂ ਸੀ।
(ਕਿਉਂਕਿ) ਨਿਰਗੁਣ ਧਾਰ ਕੇ ਆਪ ਸਰੀਰ ਆਉਣਾ,
ਸੁਣੀ 'ਕੰਵਲ' ਪੁਕਾਰ ਦੁਖਆਰਿਆਂ ਸੀ।
ਬੀਬੀ ਹੁਕਮੀ ਨੇ ਸਾਥ ਲਏ ਸਿੰਘ ਇਹੋ,

ਬਿਸਾਖਾ ਸਿੰਘ ਛੇਰ-ਪੁਰੀਆ ਦਸਤੂਰ ਵਾਲੇ।
ਬੱਗਾ ਸਿੰਘ ਤੇ ਕਾਹਨ ਸਿੰਘ ਦੋਨੋਂ,
ਭੂਮਾਂ ਬੰਦੀ ਰਿਆਸਤ ਸੰਗਰੂਰ ਵਾਲੇ।
ਰਿਆਸਤ ਨਾਭਾ ਦੇ ਸੂਬਾ ਸਿੰਘ ਧਰਮ ਸਿੰਘ ਜੀ,
ਨਾਲ ਲੈ ਲਏ ਹੁਕਮ ਹਜ਼ੂਰ ਵਾਲੇ।
ਸੈਦੋ ਪਿੰਡ ਵਾਲਾ ਹਰਨਾਮ ਸਿੰਘ ਵੀ ਸੀ,
'ਕੰਵਲ' ਉਹ ਜ਼ਿਲਾ ਫਿਰੋਜ਼ ਪੁਰ ਵਾਲੇ।



Sri Satguru Jagjit Singh Ji Elibrary NamdhariElibrary@gmail.com

ਹਰਦਿਤ ਸਿੰਘ ਸੁੰਦਰ ਸਿੰਘ ਭਾਈਕਾ ਸੀ,
ਬੜੀ ਮੰਡੀ ਤੋਂ ਰਿਆਸਤ ਸੰਗਰੂਰ ਦੇ ਨੇ।
ਮਾਈ ਸਰਖਾਨੇ ਦਾ ਸੀ ਹਰੀ ਸਿੰਘ ਸੂਰਾ,
ਰਿਆਸਤ ਪਟਿਆਲੇ ਗੁਰੂ ਹਜ਼ੂਰ ਦੇ ਨੇ।
ਕੋਟ ਧਰਮੂ ਦਾ ਸਿੰਘ ਗੁਰਦਿੱਤ ਭਾਈ,
ਉਹ ਭੀ ਰਿਆਸਤ ਪਟਿਆਲੇ ਸਰੂਰ ਦੇ ਨੇ।
ਮੋਹਤਬਰ ਜ਼ਾਣ ਕੇ 'ਕੰਵਲ' ਤਿਆਰ ਕਰ ਲਏ,
ਸਭੇ ਚਲ ਪਏ ਨਾਲ ਗਰੂਰ ਦੇ ਨੇ।
ਹੁਕਮੀ ਬਣੀ ਸੇਵਕ ਮਾਤਾ ਫਤਹਿ ਕੌਰ ਦੀ,

ਬੀਬੀ ਘੁੱਲੀ ਜਲ ਪਾਣੀ ਵਾਸਤੇ ਜੀ।
ਰਾਜਨੀਤੀ ਨੂੰ ਸਮਝਦੀ ਬੀਬੀ ਹੁਕਮੀ,
ਗੱਲ ਕਰੇ ਕੋਰੀ, ਨਾਲ ਆਸ਼ਤੇ ਜੀ।
ਝੱਟ ਗੁਰਾਂ ਨੇ ਰੱਥ ਤਿਆਰ ਕੀਤਾ;
'ਕੰਵਲ' ਮਾਈਆਂ ਲਿਜਾਣ ਦੇ ਵਾਸਤੇ ਜੀ।
ਇਕ ਊਂਠ ਤੇ ਲੱਦ ਸਮਾਨ ਦਿਤਾ,
ਘੀ, ਖੰਡ, ਆਟਾ, ਦਾਲ ਲੰਗਰ ਦੇ ਵਾਸਤੇ ਜੀ।

**ਗੁਰੂ ਹਰੀ ਸਿੰਘ ਜੀ ਨੇ ਹੁਕਮ ਕੀਤਾ :**

ਹੁਕਮ ਕੀਤਾ ਗੁਰੂ ਹਰੀ ਸਿੰਘ ਜੀ ਨੇ,
ਲੰਗਰ ਭਾਈ ਸਿੰਘ ਦੇ ਘਰਿ ਬਨਾਵਣਾ ਜੇ।
ਸਿੰਘਾਂ ਸਾਰਿਆਂ ਨੂੰ ਆਪਣੇ ਨਾਲ ਤੁਸੀਂ,
ਰੋਜ਼ ਏਥੇ ਹੀ ਲੰਗਰ ਛਕਾਵਣਾ ਜੇ।
ਵਿਚ ਹੋਰ ਕੁਛ ਸਿੰਘ ਗਰੀਬ ਹੁੰਦੇ,
ਕਿਸੇ ਉਨ੍ਹਾਂ ਨੂੰ ਨਹੀਂ ਸਿਤਾਵਣਾ ਜੇ।



Sri Satguru Jagjit Singh Ji Elibrary NamdhariElibrary@gmail.com

ਦੁਖ ਸਿੱਖ ਦਾ ਝੱਲਦਾ ਗੁਰੂ ਸਿਰ ਤੇ,
ਇਹ 'ਕੰਵਲ' ਨੂੰ ਆਖ ਸੁਨਾਵਣਾ ਜੇ।

**ਭੈਣੀ ਸਾਹਿਬ ਤੋਂ ਅਰਦਾਸ ਸੋਧ ਕੇ ਤੁਰਨਾ :**

ਚਰਨੀ ਗੁਰਾਂ ਦੀ ਨੂੰ ਨਮਸਕਾਰ ਕਰਕੇ,
ਮਾਈ ਭਾਈ ਸਾਰੇ ਚਾਲੇ ਪਾ ਗਏ ਜੀ।
ਪਹਿਲਾ ਜਾ ਪੜਾਂ ਸਿਆਹੜ ਕੀਤਾ,
ਸਿਦਕੀ ਲਾਲ ਸਿੰਘ ਦੇ ਘਰ ਆ ਗਏ ਜੀ।
ਦੂਜਾ ਕੀਤਾ ਪੜਾਂ ਸੀ ਚੱਕ ਵੱਢੇ,
ਬਾਬੇ ਕਾਹਨ ਸਿੰਘ ਦੁਆਰੇ ਸਜਾ ਗਏ ਜੀ।
ਤੀਜਾ ਕੀਤਾ ਪੜਾ ਕਰਮਗੜ ਦੇ ਵਿਚ;
ਸਿੰਘ ਸਰਦਾਰ ਦੇ ਬੂਹੇ ਸੁਹਾ ਗਏ ਜੀ।

**ਮਾਤਾ ਫਤਹਿ ਕੌਰ ਦਾ ਪਹਿਰਾਵਾ ਅਤੇ ਨਿਤ-ਕਰਮ**

ਅੰਮ੍ਰਿਤ ਵੇਲੇ ਤੇ ਉਠ ਇਸ਼ਨਾਨ ਕਰਕੇ,
ਪੰਜ ਬਾਣੀਆ ਦਾ ਪਾਠ ਅਲਾਵਦੇ ਸਨ।
ਸੁਾਸ ਸੁਾਸ ਮਾਲਾ ਫੜ ਕੇ ਭਜਨ ਕਰਦੇ,
ਚੋਲਾ ਖੱਦਰ ਦਾ ਲੰਬਾ ਉਹ ਪਾਂਵਦੇ ਸਨ।
ਲੱਗੀ ਰਹਿੰਦੀ ਅਕਾਲ ਦੇ ਨਾਲ ਬਿਰਤੀ,
ਸੇਵਾ ਸੰਗਤ ਦੀ ਹੱਥੀਂ ਕਮਾਂਵਦੇ ਸਨ।
ਆਏ-ਗਏ ਦਾ ਆਦਰ-ਸਤਿਕਾਰ ਕਰਦੇ,
ਹੱਥੀਂ ਆਪਣੀ ਭੋਜਨ ਛਕਾਂਵਦੇ ਸਨ।
ਸਿੱਖੀ ਸੇਵਕੀ ਦੇ ਵਿਚ ਮਾਣ ਵਧਿਆ,
ਭੁੱਖਾਂ ਦੂਰ ਗਰੀਬਾ ਦੀਆਂ ਕੀਤੀਆਂ ਨੇ।



Sri Satguru Jagjit Singh Ji Elibrary NamdhariElibrary@gmail.com

'ਕੰਵਲ' ਡਾਲੀਓਂ ਟੁੱਟੇ ਸਿੱਖ ਫੁੱਲ ਜੇਹੜੇ,
ਮੁੜ ਜੋੜਨੇ ਦੀਆਂ ਗੱਲਾਂ ਕੀਤੀਆਂ ਨੇ।

ਕੁਦਰਤ ਰੱਬ ਦੀ ਸੀ ਮਿਹਰਬਾਨ ਹੋਈ,
ਆਸ ਬੱਝ ਗਈ ਸੀ ਜੜ੍ਹ ਲਗਣੇ ਦੀ।
ਏਧਰ ਕੋਪ ਅੰਗਰੇਜ਼ ਦਾ ਚੜ੍ਹ ਰਿਹਾ ਸੀ,
ਰਹੀ ਵਾਹ ਨਾ ਕਿਤੇ ਨੂੰ ਭਜਣੇ ਦੀ।
ਫਤਹਿ ਕੌਰ ਦਾ ਪਿਤਾ ਸਵਰਗਵਾਸ ਹੋਇਆ,
ਬਹਾਨੀ ਮਿਲ ਗਈ ਭੋਗ ਤੇ ਸਜਣੇ ਦੀ।
ਮਿਲੀ ਆਗਿਆ ਬ੍ਰਿਟਿਸ਼ ਸਰਕਾਰ ਦੀ ਸੀ,
ਰਹੀ ਆਸ ਨਾਂ ਹੋਰ ਕੁਛ ਲਭਣੇ ਦੀ।
ਡੇਰਾ ਰਾਤ ਜਾ ਕੇ ਕਰਮਗੱੜ ਕੀਤਾ,
ਨੂਰ ਉਤਰ ਅਕਾਸ਼ ਤੋਂ ਆਇਆ ਸੀ।
ਅੱਧੀ ਰਾਤ ਉਪਰੰਤ 'ਕੰਵਲ' ਚੰਦ ਚੜ੍ਹਿਆ,
ਠੰਢੀ ਚਾਨਣੀ ਜੱਗ ਰੁਸ਼ਨਾਇਆ ਸੀ।

**ਕੁਦਰਤੀ ਖੇਡ ਹੋਈ :**

ਏਥੇ ਖੇਡ ਇਕ ਕੁਦਰਤੀ ਹੋਰ ਵਰਤੀ,
ਨੰਗਲ ਪਿੰਡ ਵਿਚੋਂ ਰਥ ਲੰਘ ਰਿਹਾ ਸੀ।
ਓਥੇ ਡਿੱਠੀ ਅਗੇ ਸੁੰਨ-ਮਸੁੰਨ ਭੂਮੀ,
ਖੂਹੀ ਦੇਖ ਸੰਗ ਸਾਰਾ ਓਥੇ ਥੰਮ ਗਿਆ ਸੀ।
ਬੀਬੀ ਹੁਕਮੀ ਨੇ ਆਖਿਆ ਸਿੰਘੋ ਠਹਿਰੋ,
ਹੌਲੇ ਜੰਗਲ ਮੈਦਾਨ ਸਭ ਨੇ ਮੰਨ ਲਿਆ ਸੀ।
ਜਲ ਵਰਤ ਲਾਂ ਗੇ ਸਾਰੇ ਇਸ ਖੂਹੀ ਉਤੋਂ,
ਹੋ ਸਵਾਧਾਨ 'ਕੰਵਲ' ਜੱਥਾ ਚਲ ਪਿਆ ਸੀ।



Sri Satguru Jagjit Singh Ji Elibrary NamdhariElibrary@gmail.com

**ਸਿਵਿਆਂ ਵਿਚ ਇਕੱਠ ਦੇਖ ਹੁਕਮੀ ਨੇ ਪੁਛਿਆ :**

ਸਿਵਿਆਂ ਵਿਚ ਸੀ ਕੁਛ ਇਕੱਠ ਹੋਇਆ,
ਬੀਬੀ ਹੁਕਮੀ ਨੇ ਪੁਛਿਆ ਭਾਈ ਵੀਰੋ।
ਕੌਣ ਮਰ ਗਿਆ ਤੇ ਕਿਸ ਨੂੰ ਦਫਨ ਕੀਤਾ;
ਇਕ ਸਿੱਖ ਨੇ ਗੱਲ ਬਿਤਾਈ ਵੀਰੋ।
ਇਸ ਸੇਠ ਦੇ ਪੋਤਰਾ ਜੰਮਿਆ ਸੀ;
ਮੌਤ ਪੰਜ ਵਜੇ ਸੁਬ੍ਹਾ ਸੁਣਾਈ ਵੀਰੋ।
ਨਾਹਰਾ ਆਹ ਦਾ ਮਾਰਿਆ ਹੁਕਮੀ ਬੀਬੀ,
ਭਾਣਾ ਮੰਨੋਂ ਅਕਾਲ ਦਾ ਭਾਈ ਵੀਰੋ।

**ਬੀਬੀ ਹੁਕਮੀ ਨੇ ਰਾਜਨੀਤੀ ਵਰਤਣੀ :**

ਹੁਕਮੀ ਬੜੀ ਹੁਸ਼ਿਆਰ ਸਮਝਦਾਰ ਬੀਬੀ,
ਛੇਤੀ ਵਕਤ ਨੂੰ ਓਸ ਪਛਾਣ ਲਿਆ ਸੀ।
ਕੰਨੀ ਗੱਲ ਪਾਈ ਸਿੰਘਾਂ ਸਾਥੀਆਂ ਦੇ,
ਗੁਪਤ ਭੇਦ ਸਾਰਾ ਉਸ ਜਾਣ ਲਿਆ ਸੀ।
ਇਹ ਤਾਂ ਮੇਹਰ ਅਕਾਲ ਨੇ ਆਪ ਕੀਤੀ,
ਢੋਅ ਮੇਲ ਦਾ ਢੰਗ; ਬਣਾ ਲਿਆ ਸੀ।
'ਕੰਵਲ' ਬੜਾ ਬੇਅੰਤ ਉਹ ਗੁਰੂ ਸਾਡਾ,
ਜਿਸ ਨੇ ਆਪ ਹੀ ਸਭ ਕੁਛ ਤਣਾ ਲਿਆ ਸੀ।

ਬਿਸਾਖਾ ਸਿੰਘ ਜੋਗੀ ਨਾਲ ਸਾਧ ਹੋ ਸੀ,
ਕਾਲਾ ਇਲਮ ਨੂਰੀ ਦੋਨੋਂ ਜਾਣਦਾ ਸੀ।
ਅੰਮ੍ਰਿਤ ਛਕ ਕੇ ਸਿੰਘ ਉਹ ਸੱਜ ਗਿਆ,
ਗੁਰੂ ਹਰੀ ਸਿੰਘ ਵੀ ਸੰਤ ਨੂੰ ਜਾਣਦਾ ਸੀ।
ਇਹਨੂੰ ਸੰਤ ਜੀ ਕਰਕੇ ਸਦਾ ਬੋਲਦੇ ਸਨ,
ਸ਼ਬਦ ਪੜ੍ਹ ਦੀਵਾਨ ਲਾਉਣੇ ਜਾਣਦਾ ਸੀ।



Sri Satguru Jagjit Singh Ji Elibrary NamdhariElibrary@gmail.com

'ਕੰਵਲ' ਕ੍ਰਿਸ਼ਨ ਮਹਾਰਾਜ ਦੇ ਸ਼ਬਦ ਪੜ੍ਹਦਾ,
ਦਸਮ ਗ੍ਰੰਥ ਦੇ ਭੇਦ ਨੂੰ ਜਾਣਦਾ ਸੀ।

**ਮਹਾਰਾਜ ਬਾਲਕ ਦਾ ਪ੍ਰਗਟ ਹੋਣਾ :**

ਤੀਜਾ ਪੜਾਆਂ ਜਾ ਕੇ ਕਰਮ ਗੜ੍ਹ ਕੀਤਾ,
ਬਾਰ੍ਹਾਂ ਰਾਤ ਦੇ ਓਦੋਂ ਵਜ ਗਏ ਸੀ।
ਹਰ ਵਕਤ ਹੁਕਮੀ, ਫਤਹਿ ਕੌਰ ਨਾਲ ਰਹਿੰਦੀ,
ਬਚਾ ਜਨਮ ਦੇ ਅਸਰ ਸਭ ਬੱਝ ਗਏ ਸੀ।
ਨਿਰਗੁਣ ਧਾਰ ਸਰਗੁਣ ਰੂਪ ਆਪ ਆਇਆ,
ਮਾਨੋਂ ਖ਼ੁਸ਼ੀ ਦੇ ਢੋਲ ਫਿਰ ਵਜ ਗਏ ਸੀ।
ਹਾਰ 'ਕੰਵਲ' ਦੇ ਲੈ ਅਪੱਛਰਾਂ ਭੀ,
ਦੇਵ ਕਰਨ ਦਰਸ਼ਨ ਦੁਆਰੇ ਸੱਜ ਗਏ ਸੀ।
ਸੰਮਤ ਉੱਨੀ ਸੌ ਵਿਚ ਪੰਜਤਾਲੀਏ ਦੇ,
ਜੋਤਿ ਧਰਮ ਦੀ ਜਗ ਪਈਆ ਏਥੇ।
ਫਗਣ ਗਿਆਂ ਛੱਬੀ ਸੁਕਲ ਪਾਖ ਲਗਾ,
'ਕੰਵਲ' ਮਹਿਕ ਸੁਗੰਧ ਗਈ ਛਾ ਏਥੇ।

**ਵਾਕ ਕਵੀ :**

ਇਹ ਭੀ ਕ੍ਰਿਸ਼ਨ ਦੇ ਵਾਂਗਰਾਂ ਗੱਲ ਹੋਈ,
ਓਹ ਸੀ ਜੇਹਲ ਅੰਦਰ ਪਹਿਰੇ ਕੰਸ ਦੇ ਸਨ।
ਏਥੇ ਪਹਿਰਾ ਅੰਗਰੇਜ਼ ਦਾ ਲੱਗਿਆ ਸੀ;
ਮਾਨੋਂ ਇਹ ਭੀ ਕੋਈ ਓਸ ਦੇ ਬੰਸ ਦੇ ਸਨ।
ਜਨਮ ਕ੍ਰਿਸ਼ਨ ਦੇ ਤੇ ਪਹਿਰੇਦਾਰ ਸੌਂ ਗਏ,
ਕ੍ਰਿਸ਼ਨ ਨੰਦ ਘਰ ਜਾ ਗੋਕਲ ਹਸਦੇ ਸਨ।
ਏਥੇ ਝੱਖੜ ਝੁੱਲਿਆ ਪਹਿਰੇਦਾਰ ਛੁੱਪ ਗਏ,
ਸਿੰਘ ਲੈ ਬਾਲਕ ਨੂੰ ਨਸਦੇ ਸਨ।



Sri Satguru Jagjit Singh Ji Elibrary NamdhariElibrary@gmail.com

ਕਿਸੇ ਦੇਖਿਆ ਨਾ ਸਿੰਘਾਂ ਜਾਂਦਿਆਂ ਨੂੰ,
ਪਹੁੰਚ ਬੜੀ ਮੰਡੀ ਖਾਣਾ ਖਾਇਆ ਸੀ।
ਸਿੰਘ ਹਰਦਿੱਤ ਦੇ ਘਰ ਥਿਰਾਜ ਪਹੁੰਚੇ
ਪਿੰਡ ਵੜਦਿਆਂ ਸੂਰਜ ਛੁਪਾਇਆ ਸੀ।
ਕੋਠਾ ਲੱਭਿਆ ਸੀ ਤੂੜੀ ਨਾਲ ਭਰਿਆ;
ਬਾਲਕ ਓਸ ਥਾਂ ਜਾ ਲੁਕਾਇਆ ਸੀ।
ਚਾਰੇ ਸਿੰਘਾਂ ਥਿਰਾਜ ਪਿੰਡ ਰਾਤ ਕਟ ਕੇ,
ਸੁਬ੍ਹਾ ਸਾਰਿਆਂ ਨੇ ਚਾਲਾਂ ਪਾਇਆ ਸੀ।

**ਝੱਖੜ ਬੰਦ ਹੋਣ ਤੇ ਪੁਲਸ ਫਿਰ ਪਹਿਰੇ ਤੇ :**

ਝੱਖੜ ਬੰਦ ਹੋਇਆ ਪੁਲਸ ਫਿਰ ਡੱਟ ਗਈ,
ਬੀਬੀ ਹੁਕਮੀ ਨੇ ਚੀਖ ਪੁਕਾਰ ਕੀਤੀ।
ਠਾਣੇਦਾਰ, ਹਵਾਲਦਾਰ ਭੱਜ ਆਏ,
ਬੀਬੀ ਕਾਸ ਤੋਂ ਚੀਖ-ਪੁਕਾਰ ਕੀਤੀ।
ਬੱਚਾ ਜੰਮਦਾ ਹੀ ਮਰ ਗਿਆ ਵੀਰੋ,
ਏਸੇ ਲਈ ਮੈਂ ਚੀਖ-ਪੁਕਾਰ ਕੀਤੀ।
ਸੱਲ ਪੁਤਰਾਂ ਦੇ ਝੱਲੇ ਜਾਂਵਦੇ ਨਾ,
'ਕੰਵਲ' ਤਾਂ ਹੀ ਸੀ ਮੈਂ ਹਾਹਾ-ਕਾਰ ਕੀਤੀ।

**ਕਵਿਓ ਵਾਚ (ਨੀਤੀ) :**

ਨੀਤੀ ਨਾਲ ਸਾਰੇ ਰਾਜੇ ਰਾਜ ਕਰਦੇ;
ਇਹ ਜਗਤ ਦਾ ਸਦਾ ਦਸਤੂਰ ਹੈ ਸੀ।
ਨੀਤੀ ਬਿਨਾਂ ਨਾ ਰਾਜ ਦੇ ਕੰਮ ਸੌਰਨ,
ਨੀਤੀ ਬਿਨਾਂ ਨਾ ਪਏ ਫਤੂਰ ਹੈ ਸੀ।
ਨੀਤੀ ਸਭ ਤੋਂ ਤੇਜ਼ ਹਥਿਆਰ ਜਾਣੋਂ,
ਕਰਦਾ ਭਾਈਆਂ ਨੂੰ ਵੱਖ ਜ਼ਰੂਰ ਹੈ ਸੀ।



Sri Satguru Jagjit Singh Ji Elibrary NamdhariElibrary@gmail.com

ਜੇਹੜਾ ਨੀਤੀ ਦੀ ਚਾਲ ਵਿਚ ਫਸ ਜਾਂਦਾ,
'ਕੰਵਲ' ਭੁਲਦਾ ਸਹੀ ਦਸਤੂਰ ਹੈ ਸੀ।

ਬਿਨਾਂ ਨੀਤੀ ਤੋਂ ਰਾਜਾ ਕਮਜ਼ੋਰ ਹੁੰਦਾ,
ਬਿਨਾਂ ਨੀਤੀ ਤੋਂ ਸੂਰਮਾ ਹਾਰਦਾ ਈ।
ਨੀਤੀ ਨਾਲ ਕ੍ਰਿਸ਼ਨ ਨੇ ਯੁਧ ਜਿਤੇ,
ਨਹੀਂ ਤੇ ਖੜਗ-ਅਮਿੱਟ ਨਾ ਹਾਰਦਾ ਈ।
ਘੇਰੇ ਵਿਚੋਂ ਚਮਕੌਰ ਦੇ ਦਸਮ ਗੁਰੂ ਜੀ,
ਨੀਤੀ ਨਾਲ ਉਹ ਬਾਹਰ ਪਧਾਰਦਾ ਈ।
ਦਸ ਲੱਖ ਫੌਜ ਦੇ ਘੇਰੇ ਚੋਂ ਨਿਕਲ ਜਾਣਾ;
'ਕੰਵਲ' ਕੌਣ ਬੰਦਾ ਐਸੀ ਕਾਰਦਾ ਈ।

**ਅੰਗਰੇਜ਼ ਨੀਤੀ :**

ਧੋਖੇ-ਬਾਜ਼ ਅੰਗਰੇਜ਼ ਨੂੰ ਸਭ ਜਾਨਣ,
ਨੀਤੀ ਇਨ੍ਹਾਂ ਦੀ ਵਿਚ ਫਸ ਜਾਂਵਦੇ ਸਨ।
ਗੱਲਾਂ ਮਿੱਠੀਆਂ, ਅੰਦਰੋਂ ਜ਼ਹਿਰ-ਭਰੀਆਂ,
ਅੜਿੱਕੇ ਆ ਪਿਛੋਂ ਪਛੋਤਾਂਵਦੇ ਸਨ।
ਕਾਬੂ ਰਾਜ ਕਰਕੇ ਸ਼ਰਤਾਂ ਭੁਲ ਜਾਂਦੇ,
ਦਲੀਪ ਸਿੰਘ ਨੂੰ ਈਸਾਈ ਬਣਾਂਵਦੇ ਸਨ।
ਕੋਹੇ-ਨੂਰ ਹੀਰਾ ਨੀਤੀ ਨਾਲ ਖੋਹਿਆ,
'ਕੰਵਲ' ਮਲਕਾਂ ਦੀ ਭੇਟ ਚੜ੍ਹਾਂਵਦੇ ਸਨ।

ਭਾਰਤਵਰਸ਼ ਨੂੰ ਲੁੱਟਿਆ ਨਾਲ ਨੀਤੀ
ਪਾੜੋ ਰਾਜ ਕਰੋ ਨੀਤੀ ਗੱਜਬ ਦੀ ਸੀ।
ਨੌਂ ਪੂਰਬੀਏ ਤੇ ਚੁੱਲੇ ਤੇਰ੍ਹਾਂ ਹੋਵਣ
ਇਹ ਗੱਲ ਬੜੀ ਅੰਗਰੇਜ਼ ਨੂੰ ਜੱਚਦੀ ਸੀ।



Sri Satguru Jagjit Singh Ji Elibrary NamdhariElibrary@gmail.com

ਦਾਓ-ਪੇਚ ਦੇ ਧਨੀ ਦੇ ਮੰਨੇ ਹੋਏ ਸਨ,
ਬਰੂਦ ਇਨ੍ਹਾਂ ਦੀ ਅੱਗ ਬਿਨ ਮੱਚਦੀ ਸੀ।
ਭਾਰਤ ਮਾਤ ਦੇ ਵੰਧ ਛਡਾਉਣ ਦੇ ਲਈ
'ਕੰਵਲ' ਪੈਦਾ ਹੋਈ ਮੂਰਤ ਸੱਚ ਦੀ ਸੀ।

**ਬੀਬੀ ਹੁਕਮੀ ਦੀ ਨੀਤੀ :**

ਬੀਬੀ ਹੁਕਮੀ ਦੀ ਨੀਤੀ ਵੀ ਕੰਮ ਕਰ ਗਈ,
ਮੁੰਡਾ ਸੇਠ ਦਾ ਦੱਬਿਆ ਕੱਢ ਲਿਆ ਸੀ।
ਮਹਾਰਾਜ ਨੂੰ ਜੀਊਂਦਾ ਕੱਢ ਬਾਹਰ,
ਮੁਰਦਾ ਲਾਸ਼ ਉਤੇ ਕੱਫਣ ਪਾਲਿਆ ਸੀ।
ਪੁਲਸ ਅੰਗਰੇਜ਼ ਦੀ ਵੀ ਮਤ ਮਾਰ ਦਿਤੀ,
ਠਾਣੇਦਾਰ ਨੂੰ ਮੁਰਦਾ ਵਿਖਾ ਲਿਆ ਸੀ।
ਹੱਥੀਂ ਉਹਨਾਂ ਦੀ ਦਫਨ ਕਰਾ 'ਕੰਵਲ',
ਭੇਦ ਆਪਣਾ ਸਾਰਾ ਛੁਪਾ ਲਿਆ ਸੀ।

**ਭਾਣੇ ਦਾ ਉਪਦੇਸ਼ ਵਾਕ ਕਵੀ :**

ਮਾਈ ਹੁਕਮੀ ਨੇ ਕੀਰਨੇ ਪਾਏ ਐਸੇ,
ਪੱਥਰ ਦਿਲ ਭੀ ਆਂਸੂ ਬਹਾਉਣ ਲਗ ਪਏ।
ਭੁੱਬਾਂ ਮਾਰ ਸਾਰੇ ਓਥੇ ਰੋਣ ਲਗ ਪਏ,
ਕਈ ਭਾਣੇ ਦਾ ਸ਼ਬਦ ਸੁਣਾਉਣ ਲਗ ਪਏ।
ਕਰਨੀ ਪ੍ਰਭੂ ਦੀ ਨੂੰ ਕੌਣ ਮੋੜ ਸਕਦੇ,
ਏਦਾਂ ਕਹਿ ਕਈ ਧੀਰਜ ਬਧਾਉਣ ਲਗ ਪਏ।
'ਕੰਵਲ' ਵਾਤਾ-ਵਰਣ ਗ਼ਮੀ ਦਾ ਉਹ ਬਣਿਆ,
ਗੱਲ ਝੂਠ ਦੀ ਸੱਚ ਬਣਾਉਣ ਲਗ ਪਏ।



Sri Satguru Jagjit Singh Ji Elibrary NamdhariElibrary@gmail.com

ਕਹਿਣ ਭਾਣਾ ਅਕਾਲ ਦਾ ਕੌਣ ਮੋੜੇ,
ਭਾਣੇ ਅੰਦਰ ਹੀ ਸੁਖ ਸੰਸਾਰ ਮਿਲਦਾ।
ਪੰਚਮ ਗੁਰੂ ਅਰਜਨ ਭਾਣਾ ਮੰਨਿਆ ਸੀ,
ਤੱਤੀ-ਤਵੀ ਦਾ ਦੁਖ ਅਪਾਰ ਝੱਲਦਾ।
ਤੱਤੀ ਰੇਤ ਸੀ ਸੀਸ ਦੇ ਵਿਚ ਪਾਉਂਦੇ,
ਭਾਣੇ ਨਾਲ ਅਕਾਲ ਦਾ ਦੁਆਰ ਮਿਲਦਾ।
ਮੀਆਂ-ਮੀਰ ਨੂੰ ਇਹ ਉਪਦੇਸ਼ ਦੇਂਦੇ,
ਭਾਣਾ ਮੰਨਣ ਨਾਲ 'ਕੰਵਲ' ਪਿਆਰ ਮਿਲਦਾ।

ਭਾਣਾ ਮੰਨਿਆ ਗੁਰੂ ਦਸ਼ਮੇਸ਼ ਜੀ ਨੇ,
ਵਾਰਿਆ ਆਪਣਾ ਸਾਰਾ ਪਰਿਵਾਰ ਭਾਈ।
ਪਿਤਾ-ਪੁਤਰ ਤੇ ਮਾਤਾ ਕੁਰਬਾਨ ਕੀਤੇ,
ਛੱਡੀ ਐਸ਼ ਤੇ ਸੁੰਦਰ ਦਰਬਾਰ ਭਾਈ।
ਵੈਦਿਕ ਧਰਮ ਨੂੰ ਸਾਂਭਿਆ ਸੀਸ ਦੇ ਕੇ,
ਸਿੱਦਕ ਹਾਰਿਆ ਨਾ ਛੱਡੀ ਆਨ ਭਾਈ।
ਇਹਦੇ ਭਾਣੇ ਅੰਦਰ 'ਕੰਵਲ' ਟਹਿਕਦਾ ਹੈ,
ਨਹੀਂ ਤੇ ਜਗਤ ਭੀ ਹੁੰਦਾ ਖੁਆਰ ਭਾਈ।

ਹਰੀ ਚੰਦ ਰਾਜੇ ਭਾਣਾ ਮੰਨਿਆ ਸੀ,
ਰਾਜ-ਭਾਗ ਤਿਆਗ ਪ੍ਰਵਾਰ ਸਾਰਾ।
ਰਾਜਾ ਆਪ ਅਤੇ ਇਸਤ੍ਰੀ ਪੁਤ੍ਰ ਰੋਹਿਤ,
ਕਾਸ਼ੀ ਵਿਕ ਗਿਆ ਜਾਂ ਪ੍ਰਵਾਰ ਸਾਰਾ।
ਭਾਂਣਾ ਮੰਨ ਰੱਖੀ ਲਾਜ ਧਰਮ ਦੀ ਸੀ,
ਜਾ ਮੱਲਿਆ ਬੈਕੁੰਠ ਦਾ ਦੁਆਰਾ ਸਾਰਾ।
ਰਿਸ਼ੀ-ਮੁੰਨੀ ਸਭ ਦੇਵਤੇ ਪਏ ਪੈਰੀਂ
ਧੰਨ-ਧੰਨ ਆਖਦਾ 'ਕੰਵਲ' ਸੰਸਾਰ ਸਾਰਾ।



Sri Satguru Jagjit Singh Ji Elibrary NamdhariElibrary@gmail.com

**ਦਿਨ-ਚੜੇ ਪਿੰਡ ਦੀ ਪੰਚਾਇਤ ਦੇ ਸਾਹਮਣੇ ਬਾਲਕ ਦਾ ਮਿਰਤਕ ਸੰਸਕਾਰ ਕਰਨਾ :**

ਦਿਨ ਚੜ੍ਹ ਗਿਆ ਰੋਂਦੇ–ਕੁਰਲਾਂਦਿਆਂ ਨੂੰ,
ਠਾਣੇਦਾਰ ਮਿਲ ਮਾਫੀਆਂ ਮੰਗਦੇ ਨੇ।
ਬੀਬੀ ਅਸੀਂ ਤਾਂ ਨੌਕਰ ਅੰਗਰੇਜ਼ ਦੇ ਹਾਂ,
ਜੇਕਰ ਇਨਕਾਰ ਕਰੀਏ ਸੂਲੀ ਟੰਗਦੇ ਨੇ।
ਸਾਨੂੰ ਮਾਫ ਕਰਨਾ ਸਾਡਾ ਕਸੂਰ ਕੋਈ ਨਾ,
ਦਿਲੋਂ ਸਦਾ ਥੁਆਡੀ ਸੁੱਖ ਮੰਗਦੇ ਨੇ।
ਸੱਦਾ ਦਿਤਾ ਤੇ 'ਕੰਵਲ' ਪੰਚਾਇਤ ਆ ਗਈ,
ਕੀ ਹੁਕਮ ਸਰਕਾਰ ਬੋਲਣ ਸੰਗਦੇ ਨੇ।

**ਬੀਬੀ ਹੁਕਮੀ ਨੇ ਲਾਸ਼ ਤੋਂ ਕਪੜਾ ਲਾਹੁਣਾ :**

ਬੀਬੀ ਹੁਕਮੀ ਨੇ ਲਾਸ਼ ਤੋਂ ਲਾਹ ਕਫਣ,
ਮੋਏ ਬਾਲਕ ਨੂੰ ਚਾ ਨੁਹਾਇਆ ਸੀ।
ਸਣੇ ਪੁਲਸ ਪੰਚਾਇਤ ਨੂੰ ਨਾਲ ਲੈ ਕੇ,
ਮਰਘਟ ਜਾ ਸਸਕਾਰ ਕਰਾਇਆ ਸੀ।
ਮੁੜੇ ਸ਼ਮਸ਼ਾਨ ਤੋਂ ਮੂੰਹ–ਹੱਥ ਧੋ ਸਾਰੇ,
ਘਰ ਆ ਪ੍ਰਸ਼ਾਦ ਵਰਤਾਇਆ ਸੀ।
ਠਾਣੇਦਾਰ ਨੇ ਲਿਖੀ ਰਿਪੋਟ ਸਾਰੀ,
ਜਿਵੇਂ 'ਕੰਵਲ' ਨੇ ਭਾਣਾ ਅਲਾਇਆ ਸੀ।

ਠਾਣੇਦਾਰ ਨੇ ਏਸ ਰਿਪੋਟ ਉਤੇ,
ਅੰਗੂਠੇ, ਦਸਖਤਾਂ ਸਭ ਕਰਵਾ ਲਈਆਂ।
ਇਹ ਰਿਪੋਟ ਪੰਚਾਇਤ ਦੇ ਦਸਖਤਾਂ ਦੀ,
ਤਿੰਨ ਕਾਪੀਆ ਹੋਰ ਬਣਾ ਲਈਆਂ।



Sri Satguru Jagjit Singh Ji Elibrary NamdhariElibrary@gmail.com

ਜੋ ਮੌਕੇ ਤੇ ਹੋਇਆ ਸਭ ਖੋਲ੍ਹ ਲਿਖਿਆ,
ਪੱਕੇ ਅੰਗਾਂ ਦੇ ਨਾਲ ਭਰਵਾ ਲਈਆਂ।
'ਕੰਵਲ' ਹੱਥੀਂ ਸਿਪਾਹੀਆਂ ਦੇ ਲੁਧਿਆਣੇ
ਦਫਤਰ ਡੀ. ਸੀ. ਦੇ ਜਮ੍ਹਾ ਕਰਵਾ ਲਈਆਂ।

ਅਗੋਂ ਕੀ ਹਜ਼ੂਰ ਦਾ ਹੁਕਮ ਸਾਨੂੰ,
ਮੁੜਦੇ ਇਨ੍ਹਾਂ ਸਿਪਾਹੀਆਂ ਕੋਲ ਭੇਜਣਾ ਜੀ।
ਹੁਕਮ ਤੁਸਾਂ ਦੀ ਅਸੀਂ ਤਾਮੀਲ ਕਰਨੀ;
ਤੁਸੀਂ ਜਿਵੇਂ ਸੰਦੇਸ਼ ਨੂੰ ਭੇਜਣਾ ਜੀ।
ਡੀ. ਸੀ. ਮਿਸਲ ਪੜ੍ਹ ਕੇ ਹੈਰਤਵਾਨ ਹੋਇਆ,
ਸੋਚੇ ਹੁਣ ਕੀ ਹੁਕਮ ਓਥੇ ਭੇਜਣਾ ਜੀ।
ਨਾਲ ਅਫਸਰਾਂ ਕੀਤੀ ਸਲਾਹ ਸਾਰੀ
ਅਗੋਂ ਹੁੰਦਾ ਐਲਾਨ ਕੰਵਲ' ਦੇਖਣਾ ਜੀ।

**ਅਫਸਰਾਂ ਨੇ ਡਾਕਟਰ ਨੂੰ ਭੇਜ ਕੇ ਹੱਡੀਆਂ ਦਾ ਮੁਆਇਨਾ ਕਰਨਾ**

ਸਭ ਨੇ ਪੱਕੀ ਸਲਾਹ ਏਹ ਠਾਣਕੇ ਜੀ,
ਨਾਲ ਸਿਪਾਹੀ ਅਤੇ ਡਾਕਦਾਰ ਤੁਰਿਆ।
ਦੂਜੇ ਦਿਨ ਉਹ ਕਰਮ ਗੜ੍ਹ ਪਹੁੰਚ ਗਏ;
ਮੁਆਇਨਾ ਹੱਡੀਆਂ ਕਰਨ ਲਈ ਡਾਕਦਾਰ ਤੁਰਿਆ।
ਜਾ ਕੇ ਸਿਵਿਆਂ ਵਿਚ ਹੱਡੀਆਂ ਕੱਠੀਆਂ ਕਰ,
ਤਸੱਲੀ ਕਰ ਪੂਰੀ ਡਾਕਦਾਰ ਤੁਰਿਆ।
'ਕੰਵਲ' ਮਿੱਸ ਡਾਕਦਾਰ ਸਾਈਨ ਕੀਤੇ,
ਪੂਰੀ ਲੈ ਰਿਪੋਟ ਡਾਕਦਾਰ ਤੁਰਿਆ।

**ਮਾਤਾ ਫਤਹਿ ਕੌਰ ਦਾ ਪੁਤਰ ਕਬੂਲ ਕਰਨਾ :**

ਇਸ ਲਿਖੀ ਰਿਪੋਟ ਅਨੁਸਾਰ ਲੋਕੋ,
ਪੁਤਰ ਫਤਹਿ ਕੌਰ ਦਾ ਠੀਕ ਮੰਨ ਲਿਆ ਸੀ।



Sri Satguru Jagjit Singh Ji Elibrary NamdhariElibrary@gmail.com

ਲੁਧਿਆਣਿਓਂ ਹੁਕਮ ਰਿਪੋਟ ਮਿਲ ਗਈ,
ਅੰਕੁਰ ਮਾਤ ਫਤਹਿ ਕੌਰ ਤੋਂ ਚਾਲਿਆ ਸੀ।
ਇਕ ਮਹੀਨਾ ਪੰਦਰਾਂ ਦਿਨ ਬੰਦਸ਼ ਜੋ ਲਾਈ ਹੋਈ ਸੀ,
ਮਾਨੋ ਓਸ ਨੂੰ ਹੁਣ ਉਠਾ ਲਿਆ ਸੀ।
'ਕੰਵਲ' ਬਾਗ ਬਹਾਰਾਂ ਗੁਲਜ਼ਾਰ ਖਿਲੀਆਂ,
ਸਤਿਗੁਰ ਧਰਮ ਦਾ ਪੰਥ ਬਚਾ ਲਿਆ ਸੀ।

**ਕਰਮ ਗੜ੍ਹ ਤੋਂ ਅਗੇ ਚਾਲੇ ਪਾਉਣੇ :**

ਕਰਮ–ਗੜ੍ਹ ਤੋਂ ਚੌਥਾ ਪੜਾ ਮੌੜ ਪਿੰਡ ਕੀਤਾ,
ਬੱਗਾ ਸਿੰਘ ਦੇ ਘਰ ਡੇਰਾ ਪਾਂਵਦੇ ਨੇ।
ਇਥੋਂ ਚਲ ਪਏ ਦੂਜੇ ਦਿਨ ਸਾਰੇ,
ਪੜਾ ਪੰਜਵਾਂ ਗਿਲੀਂ ਕਰਾਂਵਦੇ ਨੇ।
ਇਥੇ ਨਾਨਕੇ ਸੀ ਦੋਹਾਂ ਮਾਤਾ ਜੀਆਂ ਦੇ,
ਚੇਤ ਸਿੰਘ ਦੇ ਘਰ ਰੁਕ ਜਾਂਵਦੇ ਨੇ।
'ਕੰਵਲ' ਕੀਤਾ ਪੜਾ ਛੇਵਾਂ ਧਰਮ ਸਿੰਘ ਘਰ,
ਇਥੇ ਰਾਤ ਦਾ ਲੰਗਰ ਬਣਾਂਵਦੇ ਨੇ।

ਪੜਾ ਸੱਤਵਾਂ ਕੀਤਾ ਜਾ ਬੜੀ ਮੰਡੀ,
(ਬਾਬੇ) ਹਰਦਿੱਤ ਸਿੰਘ ਦੇ ਘਰ ਜਾਏ ਕੇ ਜੀ।
ਪੜਾ ਅੱਠਵਾਂ ਵੀ ਰਿਹਾ ਏਸ ਥਾਂ ਤੇ,
ਹਰਨਾਮ ਸਿੰਘ ਸ਼ਹੀਦ ਘਰ ਆਇ ਕੇ ਜੀ।
ਸੁੰਦਰ ਸਿੰਘ ਭਾਈ ਕੇ ਦੇ ਘਰ,
ਰਾਤ ਬੈਠੇ ਸਤਿਸੰਗ ਲਗਾਇ ਕੇ ਜੀ।
ਨੌਂਵਾਂ ਪੜਾ ਮਾਈ ਸਰਖਾਨੇ ਮਨੀ ਸਿੰਘ ਦੇ ਘਰ,
ਨਾਮ ਜਪਦੇ ਧਿਆਨ ਲਗਾਇ ਕੇ ਜੀ।



Sri Satguru Jagjit Singh Ji Elibrary NamdhariElibrary@gmail.com

ਦਸਵਾਂ ਪੜਾ ਬੀ ਮਾਈ ਸਰਧਾਨੇ ਕੀਤਾ,
ਮਾਈ ਅੱਤਰ ਕੌਰ ਦੇ ਮਨ ਲਾਇ ਕੇ ਜੀ।
ਪੜਾ ਯਾਰ੍ਹਵਾਂ ਸੀ ਬੇਣੀ ਵਾਲ ਕੀਤਾ,
ਸੁੱਚਾ ਸਿੰਘ ਘਰ ਬੇਨਤੀ ਪਾਇ ਕੇ ਜੀ।
ਪੜਾ ਬਾਰ੍ਹਵਾਂ ਧੁਰ ਥਿਰਾਜ ਕੀਤਾ,
ਮਾਤਾ ਜੀਆਂ ਦੇ ਪੇਕੇ ਘਰ ਜਾਇ ਕੇ ਜੀ।
ਏਥੇ ਪਹੁੰਚ ਕੇ 'ਕੰਵਲ' ਅਰਾਮ ਕੀਤਾ,
ਭੋਗ ਪਿਤਾ ਦੇ ਮੇਲੇ ਦਾ ਪਾਇ ਕੇ ਜੀ।

**ਬੱਗਾ ਸਿੰਘ ਤੇ ਵਿਸਾਖਾ ਸਿੰਘ ਭੈਣੀ ਸਾਹਿਬ ਗਏ :**

ਮੁੜ ਕੇ ਪਿਛਲੀਂ ਗੱਲ ਨੂੰ ਯਾਦ ਕਰੀਏ,
ਕਿਹੜੇ ਸਿੰਘ ਪਹੁੰਚੇ ਭੈਣੀ ਸਥਾਨ ਜਾ ਕੇ।
ਬੱਗਾ ਸਿੰਘ, ਵਿਸਾਖਾ ਸਿੰਘ ਭਾਈ ਦੋਵੇਂ
ਗੁਰੂ ਹਰੀ ਸਿੰਘ ਨੂੰ ਸੀਸ ਨਿਵਾਨ ਜਾ ਕੇ।
ਸਾਰਾ ਮਾਜਰਾ ਰਸਤੇ ਦਾ ਦਸਿਆ ਸੀ,
ਹੋ ਇਕਾਂਤ ਇਕੱਲਿਆਂ ਸੁਨਾਨ ਜਾ ਕੇ।
ਗੁਰਾਂ ਹਾਲ ਸੁਣਿਆਂ 'ਕੰਵਲ' ਜਨਮ ਦਾ ਸੀ,
ਖੁਸ਼ੀ ਮਨ ਦੇ ਵਿਚ ਮਨਾਨ ਜਾ ਕੇ।

**ਸਿੰਘ ਨੂੰ ਧਰਮੂ ਕੋਟ ਭੇਜਣਾ :**

ਸਤਿਗੁਰ ਹੁਕਮ ਕੀਤਾ ਵਿਸਾਖਾ ਸਿੰਘ ਭਾਈ,
ਕੋਟ ਧਰਮੂ ਦੇ ਨੂੰ ਛੇਤੀ ਜਾਹ ਭਾਈ।
ਓਥੋਂ ਸੱਦ ਕੇ ਲਿਆ ਗੁਰਦਿੱਤ ਸਿੰਘ ਨੂੰ,
ਭੇਦ ਕਿਸੇ ਨੂੰ ਦੇਈਂ ਨਾ ਆਹ ਭਾਈ।
ਰਸਤੇ ਵਿਚ ਕਿਸੇ ਨਾਲ ਨਹੀਂ ਗੱਲ ਕਰਨੀ,
ਝਬ ਸਿੰਘ ਨੂੰ ਨਾਲ ਲਿਆ ਭਾਈ।



Sri Satguru Jagjit Singh Ji Elibrary NamdhariElibrary@gmail.com

ਸਿੰਘ ਪਹੁੰਚ ਗਿਆ ਘਰ ਗੁਰਦਿੱਤ ਸਿੰਘ ਦੇ,
ਅਗੋਂ 'ਕੰਵਲ' ਨਹੀਓਂ ਘਰ ਬਾਰ ਭਾਈ।

ਬਸਾਖਾ ਸਿੰਘ ਸੀ ਬਹੁਤ ਉਦਾਸ ਹੋਇਆ,
ਘਰ ਵਿਚ ਸਿੰਘ ਨੂੰ ਜਦ ਓਸ ਪਾਇਆ ਨਹੀਂ।
ਬਾਬਾ ਬੈਠਾ ਸੀ ਛੱਪੜ ਅਣੀਆਲੇ ਉਤੇ,
ਮਾਲ੍ਹਾ ਫੇਰਦਾ ਬਚਨ ਅਲਾਇਆ ਨਹੀਂ।
ਸ਼ਬਦ-ਸੁਰਤ ਨੂੰ ਮੇਲ ਸਮਾਧੀ ਲਾਈ,
'ਕੰਵਲ' ਉਸ ਨੂੰ ਸੁਰਤ ਨਾ ਪਾਇਆ ਹਈ।
ਕਿਸੇ ਜਾਇ ਕੇ ਛੱਪੜ ਤੇ ਦੱਸਿਆ ਸੀ,
ਭੈਣੀ ਸਾਹਿਬ ਤੋਂ ਸਿੰਘ ਕੋਈ ਆਇਆ ਹਈ।

ਸੱਦ ਸੁਣਦਿਆਂ ਸਿੰਘ ਗੁਰਦਿੱਤਾ ਭੱਜਾ,
ਸਿੰਘ ਵੇਖ ਕੇ ਸੀਸ ਨਿਵਾਇਆ ਈ।
ਜਲ-ਪਾਣੀ ਪ੍ਰਸਾਦ ਛਕਾ ਸਿੰਘ ਨੂੰ,
ਫਿਰ ਪੁੱਛਿਆ ਰਾਜ਼ੀ ਖੁਸ਼ੀ ਆਇਆ ਈ।
ਕੀ ਹਾਲ ਹੈ ਭੈਣੀ ਦਾ ਦੱਸ ਮੈਨੂੰ,
ਗੁਰਾਂ ਹੁਕਮ ਕੀ ਮੈਨੂੰ ਫੁਰਮਾਇਆ ਈ?
ਹਰੀ ਸਿੰਘ ਗੁਰੂ ਨੇ ਛੇਤੀ ਸੱਦਿਆ ਹੈ,
'ਕੰਵਲ' ਹੁਕਮ ਤੈਨੂੰ ਓਹਨੀ ਲਾਇਆ ਈ।

**ਦੋਹਾਂ ਸਿੰਘਾਂ ਨੇ ਅਰਦਾਸ ਸੋਧ ਤੁਰਨਾ**

ਦੋਨੋਂ ਕਰ ਅਰਦਾਸ ਸੀ ਤੁਰੇ ਓਥੋਂ,
ਪਹਿਰ ਰਾਤ ਗਈ ਜੋਗੇ ਪਹੁੰਚ ਗਏ ਨੇ।
ਬਚਿੱਤ੍ਰ ਸਿੰਘ ਦੇ ਘਰੇ ਅਰਾਮ ਕੀਤਾ,
ਅੰਮ੍ਰਿਤ ਵੇਲੇ ਫਿਰ ਚਾਲੇ ਓਥੋਂ ਪਾ ਗਏ ਨੇ।



Sri Satguru Jagjit Singh Ji Elibrary NamdhariElibrary@gmail.com

ਪ੍ਰਸਾਦਾ ਛੱਕ ਲਿਆ ਰੇਸਰ ਆ ਕੇ,
ਘਰ ਸਿੰਘ ਮਸਤਾਨ ਦੇ ਆ ਗਏ ਨੇ।
ਇਥੋਂ ਪਾ ਚਾਲੇ ਭੈਣੀ ਸਾਹਿਬ ਪਹੁੰਚੇ,
ਦੀਵਾਨ ਗੁਰਾਂ ਦੇ ਵਿਚ 'ਕੰਵਲ' ਆ ਗਏ ਨੇ।

ਗੁਰੂ ਚਰਨਾਂ ਤੇ ਆ ਨਮਸਕਾਰ ਕੀਤੀ,
ਗੁਰੂ ਦੋਹਾਂ ਦੇ ਸਿਰੀਂ ਪਿਆਰ ਦਿੱਤਾ।
ਛੇ ਵਜੇ ਦੀਵਾਨ ਦਾ ਭੋਗ ਪਿਆ,
ਭੰਡਾਰੀ ਕੜਾਹ ਪ੍ਰਸਾਦ ਵਰਤਾ ਦਿੱਤਾ।
ਗੁਰੂ ਹਰੀ ਸਿੰਘ ਚੁਬਾਰੇ ਦੇ ਵਿਚ ਸੱਜ ਗਏ,
ਦੋਨਾਂ ਸਿੰਘਾਂ ਨੂੰ ਕੋਲ ਬੁਲਾ ਦਿੱਤਾ।
ਰਾਗੋ ਸਿੰਘ ਨੂੰ ਪਹਿਰੇ ਤੇ ਖੜਾ ਕਰਕੇ
ਕੁੰਡਾ ਅੰਦਰ ਲਾ 'ਕੰਵਲ' ਸੀ ਲਾ ਦਿੱਤਾ।

**ਪਹਿਰੇ ਨੂੰ ਤਾਕੀਦ :**

ਪਹਿਰੇਦਾਰ ਨੂੰ ਕਰ ਤਾਕੀਦ ਦਿੱਤੀ,
ਅੰਦਰ ਕੋਈ ਜਣਾ ਦੇਖੇ ਆਵੇ ਨਾ।
ਗੱਲ ਗੁਪਤ ਜੇਹੜੀ ਸਿੰਘਾਂ ਦਸ ਦਿੱਤੀ,
ਸੁਣ ਕੇ ਹੋਰ ਦੂਜਾ ਭੇਤ ਪਾਵੇ ਨਾ।
ਬੀਬੀ ਹੁਕਮੀ ਨੇ ਜੋ ਚਤੁਰਾਈ ਕੀਤੀ,
ਇਸ ਦੀ ਸਮਝ ਵੀ ਕਿਸੇ ਨੂੰ ਆਵੇ ਨਾ।
'ਕੰਵਲ' ਖੁਸ਼ੀ ਹੋ ਕੇ ਗੁਰੂ ਵਰ ਦਿੱਤੇ,
ਮੇਰਾ ਸਿੰਘ ਕੋਈ ਕਦੇ ਘਬਰਾਵੇ ਨਾ।

**ਗੁਰਦਿੱਤ ਸਿੰਘ ਨੂੰ ਗੁਰੂ ਜੀ ਨੇ ਖੁਸ਼ੀਆਂ ਬਖਸ਼ੀਆਂ :**

ਗੁਰੂ ਖੁਸ਼ੀ ਹੋ ਜਦੋਂ ਵਰਦਾਨ ਦਿੱਤਾ,
ਗੁਰਦਿੱਤ ਸਿੰਘ ਨੇ ਸੀਸ ਨਿਵਾ ਲਿਆ ਸੀ।



Sri Satguru Jagjit Singh Ji Elibrary NamdhariElibrary@gmail.com

ਕਹਿੰਦਾ ਇੱਛਾ ਮੇਰੀ ਸਦਾ ਰਹੀ ਇਹੋ,
ਰੋਜ਼ ਦਰਸ ਤੇਰਾ ਮੈਨੂੰ ਭਾ ਗਿਆ ਸੀ।
ਤੇਰੇ ਰਹੇ ਦੀਦਾਰ ਦੀ ਤਾਂਘ ਹਰ ਦਮ;
ਹੋਰ ਸਭ ਕੁਛ ਮੈਂ ਦੇਖੋਂ ਪਾ ਲਿਆ ਸੀ।
ਗੁਰਾਂ ਜੱਫੀ ਵਿਚ ਲਿਆ ਗੁਰਦਿੱਤ ਸਿੰਘ ਨੂੰ;
'ਕੰਵਲ' ਆਪਣਾ ਤੈਨੂੰ ਬਣਾ ਲਿਆ ਸੀ।

ਗੁਰਾਂ ਆਖਿਆਂ ਭਾਈ ਗੁਰਦਿੱਤ ਸਿੰਘਾ,
ਪਿਛਲੇ ਜਨਮ ਵੀ ਤੇਰੀ ਏਹ ਖ਼ੁਵਾਹਸ਼ ਹੈਸੀ।
ਜਦੋਂ ਤੂੰ ਆਵੇਂ ਤੇਰੇ ਨਾਲ ਆਈਏ,
ਪੂਰੀ ਹੋਈ ਹੁਣ ਤੇਰੀ ਮੁਰਾਦ ਹੈ ਸੀ।
ਧਾਰ ਰੂਪ ਸਰਗੁਣ ਮੇਰੀ ਗੋਦਿ ਖੇਲੇ;
ਇਹ ਭੀ ਮਿੱਟ ਗਈ ਤੇਰੀ ਪਿਆਸ ਹੈ ਸੀ।
ਜਾਹ 'ਕੰਵਲ' ਥਿਰਾਜ ਤੋਂ ਲਿਆ ਜਾ ਕੇ,
ਖੇਡੂ ਗੋਦਿ ਤੇਰੀ ਗੱਲ ਖਾਸ ਹੈ ਸੀ।

ਹਰੀ ਸਿੰਘ ਗੁਰ ਨੇ ਇਹ ਭੀ ਬਚਨ ਕੀਤਾ,
ਉਸ ਦੇ ਕੌਤਕਾਂ ਤੋਂ ਡਰ ਜਾਵਣਾ ਨਹੀਂ।
ਉਹਨੂੰ ਮਾਰਨੇ ਵਾਲਿਆਂ ਬਹੁਤ ਆਉਣਾ,
ਪਰ ਤੂੰ ਜ਼ਰਾ ਵੀ ਕਦੇ ਘਬਰਾਵਣਾ ਨਹੀਂ।
ਇਹੋ ਆਪ ਨਿਰੰਕਾਰ ਦਾ ਰੂਪ ਆਇਆ,
ਕਦੇ ਚਿੱਤ ਨੂੰ ਭਰਮ ਵਿਚ ਪਾਂਵਣਾ ਨਹੀਂ।
'ਕੰਵਲ' ਭਾਰਤ ਮਾਂ ਗੁਲਾਮੀ ਚੋਂ ਕੱਢਣੇ ਨੂੰ,
ਜਨਮ ਧਾਰਿਆ ਭੇਦ ਬਤਲਾਵਣਾ ਨਹੀਂ।

ਦੁਆਪਰ ਵਿਚ ਵੀ ਕ੍ਰਿਸ਼ਨ ਦਾ ਰੂਪ ਹੋ ਕੇ,
ਖੇਲਾਂ ਖੇਲੀਆਂ ਦੇਸ ਬੇਅੰਤ ਆ ਕੇ।



Sri Satguru Jagjit Singh Ji Elibrary NamdhariElibrary@gmail.com

ਜੇਹੜੇ ਮਾਰਨ ਆਏ ਉਹ ਗਏ ਮਾਰੇ,
ਮੁਸ਼ਟ ਚੰਡੂਰ ਤੇ ਕੰਸ ਅਨੰਤ ਆ ਕੇ ।
ਕੋਈ ਕਰ ਨਾ ਸਕੂ ਇਸ ਦਾ ਵਾਲ ਵਿੰਗਾ,
ਦੁਸ਼ਮਣ ਮਰਨਗੇ ਸੁਖੀ ਰਹਿਣ ਸੰਤ ਆ ਕੇ ।
ਚਰਨੀ ਏਸ ਦੀ ਡਿੱਗਣਗੇ 'ਕੰਵਲ' ਜੈਸੇ,
ਮੁਰਾਦਾਂ ਪਾਉਣਗੇ ਕੁਲ ਜੀਵ-ਜੰਤ ਆ ਕੇ ।

**ਬਾਬੇ ਗੁਰਦਿੱਤ ਸਿੰਘ ਨੇ ਥਿਰਾਜ ਤੋਂ ਬਾਲਕ ਨੂੰ ਲੈਣ ਜਾਣਾ :**

ਗੁਰਦਿੱਤ ਸਿੰਘ ਦੀ ਖੁਸ਼ੀ ਦੀ ਹੱਦ ਨਾ ਰਹੀ,
ਜਦ ਗੁਰਾਂ ਇਹੋ ਬਚਨ ਸੁਣਾਇਆ ਸੀ ।
ਅਰਦਾਸ ਸੋਧ ਕੇ ਸੀਸ ਗੁਰਚਰਨ ਧਰ ਕੇ,
ਕੋਟ ਧਰਮੂ ਦੇ ਰਾਤ ਨੂੰ ਆਇਆ ਸੀ ।
ਦੂਜੇ ਦਿਨ ਜਾ ਪਿੰਡ ਥਿਰਾਜ ਪਹੁੰਚਾ,
ਸਿੰਘ ਚੂਹੜ ਗੁਰਦਿਆਲ ਘਰ ਪਾਇਆ ਸੀ ।
'ਕੰਵਲ' ਭੇਜਿਆ ਗੁਰੂ ਹਰੀ ਸਿੰਘ ਜੀ ਨੇ,
ਲੈਣ ਸਾਹਿਬਜ਼ਾਦਾ ਮੈਂ ਹੁਣ ਆਇਆ ਸੀ ।

**ਚੂਹੜ ਸਿੰਘ ਗੁਰਦਿਆਲ ਸਿੰਘ ਨੇ ਸਿੰਘ ਨੂੰ ਪ੍ਰਸਾਦ ਪਾਣੀ ਛਕਾਣਾ :**

ਪਹਿਲਾਂ ਜਲ-ਪਾਣੀ ਦਿੱਤਾ ਛਕਾ ਸਿੰਘਾ ਨੂੰ,
ਪਿਛੋਂ ਹੋਰ ਕੋਈ ਬਚਨ ਅਲਾਇਆ ਹੈ ।
ਕਹਿਣਾ ਗੁਰੂ ਦਾ ਅਸੀਂ ਕਦੇ ਮੋੜਦੇ ਨਾ,
ਜੇ ਤੂੰ ਭੇਜਿਆ ਉਨ੍ਹਾਂ ਦਾ ਆਇਆਂ ਹੈ ।
ਬਾਲਕ ਦੇਖ ਜਾ ਕੇ ਜਿੱਥੇ ਰੱਖਿਆ ਸੀ,
ਸੋਲ੍ਹਾਂ ਦਿਨਾਂ ਬਾਅਦ ਫੇਰਾ ਪਾਇਆ ਹੈ ।
ਏਸ ਗੱਲ ਦੀ ਸਾਨੂੰ ਕੋਈ ਖਬਰ ਨਾਹੀ,
'ਕੰਵਲ' ਜੀਊਂਦਾ ਕਿ ਮੋਇਆ ਰਹਾਇਆਂ ਹੈ ।



Sri Satguru Jagjit Singh Ji Elibrary NamdhariElibrary@gmail.com

**ਸਭ ਕੰਮ ਕਾਰਾਂ ਵਾਲੇ ਸੀਰੀ ਚਲੇ ਗਏ :**

ਸੀਰੀ ਨੌਕਰ ਸਾਰੇ ਕੰਮ-ਕਾਰ ਵਾਲੇ,
ਆਪੋ ਆਪਣੇ ਥਾਂ ਨੂੰ ਚਲੇ ਗਏ ਸਨ।
ਦਸ-ਯਾਰਾਂ ਵਜੇ ਰਾਤ ਦਾ ਟੈਮ ਹੋਇਆ,
ਦਰਵਾਜਾ ਖੋਹਲ ਅੰਦਰ ਉਹ ਵੜ ਗਏ ਸਨ।
ਜਿੱਥੇ ਬਾਲਕ ਮਹਾਰਾਜ ਬਿਰਾਜ ਰਹੇ ਸਨ;
ਅੰਗੂਠਾ ਪੈਰ ਉਹ ਆਪ ਦਾ ਚੂੰਘ ਰਹੇ ਸਨ।
ਮਾਨੋਂ ਚੰਦਰਮਾ ਓਥੇ ਪ੍ਰਕਾਸ਼ ਹੋਇਆ,
ਦੇਵ 'ਕੰਵਲ' ਦੇ ਫੁੱਲ ਬਰਸਾ ਰਹੇ ਸਨ।

ਨਜ਼ਾਰਾ ਵੇਖ ਤਿੰਨੇ ਸਿੰਘ ਹੈਰਾਨ ਹੋ ਗਏ;
ਕੁਦਰਤ ਕਰਤੇ ਦੀ ਕਰਨ ਬਿਆਨ ਲੱਗੇ।
ਤੂੰ ਬੇਅੰਤ ਤੇਰਾ ਅੰਤ ਨਾ ਕਿਨੇ ਪਾਇਆ,
ਮਨ ਵਿਚ ਰੱਬ ਦਾ ਸ਼ੁਕਰ ਮਨਾਣ ਲਗੇ।
ਆਖਣ ਇਹ ਤਾਂ ਕੋਈ ਅਵਤਾਰ ਆਇਆ,
ਸਿਫਤਾਂ ਕਰ ਅਕਾਲ ਰਿਝਾਣ ਲੱਗੇ।
'ਕੰਵਲ' ਸੋਧ ਅਰਦਾਸਾ ਗੋਦੀ ਚੁਕ ਲਿਆ;
ਕਰ ਪ੍ਰਸ਼ਾਦ ਓਥੇ ਉਹ ਥਰਤਾਨ ਲਗੇ।

**ਬਾਲਕ ਨੇ ਚੋਜ ਕਰਨੇ :**

ਬੁੱਕਲ ਚਾਦਰ ਦੀ ਮਾਰ ਅਰਦਾਸ ਸੋਧੀ,
ਬਾਲਕ ਅੰਚਲ ਦੇ ਵਿਚ ਛੁਪਾ ਲਿਆ ਸੀ।
ਅੱਧੀ ਰਾਤ ਨੂੰ ਤੁਰ ਪਿਆ ਵਾਹੋ-ਦਾਹੀ,
ਦਸ-ਬਾਰ੍ਹਾਂ ਕੋਹ ਪੈਂਡਾ ਮੁਕਾ ਲਿਆ ਸੀ।
ਭਾਰ ਬਾਲਕ ਦਾ ਹੋ ਗਿਆ ਮਣਾਂ-ਬੱਧੀ,
ਚੋਜੀ ਆਪਣਾ ਚੋਜ ਵਿਖਾ ਲਿਆ ਸੀ।



Sri Satguru Jagjit Singh Ji Elibrary NamdhariElibrary@gmail.com

'ਕੌਂਵਲ' ਤੁਰਿਆ ਨਾ ਜਾਏ ਗੁਰਦਿੱਤ ਸਿੰਘ ਤੋਂ,
ਉਸ ਬੈਠ ਕਰਕੇ ਮਸਾਂ ਸਾਹ ਲਿਆ ਸੀ।

**ਗੁਰਦਿੱਤ ਸਿੰਘ ਨੇ ਤਾਹਨਾ ਮਾਰਨਾ :**

ਤਾਹਨੇ ਮਾਰਦਾ ਬੈਠਾ ਗੁਰਦਿੱਤ ਸਿੰਘ ਸੀ,
ਐਨਾ ਭਾਰ ਤੂੰ ਮੇਰੇ ਤੇ ਪਾਇਆ ਹੈ ਕਿਉਂ ?
ਬਾਹਣ-ਢੀਮਾਂ ਦੇ ਵਿਚ ਤੈਨੂੰ ਸੁੱਟ ਜਾਸਾਂ,
ਇਹੋ ਕੌਤਕ ਹੁਣ ਮੈਨੂੰ ਦਿਖਾਇਆ ਹੈ ਕਿਉਂ ?
ਏਥੇ ਛੱਡ ਜਾਊਂ ਫਿਰ ਰਹੀਂ ਇਕੱਲਾ,
ਬਾਲਕ ਹੱਸ ਕੇ ਕਹਿੰਦਾ ਘਬਰਾਇਆਂ ਹੈਂ ਕਿਉਂ ?
'ਕੌਂਵਲ' ਹੁਣੇ ਤੂੰ ਅੱਕ ਗਿਆਂ ਚੁੱਕ ਗੋਦੀ,
ਐਵੇਂ ਗੁੱਸੇ ਹੋ ਕੇ ਰੌਲਾ ਪਾਇਆ ਹੈ ਕਿਉਂ ?

**ਬਾਲਕ ਆਖਿਆ :**

ਮੈਂ ਦੁਆਪਰ ਵਿਚ ਤੈਨੂੰ ਇਕਰਾਰ ਕੀਤਾ,
ਤੇਰੀ ਗੋਦੀ ਖੇਲੂ ਕਲ ਵਿਚ ਆਇ ਕੇ ਤੇ,
ਹੁਣ ਜੇ ਚਾਉ ਪੂਰਾ ਤੇਰਾ ਕਰਨ ਲੱਗਾ,
ਕਿਉਂ ਦੁਖੀ ਹੁੰਨੈ ਮੈਨੂੰ ਪਾਇ ਕੇ ਤੇ।
ਮੈਂ ਤਾਂ ਬਚਨ ਪੂਰਾ ਇਹ ਨਿਭਾਵਣਾ ਹੈ,
ਭਾਵੇਂ ਬਾਹਣ ਵਿਚ ਮਾਰ ਵਗਾਏ ਕੇ ਤੇ।
'ਕੌਂਵਲ' ਸੁਣ ਕੇ ਗੁਰਦਿੱਤ ਸਿੰਘ ਰੋਣ ਲੱਗਾ,
ਚਰਨੀ ਆਪਣਾ ਸੀਸ ਲਗਾਇ ਕੇ ਤੇ।

ਮੈਂ ਭੁਲ ਗਿਆਂ ਹੁਣ ਤੂੰ ਬਖਸ਼ ਮੈਨੂੰ;
ਤੇਰੇ ਜਿਹਾ ਕੋਈ ਬਖਸ਼ਣਹਾਰ ਨਾਹੀਂ।
ਤੇਰੀ ਕਰਨੀ ਨੂੰ ਮੈਂ ਭੁੱਲ ਗਿਆ ਬਾਬਾ,
ਤੇਰੇ ਜਿਹਾ ਕੋਈ ਹੋਣਹਾਰ ਨਾਹੀਂ।



Sri Satguru Jagjit Singh Ji Elibrary NamdhariElibrary@gmail.com

ਅਗੋਂ ਜੋਤਿ ਇਲਾਹੀ ਨੇ ਬਚਨ ਕੀਤਾ,
ਹੁਣ ਹੋਰ ਤੂੰ ਕਸ਼ਟ ਸਹਾਰ ਨਾਹੀਂ।
ਮੇਰਾ 'ਕੰਵਲ' ਦੇ ਨਾਲ ਹੈ ਨੇਹੁ ਪਹਿਲਾ,
ਪਰ ਅਜੇ ਪਾਇਆ ਤੂੰ ਪਾਰਾਵਾਰ ਨਾਹੀਂ।

**ਬਾਲਕ ਦੀ ਚਿਤਾਵਨੀ :**

ਕਈਆਂ ਆਵਣਾ ਹੈਂ ਮੈਨੂੰ ਮਾਰਨੇ ਨੂੰ,
ਪਰ ਉਹ ਆਪ ਮਰ ਕੇ ਮੁੜ ਜਾਣਗੇ ਓਇ।
ਮੇਰਾ ਬਾਲ ਨਾ ਕਰ ਸਕਣਗੇ ਉਹ ਵਿੰਗਾ,
ਜਿਧਰੋਂ ਆਉਣਗੇ ਓਧਰ ਮੁੜ ਜਾਣਗੇ ਓਏ।
ਐਨੀ ਖੇਡ ਦਿਖਾ ਸ਼ੰਕਾ ਦੂਰ ਕੀਤਾ,
ਫਰੰਗੀ ਛੱਡ ਏਥੋਂ ਭੱਜ ਜਾਣਗੇ ਓਏ।
ਹੁਣ ਤੂੰ ਚੱਕ ਗੋਦੀ ਭਾਰ ਖਤਮ ਕੀਤਾ,
ਨਹੀਂ 'ਕੰਵਲ' ਨੂੰ ਜਾਣ ਪਛਾਣਗੇ ਉਏ।

ਬਾਲਕ ਰੂਪ ਹੋਏ ਐਨੀ ਖੇਡ ਕਰਕੇ,
ਬਾਬੇ ਚੁਕ ਗੋਦੀ ਹਿਰਦੇ ਲਾ ਲਿਆ ਸੀ।
ਹਲਕਾ ਰੂੰ ਵਾਂਗੂੰ ਫਿਰ ਭਾਰ ਹੋਇਆ,
ਵਿਚ ਚਾਦਰੇ ਫੇਰ ਛੁਪਾ ਲਿਆ ਸੀ।
ਧਰਮੂ ਕੋਟ ਘਰ ਆਪ ਦੇ ਆ ਗਿਆ ਸੀ,
ਸਾਹਿਬ ਕੌਰ ਨੂੰਹ ਦੀ ਝੋਲੀ ਪਾ ਲਿਆ ਸੀ।
ਤੋਰੀ ਭੈਣ 'ਕੰਵਲ' ਜੇਹੜੀ ਮਰ ਗਈ ਸੀ,
ਮੁੰਡਾ ਓਸ ਦਾ ਦੱਸੀਂ ਮੈਂ ਪਾਲਿਆ ਸੀ।

**ਸਾਹਿਬ ਕੌਰ ਨਾਲ ਕੌਤਕ :**

ਕੌਤਕ ਕਈ ਸਾਹਿਬ ਕੌਰ ਦੇ ਨਾਲ ਕੀਤੇ,
ਨਾਲ ਸੁੱਡਾ ਸੱਠ ਸਾਲ ਦਾ ਹੋ ਗਿਆ ਸੀ।



Sri Satguru Jagjit Singh Ji Elibrary NamdhariElibrary@gmail.com

ਇਹ ਦੇਖ ਕੌਤਕ ਸਾਹਿਬ ਕੌਰ ਡਰ ਗਈ,
ਮੂੰਹ ਬੰਦ ਭੀ ਬੋਲਣੋਂ ਹੋ ਗਿਆ ਸੀ।
ਹੱਥ ਬੰਨ੍ਹ ਮਾਈ ਅਗੋਂ ਆਖਦੀ ਹੈ,
ਇਹੋ ਭੁੱਲ ਸਾਂਗ ਨਾਹੀ ਸਾਥੋਂ ਹੋ ਗਿਆ ਸੀ।
ਫਿਰ ਸਾਂਗ ਉਹ ਝੱਟ ਅਲੋਪ ਹੋਇਆ,
ਬਾਲਕ ਵਾਂਗ ਮੁੜਕੇ 'ਕੰਵਲ' ਹੋ ਗਿਆ ਸੀ।

**ਮਲਕਾ ਵਿਕਟੋਰੀਆਂ ਨੂੰ ਖਬਰ ਮਿਲੀ ਕੇ ਫੱਤੇ ਕੌਰ ਦਾ ਮੁੰਡਾ ਜੰਮਦਾ ਹੀ ਮਰ ਗਿਆ ਫਿਰ ਜੋਤਸ਼ੀ ਬੁਲਾਏ।**

ਸੱਦੇ ਰਾਣੀ ਨੇ ਜੋਤਸ਼ੀ ਫੇਰ ਮੁੜਕੇ,
ਕਿੱਸਾ ਖੋਲ ਪੰਜਾਬ ਦਾ ਦੱਸਿਆ ਸੀ।
ਮੇਰਾ ਰਾਜ ਲੇਣਾ ਜਿਸ ਓਹ ਮਰ ਗਿਆ ਹੈ।
ਜੇਹੜਾ ਤੁਸੀਂ ਮੈਨੂੰ ਹਾਲ ਦੱਸਿਆ ਸੀ।
ਮੇਰੀ ਪੁਲਸ ਨੇ ਹੱਥੀ ਸਸਕਾਰ ਕੀਤਾ,
ਏਹ ਸੰਦੇਸ਼ ਓਹਨੀ ਸੱਚ ਦੱਸਿਆ ਸੀ।
ਗੱਲ "ਕੰਵਲ" ਦੀ ਕਦੇ ਨਾ ਝੂਠ ਹੁੰਦੀ,
ਮੇਰੇ ਹਾਕਮਾ ਨੇ ਮੈਨੂੰ ਦੱਸਿਆ ਸੀ।

ਸੁਣ ਕੇ ਜੋਤਸ਼ੀ ਬੜੇ ਹੈਰਾਨ ਹੋਏ।
ਕਤਾਬ ਆਪਣੀ ਦਾ ਵਰਕਾ ਫੋਲਿਆ ਸੀ।
ਘੜੀ ਮੁੜੀ ਓਹ ਪੱਤਰਾ ਘੋਖਦੇ ਸਨ,
ਮਸਲਾ ਹੱਥ ਨਹੀਂ ਆਵਦਾ ਟੋਲਿਆ ਸੀ।
ਤੀਜੇ ਦਿਨ ਪਹੁੰਚੇ ਕਿਸੇ ਜਾ ਸਿੱਟੇ,
ਹਾਲ ਮਲਕਾਂ ਦੇ ਅਗੇ ਖੋਲਿਆ ਸੀ।
ਜੋਤਸ਼ ਦੱਸਦਾ ਹੈ ਓਹ ਤਾਂ ਜੀਵੰਦਾ ਹੈ,
"ਕੰਵਲ" ਬਿਨਾ ਫਰੇਬ ਏਹੁ ਬੋਲਿਆ ਸੀ।



Sri Satguru Jagjit Singh Ji Elibrary NamdhariElibrary@gmail.com

**ਜੋਤਸ਼ੀਆਂ ਨੇ ਆਖਿਆ**

"ਕੰਵਲ" ਨਾਸ ਤੋਂ ਰਹਿਤ ਅਬਿਨਾਸ਼ੀ ਹੈ ਓਹੁ,
ਓਹ ਮਰੇ ਨਾ ਕਿਸੇ ਦੇ ਮਾਰਿਆਂ ਤੇ।
ਸ਼ਕਤੀ ਲੈਕੇ ਓਹ ਅਨੰਤ ਆਇਆ,
ਓਹ ਉੱਚਾ ਹੈ ਸੂਰਜ ਚੰਦ ਤਾਰਿਆਂ ਤੇ।
ਜਤੀ ਸੱਤੀ ਚਿਰ ਜੀਵਣਾ "ਕੰਵਲ" ਹੈ ਓਹੁ।
ਉਸ ਬੈਠਣਾ ਨਹੀਂ ਸ਼ਾਦੀ ਖਾਰਿਆ ਤੇ।
ਜੋ ਉਸਦੀ ਜ਼ੁਬਾਨ ਚੋਂ ਨਿਕਲੇਗਾ,
ਸਦਾ ਚਮਕੇਗਾ ਵੱਧ ਸਤਾਰਿਆਂ ਤੇ।

ਜਿਸ ਕੰਮ ਲਈ ਆਇਆਂ ਓਹੁ ਕਰੂ ਪੂਰਾ,
ਉਸਤੋਂ ਬਾਦ ਅਲੋਪ ਹੋ ਜਾਇਗਾ ਜੀ।
ਭਾਰਤ ਮਾਤ ਦੇ ਬੰਧ ਛੁੜੌਨ ਖਾਤਰ,
ਕੀਤਾ ਆਪਣਾ ਕੌਲ ਨਿਭਾਏਗਾ ਜੀ।
ਓਹ ਕੋਟ ਧਰਮੂ ਵਿਚ ਪਲ ਰਿਹਾ ਹੈ।
ਉਸਨੂੰ ਟੋਲਿਆ ਕੋਈ ਨਾ ਪਾਏਗਾ ਜੀ।
ਓਹ ਤਾਂ "ਕੰਵਲ" ਦੇ ਵਾਂਗ ਨਿਰਲੇਪ ਰਹਿੰਦਾ,
ਹਰ ਕੋਈ ਉਸਨੂੰ ਸੀਸ ਨਿਵਾਏਗਾ ਜੀ।

**ਵਾਕ ਕਵੀ**

ਰੱਬ ਭੇਜਦਾ ਜਿਸਨੂੰ ਦੇ ਥਾਪੀ,
ਜੋਰ ਬੰਦੇ ਵਿਚ ਕੀ ਉਹਨੂੰ ਮਾਰਨੇ ਦਾ।
ਦੁਆਪਰ ਵਿਚ ਕ੍ਰਿਸ਼ਨ ਨੂੰ ਭੇਜਿਆ ਸੀ।
ਕੰਸ ਜੋਰ ਲਾਇਆਂ ਉਸਨੂੰ ਮਾਰਨੇ ਦਾ।
ਗਈ ਪੂਤਨਾ ਥੱਣਾਂ ਨੂੰ ਜ਼ੈਹਰ ਲਾਕੇ।
ਕਿਹਾ ਹਰੀ 'ਵਰ' ਦਿੱਤਾ ਸੂ ਤਾਰਨੇ ਦਾ।



Sri Satguru Jagjit Singh Ji Elibrary NamdhariElibrary@gmail.com

ਮਹਾਂ ਪੁਰਖਾਂ ਦੀ ਗੱਤੀ ਅਗਾਧ ਹੁੰਦੀ।
ਧੱਥਾ ਲਗੇ ਨਾ ਦਿਨਾਂ ਤੇ ਹਾਰਨੇ ਦਾ।

**ਵਾਕ ਮਲਕਾ ਰਾਣੀ**

ਮਲਕਾਂ ਆਖਦੀ ਫੇਰ ਨਜੂਮੀਆਂ ਨੂੰ,
ਉਸਦੇ ਰਹਿਣ ਦੀ ਥਾਂ ਬਤਾਓ ਮੈਨੂੰ।
ਮੈ ਫੋਲ ਅਕਾਸ਼ ਪਤਾਲ ਸਿੱਟਾਂ,
ਸਹੀ ਦਸੋ ਨਜੂਮ ਲਗਾਓ ਮੈਨੂੰ।
ਮੈਥੋਂ ਗੁੱਝਾ ਨਹੀਂ ਭਾਰਤ ਦਾ ਥਾਂ ਕੋਈ।
ਪਹਾੜ ਕੰਦਰਾਂ ਗੁਫਾ ਸੁਣਾਉ ਮੈਨੂੰ।
"ਕੰਵਲ" ਵਾਂਗ ਚੁੰਬਕ ਲੋਹਾ ਖਿੱਚ ਲਵਾਂ,
ਜ਼ਰਾ ਥੋੜਾ ਨਿਸ਼ਾਨ ਦਰਸਾਉ ਮੈਨੂੰ।

**ਵਾਕ ਜੋਤਸ਼ੀ**

ਜੋ ਕੁਛ ਲਿਖਿਆ ਸਾਡੀ ਕਤਾਬ ਦੇ ਵਿਚ,
ਤੈਨੂੰ ਦੱਸ ਦਿਤਾ ਬਾਰ ਬਾਰ ਮਾਤਾ।
ਰਿਆਸਤ ਪਟਿਆਲਾ ਇਲਾਕਾ ਹੈ ਮਾਨਸਾ ਦਾ।
ਕੋਟ ਧਰਮੂ ਹੈ ਘਰ ਬਾਰ ਮਾਤਾ।
ਨਿਸ਼ਾਨੀ ਓਸਦੀ ਅੱਗੇ ਵੀ ਅਸਾਂ ਦੱਸੀ,
ਰਹਿੰਦਾ ਸਿੰਘਾ ਦੇ ਹੈ ਘਰ ਬਾਰ ਮਾਤਾ।
"ਕੰਵਲ" ਧਰਤੀ ਪੰਜਾਬ ਕਹਾਂਵਦੀ ਹੈ,
ਪੰਜ ਦਰਿਆ ਚਲਣ ਪੁਸਤ ਵਾਰ ਮਾਤਾ।

ਪੱਕੀ ਹੋਰ ਨਿਸ਼ਾਨੀ ਇਕ ਦੱਸਦੇ ਹਾਂ;
ਪਸ਼ੂ ਪੰਛੀਆਂ ਦਾ ਖੂਨ ਲਾਲ ਹੁੰਦਾ।
ਚਿੱਟਾ ਹੋਏਗਾ ਉਸਦਾ ਦੁੱਧ ਵਰਗਾ।
ਮਸਤਕ ਉਸਦਾ ਤੇਜ਼ ਮਸਾਲ ਹੁੰਦਾ।



Sri Satguru Jagjit Singh Ji Elibrary NamdhariElibrary@gmail.com

ਫੜਨ ਗਿਆਂ ਓਹ ਕਿਸੇ ਨੂੰ ਦਿਸੇਗਾ ਨਹੀਂ।
ਮੰਤਰ ਛੁਪਣ ਦਾ ਵੀ ਉਸ ਨਾਲ ਹੁੰਦਾ।
ਓਹ ਆਇਆ ਹੈ "ਕੰਵਲ" ਦਰਗਾਹ ਵਿਚੋਂ,
ਉਸ ਤੇ ਰੱਬ ਦਾ ਸਦਾ ਇਕਬਾਲ ਹੁੰਦਾ।

**ਵਾਕ ਕਵੀ :**

ਏਹ ਸੁਖੁਨ ਸੁਣ ਰਾਣੀ ਬੇਹੋਸ਼ ਹੋਈ,
ਉਸਦੇ ਅੰਗ ਸਭ ਗਏ ਕੁਮਲਾ ਭਾਈ।
ਡਾਕਟਰ ਡੋਹਿ ਪਏ ਨਬਜ਼ ਟਟੋਲਣੇ ਨੂੰ;
ਕਰਨ ਐਕਸਰੇ ਟੂਟੀਆਂ ਲਾ ਭਾਈ।
ਰੋਗ ਕਿਸੇ ਦੀ ਸਮਝ ਵਿਚ ਆਇਆ ਨਾ,
ਪਿਆ ਛਾਇਆਂ ਕੋਈ ਵੈਹਮਦਾ ਆ ਭਾਈ।
"ਕੰਵਲ" ਵੈਹਮ ਦੀ ਹੁੰਦੀ ਦਵਾ ਨਾਹੀ,
ਬਿਨਾ ਗੌਡ ਇਲਾਜ ਹੈ ਲਾ ਭਾਈ।

**ਰਾਣੀ ਨੂੰ ਹੋਸ਼ ਔਣੀ ਤੇ ਹੁਕਮ ਦੇਣਾ :**

ਦੂਜੇ ਚਿਨ ਜਾ ਰਾਣੀ ਦੀ ਹੋਸ਼ ਪਰਤੀ,
ਹੁਕਮ ਲਿਖ ਪੰਜਾਬ ਨੂੰ ਘੱਲਿਆ ਸੀ।
ਸੰਮਤ ੧੯੪੬ ਸੰਗ੍ਰਾਂਦ ਮੱਘਰ ਦੀ ਸੀ;
ਚਿੱਠੀ ਡਾਕੀਆਂ ਦੇਣ ਲਈ ਚੱਲਿਆ ਸੀ।
ਪੜ੍ਹੀ ਚਿੱਠੀ ਪੰਜਾਬ ਦੇ ਹਾਕਮਾਂ ਨੇ,
ਹੁਕਮ ਮਲਕਾਂ ਦੇ ਹਿਰਦੇ ਨੂੰ ਸੱਲਿਆ ਸੀ।
"ਕੰਵਲ" ਲਾਓ ਟੀਕੇ ਸਾਰੇ ਬੱਚਿਆਂ ਦੇ।
ਐਵੇ ਕਾਸਨੂੰ ਤਖਤ ਭੁਸਾਂ ਮੱਲਿਆ ਸੀ।

ਬੱਚੇ ਜਿਸ ਵਿਚੋਂ ਚਿੱਟਾ ਦੁੱਧ ਨਿਕਲੇ।
ਮੇਰੇ ਰਾਜ ਵਿਚ ਉਹ ਭੜਬੂ ਪੌਣ ਵਾਲਾ।



Sri Satguru Jagjit Singh Ji Elibrary NamdhariElibrary@gmail.com

ਜੀਉਂਦਾ ਉਸਨੂੰ ਕਦੇ ਨਾ ਛੱਡਣਾ ਜੇ।
ਏ ਹੈ ਬ੍ਰਿਟੱਸ਼ ਦੇ ਖ਼ੂਨ ਵਿਚ ਨਹੌਣ ਵਾਲਾ।
ਮੈਨੂੰ ਜੋਤਸ਼ੀਆਂ ਏਹ ਸਲਾਹ ਦਿੱਤੀ,
ਏ ਹੈ ਤੇਰੇ ਰਾਜ ਨੂੰ ਨਸ਼ਟ ਕਰੋਣ ਵਾਲਾ।
"ਕੰਵਲ" ਕਿਸੇ ਨੂੰ ਏਹ ਗਲ ਦੱਸਣੀ ਨਾਂ,
ਗੁਪਤ ਭੇਦ ਹੈ ਤੋੜ ਨਿਭੋਣ ਵਾਲਾ।

ਵਾਕ ਕਵੀ-ਜ਼ੁਲਮ ਦਾ ਫਲ :

ਹੁੰਦਾ ਕੁਦਰਤ ਦਾ ਪੱਖ ਮਜ਼ਬੂਤ ਯਾਰੋ।
ਜ਼ਾਲਮ ਏਸ ਅੱਗੇ ਗੋਡੇ ਟੇਕਦੇ ਨੇ।
ਫਲ ਭੁਗਤਣਾ ਪੈਂਦਾ ਕਰਨੀ ਆਪਣੀ ਦਾ,
ਭਾਂਵੇ ਵਿਚ ਚਰਚਾਂ ਮੱਥੇ ਟੇਕਦੇ ਨੇ।
ਬੀਜ ਜ਼ੋਹਰ ਨਾ ਅੰਬ ਅਨਾਰ ਉਗਦੇ।
ਅੰਤ ਖਾਣੇ ਪੈਂਦੇ ਫਲ ਡੇਕਦੇ ਨੇ।
"ਕੰਵਲ" ਡਰਨਾ ਚਾਹੀਦੇ ਕੁਦਰਤੀ ਨੇਮ ਕੋਲੋਂ।
ਕੰਮ ਕਰੋ ਚੰਗੇ ਸਦਾ ਨੇਕਦੇ ਨੇ।

ਟਿੱਕੇ ਜੀਂਦ ਦੇ ਰਾਜੇ ਰਘਬੀਰ ਸਿੰਘ ਨੇ।
ਕੂਕੇ ਕੈਦ ਕਰਕੇ ਭੁੱਖੇ ਮਾਰ ਦਿੱਤੇ।
ਰੂਹਾਂ ਉਹਨਾਂ ਦੀਆਂ ਰੋਜ ਸਤੌਣ ਆਕੇ।
ਦਿਨੇ ਰਾਤ ਉਸਨੂੰ ਗਮ ਖਾਰ ਦਿੱਤੇ।
ਨੀਂਦ ਆਵਦੀ ਨਾ ਚੈਨ ਨਾਲ ਉਸਨੂੰ,
ਰੂਹਾਂ ਆਣ ਸਰੀਰ ਤੇ ਭਾਰ ਦਿੱਤੇ।
ਹਾਏ ! ਮਰ ਗਿਆ, ਮੈਂ, ਦਿਨੇ ਰਾਤ ਕਰਦਾ,
"ਕੰਵਲ" ਗੱਦੀ ਦੇ ਸੁਖ ਉਤਾਰ ਦਿੱਤੇ।



Sri Satguru Jagjit Singh Ji Elibrary NamdhariElibrary@gmail.com

ਹੋਇਆ ਜ਼ੁਲਮ ਭਾਰੀ ਮਲਕਾ ਰਾਜ ਅੰਦਰ,
ਕੂਕੇ ਤੋਪਾਂ ਦੇ ਨਾਲ ਉਡਾ ਦਿਤੇ।
ਕਸੂਰ ਕਿਸੇ ਦਾ ਹੋਇਆ ਸਬੂਤ ਨਾ ਸੀ,
ਕਈ ਜੇਹਲ ਤੇ ਕਈ ਫਾਂਸ਼ੀ ਲਾ ਦਿਤੇ।
ਅਖੰਡ ਪਾਠ ਕਰਦੇ ਜੇਹਲੀ ਪਾ ਸਾੜੇ।
ਉਮਰ ਕੈਦਾਂ ਦੇ ਚੱਕਰ ਚਲਾ ਦਿਤੇ।
"ਕੰਵਲ" ਜ਼ੁਲਮ ਦਾ ਰਾਜ ਨਾ ਕਦੇ ਰਹਿੰਦਾ,
ਕੁਦਰਤ ਜੜ੍ਹਾਂ ਤੋਂ ਪੱਟ ਉਠਾਲ ਦਿਤੇ।

**ਪੰਜਾਬ ਸਰਕਾਰ ਵਲੋਂ ਮਲਕਾਂ ਨੂੰ ਚਿੱਠੀ :**

ਅਸੀਂ ਬਾਲਕਾਂ ਦੇ ਟੀਕੇ ਲਾ ਦੇਖੇ,
ਚਿੱਟਾ ਲਹੂ ਨਾ ਕਿਸੇ ਚੋਂ ਪਾਇਆ ਸੀ।
ਧਰਮੂ ਕੋਟ ਜਾ ਕੇ ਪੁਲਸ ਗੱਸ਼ਤ ਲਾਈ,
ਬਾਲਕ ਹੱਥ ਨਾ ਕਿਸੇ ਦੇ ਆਇਆ ਸੀ।
ਕੰਸ ਵਾਂਗਰਾ ਘਰੀ ਫਦਰੋਲ ਪਾਇਆ।
ਝੂਠੀ ਗੱਲ ਦਾ ਸ਼ੋਰ ਮਚਾਇਆ ਸੀ।
"ਕੰਵਲ" ਥੱਕਕੇ ਹਾਰਕੇ ਲਿਖੀ ਚਿੱਠੀ।
ਕੀ ਤੁਸਾਂ ਯਕੀਨ ਨਹੀਂ ਆਇਆ ਸੀ।

ਅਸਾਂ ਛਾਣ ਲਿਆ ਕੋਨਾ ਕੋਨਾ ਘਰਦਾ,
ਪਰ ਓਹੁ ਬਾਲਕ ਕਿਤੇ ਹੱਥ ਆਇਆ ਨਹੀਂ।
ਲਹੂ ਹੋਇਆ ਨਾ ਕਿਸੇ ਦਾ ਦੁੱਧ ਵਰਗਾ,
ਅੱਜ ਭਾਈ ਕਿਸੇ ਏਹੁ ਵੀ ਪਾਇਆ ਨਹੀਂ।
ਐਮੇ ਪਿੱਛਾ ਛੁਡਾ ਲਿਆ ਜੋਸੀਆਂ ਨੇ,
ਕਿਸੇ ਸਚ ਵਿਚ ਏਸਨੂੰ ਗਾਇਆ ਨਹੀਂ।



Sri Satguru Jagjit Singh Ji Elibrary NamdhariElibrary@gmail com



ਸ੍ਰ. ਅਵਤਾਰ ਸਿੰਘ ... ਜੀ ਪਿੰਡ
ਅੰਬ੍ਰਾਸਰ-ਜੀਰ... ...ਰ



ਸ੍ਰ. ਸੁਰਜੀਤ ਸਿੰਘ "ਜੋਰਨ", ਐਡੀਟਰ ਕੈਪੀਟਲ ਰਿਪੋਰਟਰ ਹਿੰਦੀ ਅਖਬਾਰ, ਜੋ ਮਹਾਰਾਜ ਜੰਗ ਸਿੰਘ ਜੀ ਦੇ ਵਰੋਸਾਏ ਪ੍ਰੀਵਾਰ ਦੇ ਮੁਖੀ ਸਜਨ ਹਨ।



ਏਹ ਫੋਟੋ ਕੋਟ ਧਰਮੂ ਵਿਖੇ ਡੇਰਾ ਮਹਾਰਾਜ ਜੰਗ ਸਿੰਘ ਜੀ ਵਿਚ ਸੰਗਤਾਂ ਵਲੋਂ ਤਿਆਰ ਕੀਤਾ ਗਿਆ ਸਰੋਵਰ ਦਾ ਦ੍ਰਿਸ਼ ਦਿਖਾਈ ਦੇ ਰਿਹਾ ਹੈ। ਇਸ ਪੁੰਨ ਭੂਮੀ ਦੇ ਸਰੋਵਰ ਵਿਚ ਸੰਗਤ ਇਸ਼ਨਾਨ ਕਰਕੇ ਆਬਣਾ ਜੀਵਨ ਸਫਲ ਸਮਝਦੇ ਹਨ। ਤੇ ਮਨ ਇੱਛਤ ਫਲ ਪਰਾਪਤ ਕਰਦੇ ਹਨ। 'ਕੰਵਲ'



ਸ੍ਰ. ਕਿਰਪਾਲ ਸਿੰਘ 'ਮਾਖਾ' ਸਾਖੀ ੧੯੫੮ ਦੀ

ਸ੍ਰ. ਕ੍ਰਿਪਾਲ ਸਿੰਘ ਮਾਖੇ ਨੂੰਕਾਂਗਰਸ ਵਲੋਂ ਗਿਆਨੀ ਜੈਲ ਸਿੰਘ ਜੀ ਦੀ ਮਦਦ ਨਾਲ, ਇੱਲੈਕਸ਼ਨ ਵਿੱਚ ਖੜੇ ਹੋਣ ਲਈ ਟਿਕਟ ਮਿਲਿਆ, ਤਾਂ ਗਿਆਨੀ ਜੈਲ ਸਿੰਘ ਜੀ ਨੇ ਕਿਹਾ ਕਿ ਤੂੰ ਇਲਾਕਾ ਬਠਿੰਡਾ ਤਸੀਲ ਮਾਨਸਾ ਵਿਚ ਖੜੇ ਹੋਣਾ ਹੈ ਤਾਂ ਤੂੰ ਕੋਟ ਧਰਮੂ ਵਿਖੇ ਬਾਬਾ ਜੰਗ ਸਿੰਘ ਜੀ ਪਾਸ ਜਾਹ ਓਥੋਂ ਦੇ ਮਾਲਕ ਓਹ ਹਨ, ਤਾਂ ਸ੍ਰ. ਕ੍ਰਿਪਾਲ ਸਿੰਘ ਜੀ ਮਹਾਰਾਜ ਜੀ ਪਾਸ ਪਹੁੰਚਿਆ ਤਾਂ ਮਹਾਰਾਜ ਜੀ ਨੇ ਕਿਹਾ ਆ ਭਾਈ ਕਿਸ ਲਈ ਆਇਆ, ਤਾਂ ਮਾਖੇ ਨੇ ਕਿਹਾ ਮਹਾਰਾਜ ਜੀ ਮੇਰੇ ਤੇ ਕਿਰਪਾ ਕਰੋ ਮੈਂ ਇਸ ਇਲਾਕੇ ਵਿੱਚੋਂ ਖੜਾ ਹੋਇਆਂ ਹਾਂ ਮੈਂ ਚਾਹੁੰਦਾ ਹਾਂ ਮੇਰੀ ਜਿੱਤ ਹੋਵੇ, ਮਹਾਰਾਜ ਜੀ ਬਚਨ ਕੀਤਾ ਕਿ ਤੂੰ ਕਿਨੀਆਂ ਕੁ ਵੋਟਾਂ ਨਾਲ ਜਿੱਤਣਾ ਚਾਹੁੰਦਾ ਹੈ, ਮਾਖਾ ਕਹਣ ਲੱਗਾ ਮਹਾਰਾਜ ਜੀ ਘੱਟ ਤੋਂ ਘੱਟ ਦਸ ਹਜਾਰ ਜਿਆਦਾ ਮਿਲਣੀ ਚਾਹੀਦੀ ਹੈ। ਮਹਾਰਾਜ ਜੀ ਨੇ ਕਿਹਾ ਚੰਗਾ ਤੇਰੀ ਦਸ ਹਜਾਰ ਵੋਟ ਵਧੇਗੀ ਬਸਜਦ ਵੋਟਾਂ ਦੀ ਗਿਣਤੀ ਹੋਂਈ ਤਾਂ ਮਹਾਰਾਜ ਜੀ ਦੇ ਬਚਨ ਅਨੁਸਾਰ ਪੂਰੀ ਦਸ ਹਜਾਰ ਹੀ ਵੱਧੀ ਤਿੰਨ ਵਾਰ ਗਿਣਤੀ ਹੋਈ ਪੂਰੀ ਦਸ ਹਜਾਰ ਹੀ ਵਧੀ। ਓਦੋਂ ਤੋਂ ਲੈਕੇ ਸ੍ਰ. ਕ੍ਰਿਪਾਲ ਸਿੰਘ ਮਾਖਾ ਮਹਾਰਾਜ ਜੀ ਦਾ ਪੂਰਣ ਸਰਧਾਲੂ ਤੇ ਡੇਰੇ ਦੇ ਸਾਰੇ ਕੰਮ ਆਪ ਵਿੱਚ ਹੋਕੇ ਹੀ ਕਰਦਾ ਹੈ। ਮਹਾਰਾਜ ਜੀ ਨੂੰ ਪੂਰਨ ਪੁਰਖ ਸਕਤੀ ਸੰਪਨ ਮੰਨਦਾ ਹੈ।

ਖੱਬਿਓ-ਸੱਜੇ : ਬਖਬੀਸ ਸਿੰਘ (ਬਪੀਆਣਾ) ਗੁਰਦਿਆਲ ਸਿੰਘ (ਜੰਡਵਾਲਾ) ਮਸਤਾਨਾ ਗੁਰਦਿਆਲ ਸਿੰਘ (ਮਹੰਤ) ਸ੍ਰ. ਕ੍ਰਿਪਾਲ ਸਿੰਘ ਜੀ (ਮਾਖਾ), ਗਿਆਨ ਸਿੰਘ (ਸੂਬਾ) ਸਰਪੰਚ ਸੁਖਦੇਵ ਸਿੰਘ ਕੋਟ ਧਰਮੂ, ਸ੍ਰ. ਸੁਰੈਣ ਸਿੰਘ ਜੀ ਜੱਥੇਦਾਰ।

Sri Satguru Jagjit Singh Ji Elibrary NamdhariElibrary@gmail.com

"ਕੰਵਲ" ਰੱਬ ਦੇ ਭੇਦ ਨੂੰ ਕੌਣ ਜਾਣੇ,
ਕੀਹ-ਖਲਕਤ ਨੂੰ ਉਸਨੇ ਬਣਾਇਆ ਨਹੀਂ।

**ਚਿੱਠੀ ਪੜ੍ਹਕੇ ਮਲਕਾ ਦੀ ਉਦਾਸੀ :**

ਚਿਠੀ ਪੜ੍ਹ ਮਲਕਾ ਸੀ ਉਦਾਸ ਹੋਈ,
ਹੁਣ ਈਸਾ ਨੂੰ ਰੋਜ ਧਿਆਵਦੀ ਏ।
ਅੱਛਾ ਪ੍ਰਭੂ ਜਿੱਸੂ ਤੇਰੀ ਸਰਨ ਆਈ।
ਤੂੰ ਮੇਰੇ ਰਾਜ ਦੀ ਲਾਜ ਬਚਾਵਣੀ ਏ।
ਅੰਤ ਰਾਜ ਨੂੰ ਝੂਰਦੀ ਮਰੀ ਰਾਣੀ।
ਨਹੀ ਕੁਦਰਤ ਦੇ ਭੇਦ ਨੂੰ ਜਾਣਦੀ ਏ।
"ਕੰਵਲ" ਫਨਾਹ ਮੁਕਾਮ ਏਹ ਜੱਗ ਸਾਰਾ,
ਲੋਕੀ ਕੂੜ ਤਾਣਾ ਏਥੇ ਤਾਣਦੀ ਏ।

**ਹੁਣ ਮਹਾਰਾਜ ਦੀ ਚਰਿੱਤਰ ਗਾਥਾ ਸੁਣੋ :**

ਕੋਟ ਧਰਮੂ ਦੇ ਪਿੰਡ ਨੂੰ ਭਾਗ ਲਾਏ।
ਕਦੇ ਬੈਠ ਭੋਰੇ ਮਾਲਾ ਫੇਰਦੇ ਜੀ।
ਅੱਠੇ ਪਹਿਰ ਓ ਨਾਮ ਨਾਲ ਜੁੜੇ ਰਹਿੰਦੇ,
ਜਰਾ ਅੱਖ ਨਾ ਕਿਸੇ ਵਲ ਫੇਰਦੇ ਜੀ।
ਸੋਲਾਂ ਪਹਰ ਦੀ ਕਦੇ ਸਮਾਧੀ ਲੈਂਦੇ,
ਚਿੱਤ ਭਟਕੇ ਨਾ ਕਦੇ ਹੋਰ ਫੇਰਦੇ ਜੀ।
"ਕੰਵਲ" ਲੋਕਾਂ ਦੀ ਹੋਏ ਮੁਰਾਦ ਪੂਰੀ,
ਸ਼ਰਧਾ ਫੁੱਲ ਆ ਕੇ ਚਰਨੀ ਕੇਰਦੇ ਜੀ।

ਕਦੇ ਜੰਗਲ ਦੇ ਵਿਚ ਸਮਾਧਿ ਲੈਂਦੇ,
ਗੜਵਾ ਪਾਣੀ ਦਾ ਨਾਲ ਓਹ ਰੱਖਦੇ ਸਨ।
ਬਾਬਾ ਕਿਸ਼ਨ ਸਿੰਘ ਵੇਖਕੇ ਮੁੜੇ ਖਾਲੀ,
ਕੋਲ ਗਿਆ ਤੇ ਅੱਖ ਨਹੀਂ ਪੱਟਦੇ ਸਨ।



Sri Satguru Jagjit Singh Ji Elibrary NamdhariElibrary@gmail.com

ਕਦੇ ਦੌੜ ਮਲ੍ਹਿਆਂ ਵਾਲੀ ਵਿਚ ਜਾ ਕੇ,
ਲੁੱਕੇ ਪ੍ਰਭੂ ਦੇ ਭਜਨ ਵਿਚ ਡੱਟਦੇ ਸਨ।
ਬਿਸ਼ਨ ਸਿੰਘ ਨੂੰ ਰੱਖਣ ਭੁਲੇਖਿਆਂ ਵਿਚ,
'ਕੰਵਲ' ਮਾਲਕ ਸੀ ਓਹ ਘਟ ਘੱਟਦੇ ਸਨ।

**ਮਹਾਰਾਜ ਜੀਨੇ ਰੋਹੀ (ਖੱਡੇ) ਵਿਚ ਪਿਆ ਮੋਟਾ ਲਕੜੀ ਦਾ ਪੋਰਾ ਆਪਣੇ ਕਢਵਾਇਆ :**

(ਬਾਬੇ) ਬਿਸ਼ਨ ਸਿੰਘ ਤੋਂ ਸੀ ਦੂਜਾ ਪਿੰਡ ਓਹੁ,
ਮਾਖਾ ਪਿੰਡ ਦਾ ਨਾਮ ਸੁਣਾਵਦੇ ਸਨ।
ਪੋਰਾ ਲੱਕੜੀ ਦਾ ਪਿਆ ਵਿੱਚ ਰੋਹੀ,
ਚਾਲੀ ਆਦਮੀ ਕੱਢ ਨਹੀਂ ਪਾਂਵਦੇ ਸਨ।
ਮਾਖੇ ਵਾਲਿਆਂ ਏਹੁ ਵੀਚਾਰ ਕੀਤੀ,
ਭੁਲਕੇ ਹੋਰ ਵਹੀਰ ਲੈ ਧਾਂਵਦੇ ਸਨ।
ਜਾਕੇ ਕੀ ਦੇਖਣ ਪੋਰਾ ਬਾਹਰ ਪਿਆ,
'ਕੰਵਲ' ਲੋਕ ਹੈਰਾਨ ਹੋ ਜਾਂਵਦੇ ਸਨ।

**ਪੋਰਾ ਕੱਢਣ ਵਾਲੇ ਦੀ ਪੈੜ ਪਕੜੀ :**

ਸਭਨੇ ਏਸ ਅਚੰਭੇ ਨੂੰ ਦੇਖ ਕੇ ਜੀ,
ਪੈੜ ਪੱਕੜ ਓਧਰ ਸਾਰੇ ਜਾਂਵਦੇ ਜੀ।
ਪੈੜ ਦੌੜ ਦੇ ਵਿਚ ਜਾ ਵੜੀ ਜਾਕੇ।
ਮਹਾਰਾਜ ਜੀ ਨੂੰ ਬੈਠਾ ਪਾਂਵਦੇ ਜੀ।
ਸਮਾਧੀ ਲਗੀ ਦਰ ਤੇ ਪਹਰਾ ਨਾਗ ਦੇਵੇ।
ਲੋਕੀ ਦੇਖ ਡਰਕੇ ਮੁੜ ਆਂਵਦੇ ਜੀ।
ਸਭਨੀ ਥਾਂਈ ਏਹ ਗੱਲ ਮਸ਼ਹੂਰ ਹੋਈ,
ਲੋਕੀ 'ਕੰਵਲ' ਨੂੰ ਸੀਸ ਨਿਵਾਂਵਦੇ ਸੀ।



Sri Satguru Jagjit Singh Ji Elibrary NamdhariElibrary@gmail.com

**ਵਾਕ ਕਵੀ :**

ਭਾਵੇਂ ਗੱਲ ਅਚੰਭੇ ਦੀ ਲਗਦੀ ਏ।
ਗੁਰੂ ਘਰ ਦੀਆਂ ਕਲਾਂ ਮਸ਼ਹੂਰ ਹੈਸੀ।
ਗੁਰੂ ਨਾਨਕ ਨਿਰੰਕਾਰ ਦੇ ਕਉਤਕਾਂ ਚੋਂ,
ਮਕਾ ਫਿਰ ਗਿਆ ਇਹੁ ਦਸਤੂਰ ਹੈਸੀ।
ਨਾਮ ਦੇਵ ਨੇ ਵੀ ਦੇਹੁਰਾ ਫੇਰਿਆ ਸੀ,
ਕਰਾਮਾਤਾਂ ਦਾ ਏਹੁ ਸਰੂਰ ਹੈਸੀ।
ਬਾਬੇ ਅਟੱਲ ਜੀ ਮੋਹਣ ਜੀਵਾਏ ਦਿਤਾ,
ਗੁਰੂ ਘਰ ਕਰਾਮਾਤ ਭਰਪੂਰ ਹੈਸੀ।

**ਬਰੀ ਮੰਡੀ ਵਾਲੀ ਮਾਈ ਰਾਮ ਕੌਰ ਨੇ ਸੁੱਖਣਾ ਸੁੱਖੀ :**

ਮਹਾਰਾਜ ਜੰਗ ਸਿੰਘ ਚੋਜੀ ਦੇ ਚੋਜ ਸੁਣਕੇ।
ਰਾਮ ਕੌਰ ਦਾ ਮਨ ਲਲਚਾਇਆ ਸੀ।
ਪੰਜ ਦਮੜੇ ਤੇ ਮਿਸਰੀ ਦੇ ਪੰਜ ਕੂਜੇ,
ਭੇਟਾ ਕਰਨ ਲਈ ਮਨ ਹਰਖਾਇਆ ਸੀ।
ਦਰਸ਼ਨ ਕਰਕੇ ਧਰੂੰ ਮੈਂ ਭੇਟ ਏਹੁ,
ਉਮੜ ਚਾਉ ਏਹੁ ਮਨ ਵਿਚ ਆਇਆ ਸੀ।
ਦਰਸ਼ਨ 'ਕੰਵਲ' ਦਾ ਕਰਨ ਧਰਮੂ ਕੋਟ ਆਈ।
ਗੁਰਦਿੱਤ ਸਿੰਘ ਦਾ ਘਰ ਪੁਛਾਇਆ ਸੀ।

**ਮਹਾਰਾਜ ਜੀ ਬਾਹਰੋਂ ਖੇਲਦਿਆਂ ਆਉਣਾ :**

ਮਾਈ ਦਰਸ਼ਣ ਦੀ ਤਾਂਘ ਲੈ ਬੈਠ ਜਾਂਦੀ,
ਬਾਲ ਰੂਪ ਖੇਡਾਂ ਖੇਡ ਆ ਗਏ ਸੀ।
ਕਛੈਹਰਾ ਮੈਲਾ ਜਿਹਾ ਖੁੱਲਾ ਗਲ ਝੱਗਾ,
ਖਿੰਡੀਆਂ ਮੀਢੀਆਂ ਨਾ ਬਹਾ ਗਏ ਸੀ।



Sri Satguru Jagjit Singh Ji Elibrary NamdhariElibrary@gmail.com

ਮਾਂ ਆਪਣੀ ਸਾਹਬੋ ਨੂੰ ਆਖਦੇ ਸੀ।
ਮੁੰਡੇ ਕੱਠੇ ਹੋ ਮੈਨੂੰ ਸਤਾ ਗਏ ਸੀ।
ਸਾਹਬੋ ਆਖਿਆਂ ਮਾਰਾਂਗੇ ਮੁੰਡਿਆਂ ਨੂੰ,
ਘੱਟ ਤੂੰ ਭੀ ਨਹੀਂ ਗੁਸੇ ਵਿਚ ਆ ਗਏ ਸੀ।

ਝਿੜਕ ਮਾਤਾ ਦੀ ਸੁਣੀ ਤਾਂ ਰੋਣ ਲਗ ਪਏ।
ਢਿੱਡ ਬਾਹੀ ਤੇ ਰੱਖ, ਲੱਤਾਂ ਲਮਕਾਂ ਲਈਆਂ।
ਏਸੇ ਤਰ੍ਹਾਂ ਹੀ ਲਿਬੜੇ ਸੌਂ ਗਏ ਸਨ।
ਮੂੰਠਾ ਦੋਣ ਦੇ ਵਿਚ ਫਸਾ ਲਈਆਂ।
ਰਾਮ ਕੌਰ ਮਾਈ ਸ਼ੰਕਾ ਵਿਚ ਪੈ ਗਈ,
ਭੇਟਾ ਚੜ੍ਹੋਣ ਦੀਆਂ ਆਸਾਂ ਗੁਵਾ ਲਈਆਂ।
ਜੋਹੜੀ ਭੇਟਾ ਲਿਆਈ ਸੀ ਬਨ੍ਹ ਪੱਲੇ।
ਹੋ ਅਸ਼ੱਰਧ ਝੋਲੀ ਵਾਪਸ ਪਾ ਲਈਆਂ।

ਵਾਪਸ ਪਹੁੰਚ ਗਈ ਘਰ ਨਿਰਾਸ਼ ਹੋਕੇ।
ਪੂਰੀ ਹੋਈ ਨਾ ਦਿਲੀ ਮੁਰਾਦ ਉਸਦੀ।
'ਕੰਵਲ' ਪ੍ਰਭੂ ਨੂੰ ਮਾਈ ਨੇ ਜਾਣਿਆ ਨਹੀਂ,
ਬਾਲਕ ਸਮਝ ਹੋਈ ਮਤ ਬ੍ਰਬਾਦ ਉਸਦੀ।

**ਗੁਰੂ ਪ੍ਰਤਾਪ ਸਿੰਘ ਜੀ ਦੇ ਵਿਆਹ ਤੇ ਮਹਾਰਾਜ ਜੰਗ ਸਿੰਘ ਜੀ ਗਏ :**

ਉਨੀ ਸੌ ਅਕੱਹਤਰ ਤੇਰਾਂ ਪੋਹ ਹੈ ਸੀ,
ਗੁਰੂ ਪ੍ਰਤਾਪ ਸਿੰਘ ਦਾ ਜਦ ਅਨੰਦ ਹੋਇਆ।
ਵਿਆਹ ਭਾਈਦੇ ਤੇ ਮਹਾਰਾਜ ਜੰਗ ਸਿੰਘ ਜੀ,
ਗੱਦੋ ਡੋਬ ਤੋਂ ਤੁਰਨਦਾ ਪਿਆਰ ਹੋਇਆ।
ਪੱਗ ਹਰੀ ਗੋਟੇ ਨਾਲ ਮੜ੍ਹੀ ਹੋਈ ਸੀ,
ਖੱਟੋ ਚੋਗੇ ਨੂੰ ਪਹਿਨ ਤਿਆਰ ਹੋਇਆ।



Sri Satguru Jagjit Singh Ji Elibrary NamdhariElibrary@gmail.com

'ਕੰਵਲ' ਰਸਮ ਵਿਆਹ ਦੀ ਦੇਖ ਸਾਰੀ,
ਡੇਰਾ ਲਾ ਰੂਪਾਣੇ ਨਿਹਾਲ ਹੋਇਆ।

**ਅਨੰਬਾ ਤੇ ਮੁੜ ਕੇ ਰੂਪਾਣੇ ਡੇਰਾ ਲੌਣਾ :**

ਨੰਬਰਦਾਰ ਬਿਕਰਮਾਂ ਸਿੰਘ ਦੇ ਘਰ,
ਰਹਕੇ ਹਿੱਸਾ ਉਮਰ ਦਾ ਕੁੱਝ ਗੁਜਾਰਿਆ ਸੀ।
ਜੋ ਕੁੱਛ ਕਹਿਣ ਮੂੰਹੋਂ ਸਭ ਸੱਚ ਹੋਵੇ,
ਬਹੁਤੇ ਸੇਵਕਾਂ ਦਾ ਬੇੜਾ ਤਾਰਿਆ ਸੀ।
ਰੋਂਦਾ ਸ਼ਰਣ ਆਇਆਂ ਗਿਆਂ ਹੱਸਦਾ ਓਹੁ,
ਧੰਨ ਧੰਨ ਸਭ ਲੋਕਾਂ ਪੁਕਾਰਿਆ ਸੀ।
'ਕੰਵਲ ਮੂੰਹੋਂ ਮੰਗੀਆਂ ਪਾਉਣ ਮੁਰਾਦ ਲੋਕੀਂ,
ਨਾਮ ਦਾਨ ਦੇ ਕੇ ਸੀਨਾ ਠਾਰਿਆ ਸੀ।

**ਕੁੜੀ ਵਿਚੋਂ ਜਿੰਨ ਕੱਢਣਾ :**

ਦੋਦੇ ਪਿੰਡ ਦਾ ਸਿੰਘ ਕਰਤਾਰ ਮਹਜ਼ਬੀ,
ਜਿੰਨ ਕੁੜੀ ਨੂੰ ਚੰਬੜਿਆਂ ਆਨ ਭਾਈ।
ਸੁਣਕੇ ਜੱਸ ਮਹਾਰਾਜ ਦਾ ਪਿਆ ਪੈਰੀਂ,
ਰੋ ਰੋ ਕੇ ਲਗਾ ਕੁਰਲਾਨ ਭਾਈ।
ਚੇਲਾ ਚੱਪਟਾ ਕੋਈ ਮਉਲਵੀ ਛੱਡਿਆ ਨਾ,
ਆਖਣ ਜਿੰਨ ਹੈ ਬੜਾ ਬਲਵਾਨ ਭਾਈ।
ਆਇਆ ਸਰਨ ਤੇਰੀ ਰਾਖੋ ਲਾਜ ਮੇਰੀ।
ਬਖਸ਼ੋ 'ਕੰਵਲ' ਨੂੰ ਨਾਮ ਦਾ ਦਾਨ ਭਾਈ।

**ਜਿੰਨ ਦੀ ਪੁਕਾਰ :**

ਏਧਰ ਸਿੰਘ ਕਰਤਾਰ ਘੱਗਿਆ ਰਿਹਾ ਸੀ,
ਓਧਰ ਹੱਥ ਬੰਨ੍ਹੀ ਜਿੰਨ ਖੜਾ ਬਾਬਾ।



Sri Satguru Jagjit Singh Ji Elibrary NamdhariElibrary@gmail.com

ਆਖੇ ਮਸਾਂ ਏਹ ਘਰੁ ਬਣਾਦਿਆ ਸੀ,

ਮੇਰਾ ਏਥੇ ਹੈ ਬੱਸ਼ਾ ਪੜਾ ਬਾਬਾ।

ਤੂੰ ਤੇ ਸਭਦੀ ਸੁਣਨ ਅਰਦਾਸ ਆਇਆ,

ਤੇਰੇ ਅੱਗੇ ਮੈਂ ਕਦੇ ਨਾ ਅੜਾਂ ਬਾਬਾ।

'ਕੰਵਲ' ਸਦਾ ਖਿੱੜਿਆ ਏਥੇ ਰਹਣ ਦੇਵੀਂ।

ਘਰ ਬਾਰ ਮੇਰਾ ਏਹੁ ਮੱੜ੍ਹਾ ਬਾਬਾ।

**ਮਹਾਰਾਜ ਨੇ ਦੋਹਾਂ ਦੀ ਗਲ ਸੁਣਕੇ :**

ਮਹਾਰਾਜ ਜੀ ਦੋਹਾਂ ਦੀ ਗਲ ਸੁਣਕੇ।

ਚੁੱਪ ਵੱਟ ਕੇ ਰਾਤ ਨੂੰ ਸੌਂ ਗਏ ਜੀ।

ਅੰਮ੍ਰਿਤ ਵੇਲੇ ਦਾ ਕਰ ਇਸ਼ਨਾਨ ਲੀਤਾ,

ਕਰਤਾਰ ਸਿੰਘ ਨੂੰ ਪਾਸ ਬੁਲਾ ਗਏ ਜੀ।

ਤਾਗਾ ਆਪਣੇ ਆਸਣ ਦਾ ਤੋੜ ਦਿਤਾ,

ਗਲ੍ਹ ਕੁੜੀ ਦੇ ਵਿਚ ਓ ਪਾ ਗਏ ਜੀ।

'ਕੰਵਲ' ਕੁੜੀ ਹੋ ਗਈ ਨੌ ਬਰ ਨੌ ਓਦੋਂ,

ਮਾਂਪੇ ਜੰਗ ਸਿੰਘ ਦਾ ਸ਼ੁਕਰ ਮਨਾ ਗਏ ਜੀ।

**ਮੁਕਤਸਰ ਦੇ ਹੋਲੇ ਤੇ ਗੁਰੂ ਪ੍ਰਤਾਪ ਸਿੰਘ ਜੀ ਨੇ ਸੰਗਤ ਨੂੰ ਹੁਕਮ ਕਰਨਾ :**

ਦਿਨ ਅੰਤਲੇ ਹੋਲੇ ਦਾ ਭੋਗ ਪਿਆ,

ਸਤਿਗੁਰ ਹੁਕਮ ਕੀਤਾ ਸੰਗਤਾਂ ਸਾਰੀਆਂ ਨੂੰ।

ਜਿਸ ਨੂੰ ਰੋਗ ਬੀਮਾਰੀ ਕੋਈ ਚੰਬੜੀ ਹੈ।

ਅੱਜ ਗੁਰੂ ਬਖਸ਼ੇਗਾ ਹਰਕਤਾਂ ਭਾਰੀਆਂ ਨੂੰ।

ਖੱੜਕੇ ਵਿਚ ਦੀਵਾਨ ਦੇ ਅਰਜ ਕਰਲੋ।

ਏਹੁ ਹੁਕਮ ਸਾਂਝਾਂ ਨਰਾਂ ਨਾਰੀਆਂ ਨੂੰ।

'ਕੰਵਲ' ਤ੍ਰੁੱਠਿਆ ਅੱਜ ਗੁਰੂ ਰਾਮ ਸਿੰਘ ਜੀ।

ਦੂਰ ਕਰੇ ਓਹ ਸਭ ਬੀਮਾਰੀਆਂ ਨੂੰ।



Sri Satguru Jagjit Singh Ji Elibrary NamdhariElibrary@gmail.com

ਰਾਮ ਕੌਰ ਮਾਤਾ ਬੜੀ ਮੰਡੀ ਵਾਲੀ,
ਸੋਲਾ ਸਾਲ ਤੋਂ ਤਾਪ ਨੇ ਘੇਰੀ ਹੋਈ ਸੀ।
ਜ਼ੋਰ ਲਾਕੇ ਥੱਕ ਗਏ ਵੈਦ ਸਾਰੇ।
ਫੈਦਾ ਕਿਤੋ ਨਾਂ ਹੋਇਆਂ ਮਾਨੋ ਮਰੀ ਹੋਈ ਸੀ।
ਗੁਰੂ ਪ੍ਰਤਾਪ ਸਿੰਘ ਮੇਹਰ ਦੀ ਨਜ਼ਰ ਕੀਤੀ,
ਕੂੰਰੂਬਲ ਸੁੱਕੀ ਸੀ ਜੋ ਅੱਜ ਹਰੀ ਹੋਈ ਸੀ।
'ਕੰਵਲ' ਮਾਈ ਦਾ ਤਾਪ ਉੱਡ ਗਿਆ ਕਿਧਰੇ।
ਅੱਜ ਘੜੀ ਸੁਲੱਖਣੀ ਭਰੀ ਹੋਈ ਸੀ।

**ਸਿਆਲ ਕੋਟ ਦੀ ਸੰਗਤ ਨੇ ਮਹਾਰਾਜ ਜੰਗ ਸਿੰਘ ਅਗੇ ਅਰਜ ਕਰਨੀ :**

ਸਿਆਲ ਕੋਟ ਦੀ ਸੰਗਤ ਨੇ ਸਭ ਮਿਲਕੇ,
ਅਰਜੀ ਲਿਖੀ ਦਰਸ਼ਣ ਦਿਓ ਆਇਕੇ ਜੀ।
ਜੰਗ ਸਿੰਘ ਮਹਾਰਾਜ ਦੇ ਧਰੀ ਅਗ,
ਚਰਨੀ ਸਾਰਿਆਂ ਸੀਸ ਨਿਵਾਇਕੇ ਜੀ।
ਦੌਰਾ ਕਰੋ ਆਕੇ ਸਾਡੇ ਦੇਸ਼ ਦਾ ਜੀ,
ਮਨੋ ਬੇਨਤੀ ਕਰਣ ਅਲਾਏ ਕੇ ਜੀ।
ਗੁਰਾਂ ਕਰਕੇ 'ਕੰਵਲ' ਮਨਜ਼ੂਰ ਅਰਜੀ,
ਪ੍ਰਬੰਧ ਦੌਰੇ ਦਾ ਕਰੋ ਹੁਣ ਜਾਏ ਕੇ ਜੀ।

ਬਾਰਾਂ ਅਗਸਤ ਉਨ੍ਹੀ ਸੌ ਅਠਾਈ ਨੂੰ ਜੀ,
ਮਹਾਰਾਜ ਚਲੇ ਨਾਲ ਸੰਗਤਾਂ ਸਾਰੀਆਂ ਦੇ।
ਕੁਝਰਾਂ ਵਾਲੀਆਂ ਸਿੰਘ ਖਜਾਨ ਮਜਹਬੀ,
ਏਹ ਬੀ ਨਾਲ ਹੋਇਆ ਸਾਥੀ ਸਾਰਿਆਂ ਦੇ।
ਪੰਜਾਹ ਚਾਲੀਆ ਸਿੰਘਾਂ ਦਾ ਜਥਾ ਹੋਇਆ;
ਪੈਹਨ ਬਸਤਰ ਸਭੇ ਨਾਮਧਾਰੀਆ ਦੇ।



Sri Satguru Jagjit Singh Ji Elibrary NamdhariElibrary@gmail.com

'ਕੰਵਲ' ਲਾਂਗਰੀ ਤਾਰਾ ਸਿੰਘ ਮੰਡੀ ਵਾਲਾ,
ਜਿਸਨੂੰ ਸੁੱਖ ਸਨ ਬਰਕਤਾਂ ਭਾਰੀਆਂ ਦੇ।

**ਤਾਰਾ ਸਿੰਘ ਨੇ ਆਪਣੀ ਹੱਡ ਬੀਤੀ ਦਸਣੀ :**

ਤਾਰਾ ਸਿੰਘ ਨੇ ਪਹਲਾਂ ਇਸ਼ਨਾਨ ਕੀਤਾ,
ਦਾਲਾ ਲੰਗਰ ਦੇ ਵਿਚ ਧਰਾਇਆ ਸੀ।
ਪਾਕੇ ਤੇੜ ਕਛਹਿਰਾ ਉਪਰ ਬੰਨ੍ਹ ਪਰਨਾ,
ਢੱਕਣ ਦੇਗੇ ਦਾ ਨੰਗੇ ਪਿੰਡੇ ਲਾਹਿਆ ਸੀ।
ਦਾਲਾ ਉਬਲ ਕੇ ਪਿਆ ਜਦੋਂ 'ਕੰਵਲ' ਉਤੇ,
ਮੂੰਹ ਮੱਥਾ ਸਰੀਰ ਝੁਲਸਾਇਆ ਸੀ।
ਮੈਂ ਬੇ-ਹੋਸ਼ ਸੀ ਹੋਸ਼ ਨਾ ਰਹੀ ਕਾਈ,
ਮੈਨੂੰ ਚੱਕ ਮੰਜੇ ਉਤੇ ਪਾਇਆ ਸੀ।
ਦੇਖਣ ਵਾਲਿਆਂ ਆਸ ਮੁਕਾ ਦਿਤੀ,
ਆਖਣ ਸੱਦਾ ਦਰਗਾਹ ਤੋਂ ਆਇਆ ਜੀ।
ਪਿੰਡ ਲਾਲਾ ਓਲਖ ਸੰਗਤ ਪਹੁੰਚ ਗਈ ਸੀ,
ਲੰਗਰ ਜੀਉਣ ਸਿੰਘ ਘਰ ਬਣਾਇਆ ਜੀ।
ਲੰਗਰ ਸਾਂਭਿਆਂ ਖਾਰੇ ਵਾਲੇ ਬੁੱਢਾ ਸਿੰਘ ਨੇ,
ਵਿੱਚ ਸੰਗਤਾਂ ਓਨੀ ਵਰਤਾਇਆ ਸੀ।
'ਕੰਵਲ' ਗਮੀ ਬਦਲੀ ਖੁਸ਼ੀ ਉਡ ਗਈ,
ਸੋਗ ਸੰਗਤ ਦੇ ਵਿਚ ਹੋ ਆਇਆ ਜੀ।

**ਤਾਰਾ ਸਿੰਘ ਨੂੰ ਸੁਪਣ ਦਰਸ਼ਨ :**

ਅੱਧੀ ਰਾਤ ਨੂੰ ਮੈਨੂੰ ਦਰਸਾਟਾਂਤ ਮਿਲਿਆ,
ਮੈਂ ਗੋਲ ਪੰਡਾਲ ਵਿਚ ਪਿਆ ਭਾਈ।
ਇਸ ਪੰਡਾਲ ਦਾ ਬੂਹਾ ਸੀ ਪੂਰੇ ਪਾਸੇ,
ਤਿੰਨ ਫੁੱਟ ਉੱਚਾ ਸੀ ਬਾਗਲਾ ਕੀਆਂ ਭਾਈ।



Sri Satguru Jagjit Singh Ji Elibrary NamdhariElibrary@gmail.com



ਏਹ ਫੋਟੋ ਬਾਬਾ ਹਰਨਾਮ ਸਿੰਘ ਜੀ ਸ਼ਹੀਦ ਦੇ ਪੋਤ੍ਰੇ ਸ੍ਰ: ਤਾਰਾ ਸਿੰਘ ਅਤੇ ਪ੍ਰੀਵਾਰ ਦੀ ਹੈ, ਇਸਨੇ ਮਹਾਰਾਜ ਜੰਗ ਸਿੰਘ ਜੀ ਦੀਆਂ ਕਰਾਮਾਤਾਂ (ਕ੍ਰਿਸ਼ਮਿਆਂ) ਦੀਆਂ ਸਾਖੀਆਂ ਇੱਕਤ੍ਰ ਕਰ ਰੱਖੀਆਂ ਸਨ, ਜੋ ਇਸ ਪੁਸਤਕ ਵਿੱਚ ਛਪੀਆਂ ਹਨ।

ਨੋਟ :- ਬਾਬਾ ਹਰਨਾਮ ਸਿੰਘ ਜੀ ਸ਼ਹੀਦ ਸੰਮਤ ਬਿਕ੍ਰਮੀ ੧੯੨੯ ਅਤੇ ਸਨ ਈਸਵੀ ੧੮੭੨, ਸਤਾਰਾ ਜਨਵਰੀ, ਮਲੇਰ ਕੋਟਲੇ ਵਿਖੇ ਪੈਂਸਠ ਨਾਮਧਾਰੀਆਂ ਨੂੰ ਮਿਸਟਰ ਕਾਵਨ (ਅੰਗ੍ਰੇਜ਼ੀ ਸਰਕਾਰ) ਨੇ ਬਿਨਾ ਮੁਕੱਦਮਾ ਚਲਾਏ ਤੋਪਾਂ ਨਾਲ ਉਡਾ ਦਿੱਤੇ ਸਨ, ਅਤੇ ਏਹਨਾਂ ਵਿੱਚ ਬਾਬਾ ਹਰਨਾਮ ਸਿੰਘ ਜੀ ਵੀ ਸ਼ਹੀਦ ਹੋਏ ਸਨ।

Sri Satguru Jagjit Singh Ji Elibrary NamdhariElibrary@gmail.com



ਮਹਾਰਾਜ ਜੰਗ ਸਿੰਘ ਜੀ ਦੇ (ਸੰਤ ਰਤਨ ਸਿੰਘ ਜੀ ਨੇ) ੧੯੫੬ ਵਿੱਚ ਆਪਣੇ ਘਰ ਚਰਨ ਪੁਆਏ ਅਤੇ ਲੰਗਰ ਕੀਤਾ, ਓਥੇ ਏਹ ਫੋਟੋ ਲਈ ਗਈ। ਮਹਾਰਾਜ ਜੀ ਦੇ ਨਾਲ, ਨਿਜੀ ਸੇਵਕ ਸੰਤ ਆਲਾ ਸਿੰਘ ਜੀ ਤੇ ਭਾਈ ਨਿਹਾਲ ਸਿੰਘ ਜੀ ਅਤੇ ਸੰਤ ਗਿਆਨ ਸਿੰਘ ਜੀ ਬੈਠੇ ਹਨ।



ਏਹ ਫੋਟੋ ਮਾਤਾ ਫਤਹ ਕੌਰ ਦੇ ਅੰਤਮ ਸਮੇਂ ਦੀ ਹੈ ਜੋ ਸਤਿਜੁਗ ਵਿਚ ਭੈਣੀ ਸਾਹਿਬ ਵਿਖੇ ੭ ਚੇਤ੍ਰ ਸੰਮਤ ੧੯੯੬ ਵਿਚ ਸੁਰਗਵਾਸ ਹੋਈ। ਮਾਤਾ ਜੀਵਨ ਕੌਰ, ਪਾਸ ਬੈਠੇ ਹਨ ਸਤਿਗੁਰੂ ਪ੍ਰਤਾਪ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਹੋਰ ਸੰਗਤ ਮਾਈ ਭਾਈ ਬੈਠੇ-ਖੜੇ ਹਨ।
ਨੋਟ : ਮਹਾਰਾਜ ਜੰਗ ਸਿੰਘ ਜੀ ਇਸ ਮਾਤਾ ਦੀ ਸੰਤਾਨ ਹਨ। 'ਕੰਵਲ'

Sri Satguru Jagjit Singh Ji Elibrary NamdhariElibrary@gmail.com

ਅੰਦਰ ਕੁਰਸੀ ਤੇ ਬੈਠੇ ਨੇ ਗੁਰੂ ਨਾਨਕ,
ਗੁਰੂ ਪ੍ਰਤਾਪ ਸਿੰਘ ਅਗੇ ਖੜੇ ਆ ਭਾਈ।
ਗੁਰੂ ਨਾਨਕ ਹੁਕਮ ਕੀਤਾ ਗੁਰੂ ਪ੍ਰਤਾਪ ਨੂੰ,
ਚਿੱਠੀ 'ਕੰਵਲ' ਨੂੰ ਦੇ ਕੇ ਆ ਭਾਈ।

ਕੇਵਲ ਅੱਠ ਪਹਿਰ ਏਸਦੇ ਹੈਨ ਬਾਕੀ,
ਹੁਕਮ ਧੁਰੋਂ ਅਕਾਲ ਦਾ ਆ ਗਿਆ ਜੀ।
ਮੈਂ ਸਾਂ ਖੜਾ ਪੰਡਾਲ ਦੀ ਕੰਧ ਲਾਗੇ,
ਗੁਰੂ ਚਿੱਠੀ ਫੜਾ ਮੈਨੂੰ ਆਖਿਆ ਜੀ।
ਅੱਠ ਪਹਰ ਤੇਰੇ ਹੋਰ ਰਹਿਨ ਬਾਕੀ,
ਏਹ ਮਿਲੀ ਅਕਾਲ ਦੀ ਭਾਖਿਆ ਜੀ।
'ਕੰਵਲ' ਏਸ ਜਹਾਨ ਤੋਂ ਕੂਚ ਤੇਰਾ,
ਹੋਵੇ ਹੋਰ ਨਾ ਕੋਈ ਵਿਆਖਿਆ ਜ਼ੀ।

**ਮਹਾਰਾਜ ਜੰਗ ਸਿੰਘ ਦੇ ਦਰਸ਼ਨ ਹੋਣੇ :**

ਜਦ ਮੈਂ ਦੇਖਿਆ ਜ਼ਰਾ ਪਿਛਾਂਹ ਮੁੜ ਕੇ,
ਮਹਾਰਾਜ ਜੰਗ ਸਿੰਘ ਦਾ ਪਿਆ ਸਾਇਆ ਸੀ।
ਓਹਨੇ ਝੱਟ ਮੇਰੇ ਹਥੋਂ ਲੈ ਚਿੱਠੀ,
ਉੱਚੀ ਬੋਲ ਕੇ ਇਹੋ ਸੁਣਾਇਆ ਸੀ।
ਹੁਣ ਮੇਰੀ ਮਰਜ਼ੀ ਮੈਂ ਨਹੀਂ ਜਾਣ ਦੇਣਾ,
ਤੁਸੀਂ ਆਪਣਾ ਫਰਜ਼ ਬਜਾਇਆ ਸੀ।
'ਕੰਵਲ' ਅੰਦਰੋਂ ਫੇਰ ਅਵਾਜ਼ ਆਈ,
ਤੁਸਾਂ ਤਰੁੱਠ ਕੇ ਸਿੱਖ ਬਚਾ ਲਿਆ ਸੀ।

ਇਹ ਮੈਂ ਹੱਡ-ਬੀਤੀ ਦੱਸੀ ਖੇਲ ਸਾਰੀ,
ਗੁਰੂ ਜੰਗ ਸਿੰਘ ਜਿਵੇਂ ਬਚਾਇਆ ਮੈਨੂੰ।



Sri Satguru Jagjit Singh Ji Elibrary NamdhariElibrary@gmail.com

ਅਠਾਈ ਉੱਨੀ ਸੌ ਤੀਕ ਸੀ ਉਮਰ ਮੇਰੀ,
ਟੁੱਟੀ-ਗੰਢ ਕੇ ਗੁਰਾਂ ਬਚਾਇਆ ਮੈਨੂੰ।
ਮੈਂ ਬਲਿਹਾਰ ਜਾਨਾ ਜੰਗ ਸਿੰਘ ਜੀ ਤੋਂ,
ਮੁੜ ਜਨਮ ਨਵਾਂ ਦਿਖਲਾਇਆ ਮੈਨੂੰ।
'ਕੰਵਲ' ਜ਼ਰਾ ਵੀ ਝੂਠ ਮੈਂ ਅਖਿਆ ਨਹੀਂ,
ਮਹਾਰਾਜ ਅਚੰਭਾ ਦਿਖਾਇਆ ਮੈਨੂੰ।

**ਮਹਾਰਾਜ ਜੰਗ ਸਿੰਘ ਜੀ ਨੇ ਫਤੇ-ਦੀਨ ਦਾ ਦੁੱਧ ਪੀਣਾ :**

ਪਿੰਡ ਬਾਦੀਆਂ ਦਾ ਫਤੇ-ਦੀਨ ਮੁਸਲਮ,
ਰੋਜ਼ਾ ਰੱਖ ਪ੍ਰਤਿੱਗਿਆ ਧਾਰ ਬੈਠਾ।
ਜੇਕਰ ਪਾਕ ਅੱਲਾ ਆ ਕੇ ਦੁੱਧ ਮੰਗੂ,
ਓਦੋਂ ਖੋਲ੍ਹਣਾ ਰੋਜਾ ਦਿਲ ਧਾਰ ਬੈਠਾ।
ਨਹੀਂ ਤਾਂ ਕਰੂ ਪ੍ਰਾਣਾਂ ਦਾ ਅੰਤ ਏਥੇ,
ਇਹ ਕਰ ਨਿਸਚਾ ਪੰਥੀ (ਚੌਕੜੀ) ਮਾਰ ਬੈਠਾ।
ਤਸਬੀ ਲੈ ਕੇ ਬਹਿ ਗਿਆ 'ਕੰਵਲ' ਆਸਣ,
ਧਿਆਨ ਸੱਚੀ ਸਰਕਾਰ ਦਾ ਧਾਰ ਬੈਠਾ।

**ਮਹਾਰਾਜ ਜੰਗ ਸਿੰਘ ਨੂੰ ਗੈਬੀ ਖਬਰ ਹੋਣੀ :**

ਰੂਪ ਅੱਲਾ ਦਾ ਮਹਾਰਾਜ ਜੰਗ ਸਿੰਘ ਜੀ
ਇਹਦੇ ਅੰਦਰ ਆ ਕੇ ਉਹਦੀ ਤਾਰ ਫਰਕੇ।
ਆਲਾ ਸਿੰਘ ਨੂੰ ਨਾਲ ਤਿਆਰ ਕੀਤਾ,
ਕਾਠੀ ਊਠ ਤੇ ਪਾਈ ਤਿਆਰ ਕਰਕੇ।
ਵੇਰਨ ਪਹੁੰਚਗੇ ਬਾਦੀਆਂ ਪਿੰਡ ਜਾ ਕੇ,
ਬੋਲ ਮਾਰਿਆਂ ਫਤੇ ਨੂੰ ਪਿਆਰ ਕਰਕੇ।
ਲਿਆ ਦੁੱਧ ਜੋ 'ਕੰਵਲ' ਲਈ ਰਖਿਆ ਹੈ,
ਸਾਨੂੰ ਆਉਣਾ ਪਿਆ ਪੰਧ ਮਾਰ ਕਰਕੇ।



Sri Satguru Jagjit Singh Ji Elibrary NamdhariElibrary@gmail.com

**ਫਤੇ ਦੀਨ ਦੁੱਧ ਪਿਲਾਉਣ ਲਗਾ ਮਸਤਾਨਾ ਹੋ ਗਿਆ :**

ਕਿਸ ਮੰਗਿਆ ਆਣ ਕੇ ਦੁੱਧ ਮੈਥੋਂ,
ਕਿ ਅੱਲਾ ਪਾਕ ਆਪੇ ਚਲ ਆਇਆ ਜੀ।
ਇਸ ਦੀ ਖੁਸ਼ੀ ਦੀ ਹੱਦ ਨਾ ਰਹੀ ਕਾਈ,
ਝੱਬ ਦੁੱਧ ਦਾ ਛੰਨਾ ਲਿਆਇਆ ਜੀ।
ਗੱਟ-ਗੱਟ ਕਰਕੇ ਮਹਾਰਾਜ ਪੀ ਗਏ
ਪ੍ਰਤੱਖ ਅੱਲਾ ਦਾ ਰੂਪ ਦਿਖਾਇਆ ਜੀ।
'ਕੰਵਲ' ਆਣ ਕੇ ਭਗਤਾਂ ਦੀ ਸਾਰ ਲੈਣੀ,
ਫਰਜ਼ ਆਪਣਾ ਖੂਬ ਨਿਭਾਇਆ ਜੀ।

**ਮਹਾਰਾਜ ਨਿਹਾਲ ਸਿੰਘ ਬੀਮਾਰ ਹੋਣਾ ਉਸੇ ਰਾਜ਼ੀ ਕਰਨਾ :**

**ਕਬਿੱਤ :**

ਉਨੀ-ਸੈ-ਤ੍ਰੇਹਠ ਸੰਮਤ ਮਘਰ ਦਾ ਮਹੀਨਾ ਜਾਣੋਂ,
ਨਿਹਾਲ ਸਿੰਘ ਮਹਾਰਾਜ ਹੋ ਗਏ ਬੀਮਾਰ ਸੀ।
ਪਿਤਾ ਗੁਰੂ ਹਰੀ ਸਿੰਘ ਮਾਤਾ ਜ਼ੀਉਣ ਕੌਰ ਜਾਣੋਂ,
ਆਪਸ ਵਿਚ ਭਾਈਆਂ ਦਾ ਬੜਾ ਹੀ ਪਿਆਰ ਸੀ।
ਗੁਰੂ ਪ੍ਰਤਾਪ ਸਿੰਘ ਇਨ੍ਹਾਂ ਕੋਲੋਂ ਵਡੇ ਸਨ,
ਛੋਟੇ ਗੁਰਦਿਆਲ ਸਿੰਘ ਦੇਸ਼ ਸੇਵਾਦਾਰ ਸੀ।
ਮਹਾਰਾਜਾ ਜੰਗ ਸਿੰਘ 'ਕੰਵਲ' ਮਾਤਾ ਫਤੇ ਕੌਰ,
ਪਿਤਾ ਗੁਰੂ ਹਰੀ ਸਿੰਘ ਗਿਆਨ ਦੇ ਭੰਡਾਰ ਸੀ।

ਇਤਨੇ ਬੀਮਾਰ ਅਜ ਕਲ ਦੇ ਪ੍ਰਾਹੁਣੇ ਜਾਣੋ;
ਮਾਨੋਂ ਬੇੜੀ ਡੁੱਬੀ ਜਾਵੇ ਵਿਚ ਮੰਝਧਾਰ ਸੀ।
ਵੈਦਾਂ, ਡਾਕਟਰਾਂ ਸਾਰਾ ਆਪਣਾ ਲਗਾਇਆ ਜ਼ੋਰ,
ਫਾਇਦਾ ਨਹੀਂ ਹੋਇਆ ਇਹ ਜਾਣੇ ਨਿਰੰਕਾਰ ਸੀ।



Sri Satguru Jagjit Singh Ji Elibrary NamdhariElibrary@gmail.com

ਮਹਾਰਾਜ ਜੰਗ ਸਿੰਘ ਪਹੁੰਚ ਗਏ ਰਮੇਸ਼ ਨਗਰ,
ਗਿਆਨ ਸਿੰਘ ਬਲੋਂਵਾਲੀਏ ਦੇ ਘਰ ਬਾਰ ਸੀ ।
ਦਰਸ਼ਨਾਂ ਨੂੰ ਦਿੱਲੀ ਦੀ ਲੁਕਾਈ ਕੱਠੀ ਹੋ ਕੇ ਆਈ,
ਮਾਨੋਂ 'ਕੰਵਲ' ਚੰਦ ਉਤੇ ਪਿਆ ਪ੍ਰਵਾਰ ਸੀ ।

**ਸਾਧ ਸੰਗਤ ਨੇ ਮਹਾਰਾਜ ਅਗੇ ਬੇਨਤੀ ਕਰਨੀ :**

**ਕਬਿੱਤ :**

ਕੱਠੀ ਹੋਈ ਸੰਗਤ ਨੇ ਦੀਨ ਹੋ ਗੁਜ਼ਾਰੀ ਬਿਨੈ;
ਮਹਾਰਾਜ ਨਿਹਾਲ ਸਿੰਘ ਸਖ਼ਤ ਬੀਮਾਰ ਜੀ ।
ਬਚਣੇ ਦੀ ਆਸ਼ਾ ਹੁਣ ਸਾਰਿਆਂ ਤੋਂ ਮੁਕ ਚੁੱਕੀ,
ਅਧੀਰ ਹੋ ਕੇ ਬਹਿ ਗਿਆ ਸਾਰਾ ਪ੍ਰੀਵਾਰ ਜੀ ।
ਬੈਦ ਹੁਣ ਬਿਨਾਂ ਕੋਈ ਆਪ ਦੇ ਨਾ ਦਿਸਦਾ ਹੈ;
ਚੱਪੂ ਲਾ ਕੇ ਡੁੱਬਦਾ ਹੈ ਬੇੜਾ ਕਰੋ ਪਾਰ ਜੀ ।
ਮਨੋਂ ਅਰਜੋਈ 'ਕੰਵਲ' ਦਰ ਤੇ ਪੁਕਾਰੇ ਪਿਆ,
ਲੱਜਾ ਬਿਰਦ ਆਪਣੇ ਦੀ ਰਖ ਲਉ ਦਾਤਾਰ ਜੀ ।

**ਮਹਾਰਾਜ ਜੀ ਨੇ ਅਰਜ਼ ਮਨਜ਼ੂਰ ਕੀਤੀ :**

**ਬੈਂਤ :**

ਬਾਬਾ ਜੰਗ ਸਿੰਘ ਜੀ ਮਿਹਰਬਾਨ ਹੋਇ,
ਕਹਿੰਦੇ ਸੰਗਤ ਨੂੰ ਹੁਕਮ ਸੁਣਾਓ ਭਾਈ ।
ਲੈਣੋਂ ਪਾਰ ਨਰੇਣੇ ਦੇ ਪਾਰ ਜਾ ਕੇ,
ਛੱਜੂ ਭਗਤ ਖੂਹ ਤੇ ਆਸਣ ਡਾਹਓ ਭਾਈ ।
ਖੁਸ਼ੀ ਹੋ ਮਹਾਰਾਜ ਫੁਰਮਾਇਆ ਸੀ,
ਗਿਆਰ੍ਹਾਂ ਦਿਨ ਏਥੇ ਡੇਰੇ ਲਾਓ ਭਾਈ ।
'ਕੰਵਲ' ਸੰਗਤ ਨੂੰ ਖੁਸ਼ੀਆਂ ਅਪਾਰ ਹੋਈਆਂ;
ਸਾਰੇ ਗੱਜ ਜੈਕਾਰੇ ਬੁਲਾਓ ਭਾਈ ।



Sri Satguru Jagjit Singh Ji Elibrary NamdhariElibrary@gmail.com



ਇਹੁ ਫੋਟੋ ੧੦.੯੨ ਸਨੀਵਾਰ ਸਵੇਰੇ ਸਾਢੇ ਅੱਠ ਵਜੇ (ਕੋਟ ਧਰਮੂ ਰਿ.
ਪਟਿਆਲਾ ਮਾਨਸਾ) ਡੇਰਾ ਮਹਾਰਾਜ ਜੰਗ ਸਿੰਘ ਜੀ ਦੇ ਦਰਸ਼ਣੀ ਡਿਉਡੀ
ਦਾ ਪੱਥਰ ਦੀ ਹੈ ਇਸਦੀ ਰਸਮ ਭਾ: ਸੁੰਦਰ ਸਿੰਘ ਜੀ ਮਹਾਰਾਜ ਭਾ:
ਗੁਰਦਿਆਲ ਜੀ ਮਸਤਾਨਾ, ਅਤੇ ਭੈਣ ਜੀ ਗੁਰਦਿਆਲੋ ਨੇ ਅਦਾ ਕੀਤੀ।



ਏਹ ਸਾਰੀ ਸੇਵਾ ਬੀਬੀ-ਨਰੈਣ ਕੌਰ ਸਪਤਨੀ ਸੰਤ ਗਿਆਨ ਸਿੰਘ ਬਲੋਵਾਲ-
ਦਿੱਲੀ ਵਾਲਿਆਂ ਵਲੋਂ ਕਰਵਾਈ ਗਈ।



ਇਹ ਫੋਟੋ ੧੯੬੧ ਦੀ ਹੈ, ਮਹਾਰਾਜ ਜੰਗ ਸਿੰਘ ਜੀ ਨੇ ਛੱਜੂ ਭਗਤ ਦੇ ਖੂਹ ਤੇ ਨਰੇਣਾ ਦਿੱਲੀ ਵਿੱਚ ਹੋਮ ਕਰਨ ਵੇਲੇ ਦੀ ਨਾਲ ਮਹਾਰਾਜ ਜੀ ਅਤੇ ਹੋਰ ਪਾਠੀ ਸੰਤ ਸੱਜਨ ਬੈਠੇ ਹਨ ।



ਇਹ ਫੋਟੋ ਸੰਨ ੧੯੬੨ ਦੀ ਜਦ ਮਹਾਰਾਜ ਜੰਗ ਸਿੰਘ ਜੀ ਸਾਥੀਆਂ ਸੁਮੇਤ ਛੱਜੂ ਭਗਤ ਦੇ ਖੂਹ ਤੇ ਨਰੈਣਾ ਦਿੱਲੀ ਵਿਖੇ ਪਾਠੀਆਂ ਨਾਲ ਮਿਲਕੇ ਪਾਠ ਕਰ ਰਹੇ ਹਨ

**ਵਾਕ ਕਵੀ :**

ਹੋਮ ਜਗਤ ਦੇ ਰੋਗ ਮਿਟਾਵਣੇ ਨੂੰ,
ਕਰਦੇ ਆਏ ਨੇ ਰਿੱਖੀ ਅਵਤਾਰ ਸਾਰੇ।
ਸਤਿਜੁਗ, ਤ੍ਰੇਤਾ ਦੁਆਪਰ, ਤੇ ਕਲਯੁਗ ਦੇ ਵਿਚ,
ਹੋਇਆਂ ਹੋਮ ਦੇ ਨਾਲ ਸੁਧਾਰ ਸਾਰੇ।
ਰਿੱਗ–ਵੇਦ ਦੇ ਤੱਤ ਸਿਧਾਂਤ ਦੇ ਵਿਚ,
ਬਾਵਨ ਕਹੇ ਨੇ ਨੇਮ ਉਚਾਰ ਸਾਰੇ।
'ਕੰਵਲ' ਗੁਰੂ ਦਸਮੇਸ਼ ਜੀ ਹੋਮ ਕੀਤਾ;
ਨੈਣਾਂ–ਦੇਵੀ ਟਿੱਲੇ ਉਪਰ ਵਾਰ ਸਾਰੇ।

**ਖੁਲਾਸਾ :**

ਬਾਰ੍ਹਾਂ ਮਹੀਨਿਆਂ ਵਿਚ ਛੇ ਰੁੱਤਾਂ ਆਂਦੀਆਂ ਹਨ; ਜੱਥਾ :

ਬਸੰਤ, ਗ੍ਰੀਖਮ, ਵਰਖਾ; ਸਰਦੀ ਹੇਮੰਤ ਅਤੇ ਸਿਸ਼ਰ, ਵੇਦ ਰੀਤ ਅਨੁਸਾਰ ਇਨ੍ਹਾਂ ਛੇ ਰੁੱਤਾਂ ਦੀ ਹੋਮ ਸਮੱਗਰੀ ਵਖਰੀ ਵਖਰੀ ਹੈ, ਪਰੰਤੂ ਵਿਸਤਾਰ ਭੈ ਕਾਰਣ ਇਥੇ ਸਾਰੀਆਂ ਨਹੀਂ ਲਿਖੀਆਂ। ਕੇਵਲ ਸਮੱਗਰੀ ਇਥੇ ਓਸ ਹਮਨ ਸਮੱਗਰੀ ਦਾ ਹੀ ਜ਼ਿਕਰ ਕੀਤਾ ਹੈ। ਜੋ ਸੰਤ ਖਾਲਸਾ ਵਿਚ ਪ੍ਰਚਲਿਤ ਹੈ, ਅਤੇ ਸਮੱਗਰੀ ਵੀ ਓਸ ਦਾ ਹੀ ਵਰਨਣ ਕੀਤਾ ਹੈ, ਜੋ ਇਹ ਵਰਤੋਂ ਵਿਚ ਲਿਆਉਂਦੇ ਹਨ। ਅਤੇ ਵੇਦ–ਮੰਤ੍ਰਾਂ ਦੀ ਬਜਾਇ ਗੁਰੂ ਨਾਨਕ ਗੁਰੂਆਂ ਦੀ ਰਚਨਾ ਗੁਰਬਾਣੀ ਦਾ ਹੀ ਪਾਠ ਕਰਕੇ ਅਹੁਤੀ ਪਾਂਦੇ ਹਨ।

**ਸਮੱਗਰੀ ਧੂਪ :**

ਛੰਦ : ਚੰਦਨ ਚਿੱਟਾ, ਚੰਦਨ ਲਾਲ, ਛੜ, ਨਾਗਰ ਮੋਥਾ, ਲੈ ਭਾਲ ॥
ਭੋਜ ਪੱਤ੍ਰ; ਜੌਂ ਇੰਦਰ, ਸੁਪਾਰੀ, ਖੋਪਾ, ਬਦਾਮ, ਛੁਹਾਰੇ ਧਾਰੀ ॥
ਪਿਸਤਾ, ਗੁੱਗਲ, ਕੇਸਰ, ਦਾਖ, ਮੁਸਕਪੂਰ, ਲੌਂਗ, ਤਿਲ, ਰਾਖ ॥
ਦੇਸੀ ਜੌਂ, ਕਸਤੂਰੀ, ਲੈਚੀ, ਸੰਧੂਰ, ਘੀ ਦੇਸੀ, ਭਰਲੈਸੀ ॥



Sri Satguru Jagjit Singh Ji Elibrary NamdhariElibrary@gmail.com

ਨਾਲੇ ਖੰਡ ਭੀ ਲਈ ਮਿਲਾਏ, ਕੁਟ ਕੇ ਕੁੰਡੇ ਧੂਪ ਬਣਾਏ।

ਇਸ ਹੇਠ ਲਿਖੇ ਵੇਦ-ਮੰਤ੍ਰ ਤੋਂ ਹੋਮ ਕਰਨ ਦੇ ਫਲ।

ਜੱਥਾ ਮੰਤ੍ਰ : ਅਗਨੌਂ ਪ੍ਰਾਸਤਾ ਹੁਤੀ, ਸਮਯੁਗ, ਅਦਿੱਤੀ ਮੁ ਪਤਿਸਠਤੇ।
ਅਦਿੱਤੀਆਂ ਜੈਯਤੇ ਵਰੁਸਠਿ, ਵਰੁਸਠੇਠ ਤੱਤ ਪਰਜਾ॥

ਭਾਵ : ਅੱਗ ਵਿਚ ਪਾਈ ਹੋਈ ਅਹੂਤੀ, ਭਲੀ-ਭਾਂਤ ਸੂਰਜ ਨੂੰ ਪਹੁੰਚਦੀ ਹੈ। ਤੇ ਸੂਰਜ ਤੋਂ ਵਰਖਾ, ਵਰਖਾ ਤੋਂ ਅੰਨ, ਅੰਨ ਤੋਂ ਪਰਜਾ ਦੀ ਉਤਪਤਿ।

ਔਰ : ਅੰਨਾਦਿ ਭਵਤਿ ਭੂਤਾਨੂੰ, ਪ੍ਰਜੰਨਿਯਾਦਿ ਨੂੰ ਸੰਭਵ,
ਯੱਗ ਆਦਿ ਭਵਤਿ ਪ੍ਰਜੰਨਿਯੋ, ਯਗ ਕਰਮ ਸਮੁਦ ਭੱਵ॥

ਭਾਵ : ਅੰਨ ਤੋਂ ਸਾਰੇ ਪ੍ਰਾਣੀ ਅਤੇ ਅੰਨ ਮੇਘ ਤੋਂ; ਮੇਘ ਯੱਜ ਤੋਂ ਅਤੇ ਯਜ ਕਰਮ ਤੋਂ ਉਤਪਨ ਹੋਤਾ ਹੈ।

ਹੋਰ ਉਦਾਹਰਣ : ਪੰਡਤ ਕੇਸੋ ਦਾਸ ਜੀ ਨੇ ਅਨੰਦ ਪੁਰ ਵਿਖੇ ਗੁਰੂ ਕਲਗੀਧਰ ਦਸਮ ਪਾਤਿਸ਼ਾਹ ਨਾਲ ਇਕ ਭਾਰੀ ਹੋਮ ਕਰਨ ਦੀ ਗੱਲ ਕੀਤੀ ਤਾਂ ਦਸਮੇਸ਼ ਜੀ ਦਾ ਉਤਰ ਸੀ। ਯਥਾ :

ਚੌਪਈ :

ਯਹਿ ਤੋ ਧਰਮ ਹੁਮਾਰਾ ਸਾਰ,
ਕਰਤ ਰਹੇ ਨ੍ਰਿਧ ਮੁਨੀ ਅਵਿਤਾਰ॥
ਸੋ ਤੋ ਹਮ ਭੀ ਕਰਨਾ ਚੇਹੈਂ,
ਯਾਤੇ ਸਭ ਸ੍ਰਿਸ਼ਟੀ ਸੁੱਖ ਪੈਹੈ॥
ਇਕ ਤੋ ਹੈ ਦੂਰ ਭਿੱਖਤ ਭਾਰੀ,
ਹੈ ਪੜਿ ਰਿਹੋ ਨਾ ਬਰਮਤ ਬਾਰੀ॥



Sri Satguru Jagjit Singh Ji Elibrary NamdhariElibrary@gmail.com

ਦੂਸਰ ਭਾਰਤ ਵਰਸ ਮਝਾਰੇ,
ਮਹਾਂ ਮਾਰੀ ਪੜ. ਰਹੀ ਅਪਾਰੇ।
ਤ੍ਰਿੱਤੀਏ ਜੋ ਨਰ-ਨਾਰੀ ਆਰਯ,
ਹੋਏ ਰਹੇ ਨਿਜ ਧਰਮੋਂ ਖਾਰਜ।
ਪਾਪ ਕੁਕਰਮਨ ਮੈਂ ਅਤਿ ਲਾਗੇ,
ਇਸੀ ਹੇਤਿ ਬਣ ਰਹੇ ਅਭਾਗੇ।
ਹੋਮ ਯੱਗ ਲੋ ਸੁਕ੍ਰਿਤ ਜੈਹੈਂ,
ਹਾਕਮ ਤੁਰਕ ਕਰਨ ਨਹਿ ਦੇਹੈ।
ਹੋਮ ਜਬ ਹਮਨ ਯੱਗ ਕਰਵੇ ਹੈਂ,
ਖੁਸ਼ ਹੋ ਘਨ ਜਲ ਬਹੁ ਬ੍ਰਖੈਹੈਂ।
ਦੂਰ ਭਿੱਖ ਨੱਸੇ ਅੰਨ ਬਹੁ ਥੈਹੈ।
ਸੁਕ੍ਰਿੱਤ ਸਭ ਕਰਨੇ ਲਗ ਜੈਹੈਂ।
ਨੱਸੇ ਅਵਿੱਦਯਾ ਵਿਦੱਯਾ ਐਹੈ।
ਸੂਰਬੀਰਤਾ ਦ੍ਰਿੱੜ ਪ੍ਰੱਗਟੈਹੈਂ।
ਵਰਨਾਸ਼ਰਮੀ ਜਨ ਹੈ ਜੇਤੇ,
ਕਾਇਰਤਾ ਕਰ ਪੂਰਨ ਤੇਤੇ।
ਉਨੈ ਹਵਨ ਕੀ ਪਵਨ ਲਗੇ ਜਬ,
ਸ਼ੇਰ ਵਿਘਆੜਨ ਸੇ ਹੋਵ ਹੈ ਸਭ।
ਸੂਰਬੀਰਤਾ ਉਹ ਮਹਿ ਜੱਗ ਹੈ।
ਧਰਮ ਪੁਰਾਤਨ ਕਰਨੇ ਲਗ ਹੈਂ।
ਪ੍ਰਭਤਾਂ ਦੇਹ ਅਰੋਗ ਕਰਾਂਤੀ,
ਵਿਜੈ ਗਿਆਨ ਸੰਤਤ ਸੁਖਦਾਤੀ।
ਨਿਰਭੈਤਾ ਅਰ ਦੈਵੀ ਗੁਨ ਸਭ,
ਹੋਹਿ ਪ੍ਰਾਪਤ ਗੁਰੂ ਘਰ ਮੈ ਤਬ।



Sri Satguru Jagjit Singh Ji Elibrary NamdhariElibrary@gmail.com

ਬਾਲਕ ਭਗਵਾਨ ਪ੍ਰਗਟੇ ਹੈਂ;
ਰੋਗ ਸੀਤਲਾ ਆਦਿ ਨਸੇ ਹੈਂ।
ਕਾਮਾਦਿੱਕ ਜੋ ਅਸੁਰੀ ਸੰਪਤ,
ਯੱਗ ਹੋਮੇ ਕੋ ਪਿੱਖ ਕਰ ਕੰਪਤ।
ਉੱਤਮ ਗੁਣ ਸੱਤਿ ਆਦਿਕ ਜੋ ਹੈਂ;
ਬਾਵਨ ਕਹੇ ਵੇਦ ਰਿਗ ਮੇ ਹੈਂ।
ਸੋ ਅਵੱਸਯ ਜੱਗ ਮੇਂ ਪ੍ਰਗਟੇ ਹੈਂ,
ਹੋਮ ਯੱਗ ਬਿਧੀ ਵਤਿ ਜਬ ਥੇ ਹੈਂ।

(ਪੰਥ-ਪ੍ਰਕਾਸ਼)

**ਗੁਰਬਾਣੀ :**

ਤਿੱਤੁ ਘਿਉ ਹੋਮ ਯਗ ਸਦ ਪੂਜਾ, ਪਇਐ ਕਾਰਜ ਸੋਹੈ।

(ਮਾਝ ਮਹਲਾ ੧)

ਫਿਰ ਯਗ ਹੋਮੰ ਠਹਿਰਾਏ ਕਰ ਨਿਜ ਧਰਮ ਸਵਾਰਾ।

(ਭਾਈ ਗੁਰਦਾਸ)

**ਹੋਮਨ ਕਰਨ ਦੇ ਨਿਯਮ ਅਤੇ ਬਣਤਰ**

**ਦਵੈਯਾ ਛੰਦ :**

ਹੋਮ ਕਰਨ ਲਈ ਹੋ ਗਈ ਕੱਠੀ,
ਸੰਗਤ ਸਾਰੀ ਬੇਸ਼ੁਮਾਰ।
ਧੋਤਾ ਥਾਂਉ ਸੁਫਾਈ ਹੋ ਗਈ।
ਹਮਨ ਕੁੰਡ ਰੱਖਾ ਵਿਚਕਾਰ।
ਸੱਮਧਾ ਬੇਰੀ ਅਗਨ ਮਚਾਈ,
ਹੋਏ ਅਹੂਤੀ ਪੌਣ ਤਿਆਰ।
ਪਹਲਾ ਤਿਆਰ ਕਰ ਲਿਆ ਅੰਮ੍ਰਿਤ,
ਛਕਿਆਂ ਸਭਨੇ ਬਾਰੰਬਾਰ।



Sri Satguru Jagjit Singh Ji Elibrary NamdhariElibrary@gmail.com

ਪੁਰਖ ਨੌਂ ਛੱਕ ਅੰਮ੍ਰਿਤ ਸਾਰੇ,
ਕਮਰ ਕੱਸੇ ਕਰੇ ਤਿਆਰ ।
ਪੰਜ ਕਕਾਰ ਰਹਿੱਤ ਵਿਚ ਪੂਰੇ,
ਬਾਣੀ ਸ਼ੁੱਧ ਉਚਾਰਣ ਹਾਰ ।
ਇਕ ਨੇ ਜਾਪ ਦੂਜੇ ਨੇ ਜਪੁਜੀ,
ਤੀਜੇ ਅਨੰਦ ਪੜੀ ਵਿਚਾਰ ।
ਚੌਥੇ ਲੈ ਲਈ ਵਾਰ ਚੰਡੀ ਦੀ ।
ਪੰਜਵੇ ਚਉਪੀ ਲਈ ਸੁਧਾਰ ।
ਉਸੱਤਤਿ ਅਕਾਲ ਲਈ ਹੈ ਛੇਵੇਂ,
ਚੰਡੀ ਚਰਿੱਤ੍ਰ ਸੱਤਵੇ ਬਾਰ ।
ਅੱਠਵੇਂ ਅਗਨੀ ਸ਼ਾਂਤਿ ਕਰਨ ਲਈ ।
ਜਲਦਾ ਗੜਬਾ ਰਖ ਮਝਾਰ ।
ਨੌਵੇਂ ਕਰਨ ਪ੍ਰਚੰਡ ਅਗਨਿ ਨੂੰ ।
ਕੜਛੀ ਭਰੀ ਸਮੱਗਰੀ ਨਾਲ ।
ਦੱਸਵੇਂ ਜੰਗ ਸਿੰਘ ਆਸਣ ਬੈਠੇ,
ਵਾਹਿ ਵਾਹਿ ਬਾਣੀ ਕਰਨ ਉਚਾਰ ।
ਚਾਰ ਚੁਫੇਰੇ ਘੇਰਾ ਪਾਇਆ,
ਹਮਨ ਕੁੰਡ ਦੇ ਬਾਹਰ ਵਾਰ ।
ਕੜਛੀ ਭਰ ਭਰ ਪੌਣ ਸਮਗਰੀ;
ਉਠੇ ਅਗਨੀ ਲਾਟਾਂ ਦਾਰ ।
ਸੇਕ ਅਗਨਿ ਦਾ ਮੱਠਾਂ ਕਰਨੇ,
ਜਲ ਬ੍ਰਸਾਂਦੇ ਉਪਰ ਵਾਰ ।
ਕੜਾਹ ਪ੍ਰਸ਼ਾਦ ਦੀ ਦੇਗ ਜਾਂ ਆਈ,
ਅਰਦਾਸਾ ਸੋਧਣ ਲਈ ਤਿਆਰ ।



Sri Satguru Jagjit Singh Ji Elibrary NamdhariElibrary@gmail.com

'ਕੰਵਲ' ਅੱਧਿਭੁੱਤ ਦੇਖ ਨਜ਼ਾਰਾ,
ਸੰਗਤ ਕਰਦੀ ਜੈ ਜੈ ਕਾਰ ।

**ਮਿਲਾਪ ਅਖਬਾਰ ਦੇ ਐਡੀਟਰ ਦੀ ਆਮਦ :**

**ਬੈਂਤ-**

ਐਡੀਟਰ ਆ ਗਿਆ ਮਿਲਾਪ ਅਖਬਾਰ ਦਾ ਜੀ,
ਰਣਬੀਰ ਸੀ ਉਸਦਾ ਨਾਮ ਭਾਈ ।
ਨਾਲ ਪਤਨੀ ਤੇ ਸਾਰਾ ਪ੍ਰੀਵਾਰ ਪਹੁੰਚਾ,
ਮਹਾਰਾਜ ਨੂੰ ਕਰਨ ਨਮਸਕਾਰ ਭਾਈ ।
ਧੁੰਮਾਂ ਪੈ ਗਈਆਂ ਦਿੱਲੀ ਸ਼ਹਿਰ ਦੇ ਵਿਚ,
ਸੰਗਤ ਉੱਮਡ ਆਈ ਛੱਡ ਕੰਮ ਕਾਰ ਭਾਈ ।
'ਕੰਵਲ' ਏਡਾ ਇਕੱਠ ਕਦੇ ਦੇਖਿਆ ਨਾਂ,
ਲੰਗਰ ਵਰਤਦਾ ਸਭ ਨੂੰ ਇਕ ਸਾਰ ਭਾਈ ।

ਮਹਾਰਾਜ ਦਾ ਚੇਹਰਾ ਜਲਾਲ ਭਰਿਆਂ,
ਮਾਨੋ ਸੂਰਜ ਦਾ ਤੇਜ ਚੁਰਾ ਲਿਆ ਸੀ ।
ਵਿੱਚ ਨੇਤ੍ਰਾਂ ਚੰਦ ਦੀ ਚਾਂਨਣੀ ਨੇ ।
ਰੰਗ ਆਪਣਾ ਖੂਬ ਜੁਮਾਲਿਆ ਸੀ ।
ਦੁੱਖੀ ਹਿਰਦਿਆਂ ਨੂੰ ਠੰਢ ਪੌਣ ਦੇ ਲਈ,
ਮਾਨੋ ਚੰਦਨ ਦਾ ਪੇੜ ਉਗਾਲਿਆ ਸੀ ।
ਰੂਹਾਂ ਮੁਰਦੀਆਂ 'ਕੰਵਲ' ਸੁਰਜੀਤ ਹੋਈਆਂ,
ਮਾਨੋ ਅੰਮ੍ਰਿਤ ਦਾ ਮੀਂਹ ਬਰਸਾਲਿਆ ਸੀ ।

**ਮਹਾਰਾਜ ਨੇ ਸਰਮੱਦ ਫਕੀਰ ਦੇਖਣਾ :**

ਮਹਾਰਾਜ ਇੱਕ ਸਾਂਗ ਵਰਤਾਵਣੇ ਨੂੰ,
ਜਥੇਦਾਰ ਨੂੰ ਆਖ ਸੁਣਾਇਆ ਸੀ ।



Sri Satguru Jagjit Singh Ji Elibrary NamdhariElibrary@gmail.com



੧੯੬੫ ਵਿੱ... ...ੀ ਰਣਬੀਰ (ਐਡੀਟਰ ਮਿਲਾਪ) ਦੇ ਘਰ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਪਾ... ਸ੍ਰੀ ਰਣਬੀਰ ਸਿੰਘ ਜੀ ਨੇ ਮਹਾਰਾਜ ਜੀ ਨੂੰ ਪੰਜਾਹ ਰੁਪਏ ਮੱਥਾ ਟੇਕ ਦਿਆ... ...ਖਿਆ ਮੈਂ ਅੱਜ ਤਾਈ ਕਿਸੇ ਅੱਗੇ ਇਸ ਤਰਾਂ ਰੁਪਏ ਰਖਕੇ ਮੱਥਾ ਨਹੀਂ ਟੇਕਿ... ...ਆਪ ਜੀ ਤੇ ਮੇਰੀ ਅਤੇ ਮੇਰੀ ਸੁਪਤਨੀ ਬੀਬੀ ਸ਼ੀਲਾ ਦੀ ਬਹੁਤ ਸ਼ਰਧਾ ਹੈ। ਆਪ ਪੂ... ...ੰਤ ਹੋ। ਬੀਬੀ ਸ਼ੀਲਾ ਮਹਾਰਾਜ ਦੀ ਕੁਰਸ਼ੀ ਦੇ ਨਾਲ ਖੜੀ ਹੈ, ਦੂਜੇ ਬੰਨੇ ਰਣਬੀ... ...ੀ ਹਨ। ਅਤੇ ਹੋਰ ਸੰਗਤ ਵੀ ਨਾਲ ਖੜੀ ਹੈ।



ਏਹ ਫੋਟੋ ੧੯੭੨ ਵਿੱਚ ਕਾਕਾ ਜੀਵਣ ਸਿੰਘ ਸਪੁੱਤ੍ਰ ਸੰਤ ਗਿਆਨ ਸਿੰਘ ਜੀ ਬਲੋਵਾਲੀ ਦੀ ਸ਼ਾਦੀ ਸਮੇਂ ਦੀ ਹੈ, ਜਿਸ ਵਿੱਚ ਸੰਤ ਮੋਹਨ ਸਿੰਘ ਜੀ ਸੰਤ ਸੁੰਦਰ ਸਿੰਘ ਜੀ ਤੇ ਸੰਤ ਪ੍ਰੀਤਮ ਸਿੰਘ ਜੀ ਦਮ ਦਮੀ ਅਤੇ ਸੰ. ਗਿਆਨ ਸਿੰਘ ਜੀ ਬੈਠੇ ਹਨ।



ਸੰਤ ਗਿਆਨ ਸਿੰਘ ਬਲੋਵਾਲੀਏ, ਨਾਮਧਾਰੀ ਕਾਲੋਨੀ ਦੇ ਘਰ ਇਕ ਨਵੰਬਰ ੧੯੬੨ ਨੂੰ ਸ੍ਰੀ ਮਹਾਰਾਜ ਜਗਜੀਤ ਸਿੰਘ ਜੀ ਸੰਗਤਾਂ ਨੂੰ ਦਰਸ਼ਨ ਦੇ ਰਹੇ ਸਨ। ਸੰਤ ਅਮਰ ਸਿੰਘ ਨਿਰਮਾਨ ਨੇ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਜ ਕੀਤੀ। ਮਹਾਰਾਜ ਜੀ ਚੀਨ ਨੇ ਸਾਡੇ ਭਾਰਤ ਤੇ ੨੨ ਅਕਤੂਬਰ ੧੯੬੨ ਤੋਂ ਜੰਗ ਛੇੜ ਰੱਖੀ ਹੈ ਕਿਰਪਾ ਕਰੋ ਆਪ ਜੀ ਪੰਡਤ ਜਵਾਹਰ ਲਾਲ ਨਹਿਰੂ ਪ੍ਰਧਾਨ ਮੰਤਰੀ ਭਾਰਤ ਸਰਕਾਰ ਨੂੰ ਅਸ਼ੀਰਵਾਦ ਦਿਉ ਇਹ ਜੰਗ ਜਿੱਤੀ ਜਾਵੇ।'' ਮਹਾਰਾਜ ਜੀ ਨੇ ਬਿਰਲਾ ਮੰਦਰ ਵਿੱਚ ੧੦੧ ਨਾਰੀਅਲ ਦਾ ਹਵਨ ਕਰਨ ਲਈ ਹੁਕਮ ਕੀਤਾ। ਸੰਗਤਾਂ ਨੇ ਉਸੇ ਵੇਲੇ ਹੁਕਮ ਦੀ ਪਾਲਣਾ ਕੀਤੀ। ੨ ਨਵੰਬਰ ੧੯੬੨ ਨੂੰ ਬਿਰਲਾ ਮੰਦਰ ਹਵਨ ਹੋਇਆ ਯੱਗ ਸੰਪੂਰਨ ਹੋਣ ਮਗਰੋਂ ਸ੍ਰੀ ਮਹਾਰਾਜ ਸੇਵਕਾਂ ਸਹਿਤ ੩ ਨਵੰਬਰ ੧੯੬੨ ਨੂੰ ੮-੩੦ ਵਜੇ ਸਵੇਰੇ ਪੰਡਤ ਜਵਾਹਰ ਲਾਲ ਨਹਿਰੂ ਪ੍ਰਧਾਨ ਮੰਤਰੀ ਦੀ ਕੋਠੀ ਗਏ। ਸ੍ਰੀ ਮਹਾਰਾਜ ਜੀ ਨੇ ਪੰਡਤ ਜੀ ਨੂੰ ੫੦੦/- ਰੁਪਏ ਵਾਰ ਫੰਡ ਵਿੱਚ ਦਿੱਤੇ ਅਤੇ ਅਸ਼ੀਰਵਾਦ ਦਿੰਦਿਆਂ ਹੋਇਆਂ ਫਰਮਾਇਆ ਕਿ ਅਜ ਰਾਤ ੧੨ ਵਜੇ ਜੰਗ ਬੰਦ ਹੋ ਜਾਵੇਗੀ, ਚੀਨ ਅੱਗੇ ਨਹੀਂ ਵਧੇਗਾ, ਜੇਕਰ ਵਧੇਗਾ ਤਾਂ ਅੰਨ੍ਹਾਂ ਹੋ ਜਾਏਗਾ। ਕੁਦਰਤ ਵੱਲੋਂ ਇਹ ਕਰਾਮਾਤ ਹੋਈ ਕਿ ੩ ਨਵੰਬਰ ੧੯੬੨ ਨੂੰ ਰਾਤ ਦੇ ੧੨ ਵਜੇ ਜੰਗ ਬੰਦ ਦਾ ਐਲਾਨ ਹੋ ਗਿਆ।

ਪਾਕੇ ਹਮਨ ਸੁਗੰਧ ਕੋਈ ਰੂਹ ਆ ਗਈ।
ਜਲਵਾ ਆਪਣਾ ਉਸ ਦਿਖਾਇਆ ਸੀ।
'ਕੰਵਲ' ਕਿਸੇ ਨੂੰ ਓਹੁ ਨਾ ਦਿਸਦੀ ਸੀ,
ਮਹਾਰਾਜ ਫੜਿਆਂ ਓਧਾ ਸ਼ਾਇਆ ਸੀ।
ਉਸਨੂੰ ਪੁੱਛਿਆ, ਕੌਣ ਤੂੰ ਕਿਥੋਂ ਆਇਆ,
ਦੱਸ ਕਿਸ ਸੁਬੱਬ ਲਈ ਆਇਆ ਸੀ।

**ਸਾਏ ਦਾ ਉਤਰ :**

ਕਹਿੰਦਾ ਮੈਂ ਸਰਮੱਦ ਫਕੀਰ ਸਾਂਈ,
ਔਰੰਗਜੇਬ ਨੇ ਕੱਤਲ ਕਰਾਇਆ ਹੈ।
ਤੇਰੇ ਦਰਸ਼ਣਾਂ ਨੂੰ ਰੂਹ ਭਟਕਦੀ ਸੀ,
ਅੱਜ ਰੱਬ ਸੁਬੱਬ ਬਣਾਇਆ ਹੈ।
ਹੋਈ ਹੋਮ ਸੁਗੰਧ ਸ਼ਪਰਸ਼ ਮੈਨੂੰ,
ਤੇਰਾ ਉੱਜਲ ਦੀਦਾਰ ਮੈਂ ਪਾਇਆ ਹੈ।
ਬੇੜਾ ਪਾਰ ਕਰਦੇ 'ਕੰਵਲ' ਨਾਮ ਦੇਕੇ,
ਏਸੇ ਲਈ ਤੇਰੀ ਸਰਨ ਆਇਆ ਹੈ।

**ਮਹਾਰਾਜ ਨੇ ਸਰਮੱਦ ਨੂੰ ਪ੍ਰਸ਼ਾਦ ਦੇਣਾ :**

ਮਹਾਰਾਜ ਜੰਗ ਸਿੰਘ ਮੇਹਰਬਾਨ ਹੋਇ,
ਗੱਫਾ ਦਿਤਾ ਕੜਾਹ ਪ੍ਰਸ਼ਾਦ ਲੋਕੋ।
ਰੂਹ ਭਟਕਦੀ ਸੀ ਠੰਡੀ ਸੀਤ ਹੋਈ,
ਮੁਕਤਿ ਮਿਲੀ ਤੇ ਰੂਹ ਅਜ਼ਾਦ ਲੋਕੋ।
ਹਮਨ ਹੁੰਦਾ ਰਿਹਾ ਜਿਨੇ ਦਿਨ ਉਥੇ,
ਓਹ ਕਰਦਾ ਰਿਹਾ ਦਿਲ ਸ਼ਾਦ ਲੋਕੋ।
ਸਾਰ ਭਗਤਾਂ ਦੀ ਲੈਂਦੇ ਸਦਾ 'ਕੰਵਲ' ਆਏ,
ਕੀਤੇ ਉਜੜੇ ਕਈ ਅਬਾਦ ਲੋਕੋ।



Sri Satguru Jagjit Singh Ji Elibrary NamdhariElibrary@gmail.com

**ਮਹਾਰਾਜ ਨੂੰ ਘੇਰ ਕੇ ਸਾਰਿਆਂ ਪੁਛਣਾ :**

ਘੇਰਾ ਘੱਤਿਆਂ ਜੱਥੇਦਾਰਾਂ ਸੇਵਕਾਂ ਨੇ।
ਮਹਾਰਾਜ ਨੂੰ ਲਿਆ ਵਿਚਕਾਰ ਭਾਈ।
ਕਹਿੰਦੇ ਦੱਸੋ ਸਾਨੂੰ ਕਉਤਕ ਕੀ ਕੀਤਾ।
ਪੁਛਨਾਂ ਚਹੁਨੇ ਹਾਂ ਹੋ ਹੁਸ਼ਿਆਰ ਭਾਈ।
ਫਿਰਦੀ ਰੂਹ ਸਰਮੱਦ ਦੀ ਭਟਕਦੀ ਸੀ,
ਮਹਾਰਾਜ ਜੀ ਕਿਹਾ ਉਚਾਰ ਭਾਈ।
ਨਾਮ, ਦਾਨ, ਦੇਕੇ 'ਕੰਵਲ' ਮੁਕਤਿ ਕੀਤਾ,
ਸਰਨ ਆਏ ਦੀ ਲਾਜ ਵਿਚਾਰ ਭਾਈ।

**ਹਮਨ ਦਾ ਭੋਗ ਪਿਆ :**

ਅੰਤ ਹਮਨ ਦੀ ਹੋਈ ਅਰਦਾਸ ਪੂਰੀ,
ਭਾਗਾਂ ਵਾਲਾ ਦਿਨ ਸ਼ਗਨ ਮਨਾਦਿਆ ਜੀ।
ਕੜਾਹ ਪ੍ਰਸ਼ਾਦ ਮਹਾਰਾਜ ਨੇ ਆਪ ਵੰਡਿਆ,
ਰੱਜ ਸੰਗਤਾਂ ਭੋਗ ਲੁਆਦਿਆ ਜੀ।
ਆਸਾਂ ਪੂਰਨ ਹੋਈਆਂ ਆਸਾਂ ਵਾਲਿਆਂ ਦੀਆਂ।
ਦੁੱਖ ਦੁਖੀਆਂ ਦਾ ਸਾਰਾ ਮਿਟਾਦਿਆ ਜੀ।
ਏਧਰ ਹਮਨ ਦਾ ਭੋਗ ਜਾ ਪਿਆ 'ਕੰਵਲ',
ਮਹਾਰਾਜ ਨਿਹਾਲ ਸਿੰਘ ਦੁਖੋਂ ਸੁਖ ਪਾਇਅ ਜੀ।

**ਮਹਾਰਾਜ ਨਿਹਾਲ ਸਿੰਘ ਦਾ ਰਾਜ਼ੀ ਹੋਣਾ ਪ੍ਰੀਵਾਰ ਨੂੰ ਖੁਸ਼ੀ ਹੋਣੀ :**

ਰਾਜੀ ਹੋਏ ਮਹਾਰਾਜ ਨਿਹਾਲ ਸਿੰਘ ਜੀ,
ਫਤੇ ਨਾਲ ਹੋਈ ਜੈ ਜੈ ਕਾਰ ਭਾਈ।
ਆਏ ਚਲਕੇ ਕਰਨ ਦੀਵਾਰ ਦੋਵੇਂ,
ਪਤੀ-ਪਤਨੀ ਤੇ ਸਾਰਾ ਪ੍ਰੀਵਾਰ ਭਾਈ।



Sri Satguru Jagjit Singh Ji Elibrary NamdhariElibrary@gmail.com

ਮੂੰਹੋਂ ਆਖਦੇ ਤੁਸੀਂ ਕੀ ਮੰਤ੍ਰ ਕੀਤਾ,
ਹੋਇਆ ਨੌਂ ਬਰ ਨੌ ਰਾਤ ਵਿਚਕਾਰ ਭਾਈ।
ਡਾਕਟਰ ਵੈਦ ਸਿਆਣੇ ਸਭ ਛਾਣ ਮਾਰੇ;
'ਕੰਵਲ' ਦਾਰੂ ਹੋਏਸੀ ਸਭ ਬੇਕਾਰ ਭਾਈ।

**ਮਹਾਰਾਜ ਦਾ ਉਤਰ :**

ਮਹਾਰਾਜ ਜੰਗ ਸਿੰਘ ਹੱਸਕੇ ਆਖਿਆ ਸੀ;
ਕੁਦਰਤ ਕਰਤੇ ਦਾ ਅੰਤ ਨਾ ਆਵਦਾਈ।
ਆਪਣੇ ਭਗਤਾਂ ਦੀ ਸਦਾ ਓਹ ਗੱਲ ਮੰਨੇ।
ਤਨੋ, ਮਨੋ, ਜੋ ਉਸ ਧਿਆਂਵਦਾ ਈ।
ਸਦਾ ਯਾਦ ਜੋ ਰੱਖਦਾ ਪ੍ਰਭੂ ਤਾਂਈ।
ਓਧੇ ਦੁੱਖ ਓਹੁ ਸਭ ਮਿਟਾਵਦਾ ਈ।
ਆਪਣੇ 'ਕੰਵਲ' ਪ੍ਰੇਹਲਾਦ ਨੂੰ ਰੱਖਿਆ ਸੀ,
ਹਰਨਾਕਸ਼ ਤਾਈ ਓਹ ਮਾਰ ਮੁਕਾਵਦਾ ਈ।

**ਚੀਨ ਨੇ ੧੯੬੨ ਵਿਚ ਭਾਰਤ ਤੇ ਹਮਲਾ ਕਰਨਾ :**

ਭਾਰਤ ਦੇਸ਼ ਉਤੇ ਚੀਨ ਝਪੱਟਿਆ ਜਦ,
ਧੋਖੇ ਨਾਲ ਉਸ ਜੰਗ ਮਚਾਇਆ ਸੀ।
ਵਾਹੋਦਾਹੀ ਅਗੇ ਵਧੀ ਆਂਵਦਾ ਏ,
ਇਲਾਕਾ ਤਿੱਬਤ ਦਾ ਸਾਰਾ ਦਬਾਇਆ ਸੀ।
ਉਹ ਕਿਸੇ ਦਾ ਮੋੜਿਆ ਮੁੜੇ ਨਾ ਹੀ,
ਤਾਣ ਆਪਣਾ ਓਸ ਲਗਾਇਆ ਸੀ।
ਭਾਵੇਂ ਭਾਰਤੀ ਫੌਜਾਂ ਨੇ ਰੋਕ ਪਾਈ,
'ਕੰਵਲ' ਭਾਰਤ ਨੁਕਸਾਨ ਉਠਾਇਆ ਸੀ।

ਬਣਿਆ ਮਿੱਤ੍ਰ ਜਵਾਹਰ ਦਾ ਚੀਨ ਪਹਿਲਾਂ,
ਭਾਰਤ ਆ ਕੇ ਭੇਦ ਉਸ ਪਾਇਆ ਸੀ।



Sri Satguru Jagjit Singh Ji Elibrary NamdhariElibrary@gmail.com

ਜਵਾਹਰ ਚਾਹੁੰਦਾ ਨਹੀਂ ਲੜਾਈ ਕਰਨੀ,
ਨਾ ਹਥਿਆਰ ਕੋਈ ਨਵਾਂ ਬਣਾਇਆ ਸੀ।
ਚਾਉ-ਇਨਲਾਈ ਕਮਜ਼ੋਰੀ ਸਭ ਭਾਪ ਲਈ ਸੀ,
ਓਸ ਨੀਤੀ ਦਾ ਲਾਭ ਉਠਾਇਆ ਸੀ।
'ਕੰਵਲ' ਭਾਰੀਆਂ ਚਾੜ੍ਹ ਕੇ ਚੀਨ ਫੌਜਾਂ,
ਇਲਾਕਾ ਭਾਰਤੀ ਬਹੁਤ ਦਬਾਇਆ ਸੀ।

**ਮਹਾਰਾਜ ਜੰਗ ਸਿੰਘ ਦਾ ਆਉਣਾ :**

ਸੰਮਤ ਉੱਨੀ-ਸੌ ਬਾਹਠਵਾਂ ਚਲਦਾ ਸੀ;
ਬਾਬਾ ਜੰਗ ਸਿੰਘ ਦਿੱਲੀ ਪਧਾਰਿਆ ਏ।
ਡੇਰਾ ਘਰ ਗਿਆਨ ਸਿੰਘ ਬਲੋ ਵਾਲੇ,
ਰਮੇਸ਼ ਨਗਰ ਦੇ ਵਿਚ ਸੁਵਾਰਿਆ ਏ।
ਦਰਸ਼ਨ ਕਰਨ ਲਈ ਆਣ ਲੁਕਾਈ ਢੁੱਕੀ,
ਕਈ ਕੱਲੇ ਨਹੀਂ, ਸਣੇ ਪ੍ਰਵਾਰ ਆਏ।
'ਕੰਵਲ' ਲਾਡਲੇ ਗੁਰੂ ਹਰੀ ਸਿੰਘ ਜੀ ਦੇ,
ਤਾਰਨ ਦੀਨ ਦੁਖੀਆਂ ਅਵਤਾਰ ਆਏ।

ਭਤੀਜੇ ਲਗਦੇ ਸੇ ਗੁਰੂ ਰਾਮ ਸਿੰਘ ਜੀ ਦੇ,
ਫਤਹਿ ਕੌਰ ਮਾਤ ਦੇ ਪੁਤ ਕਹਾਉਣ ਆਏ।
ਮਾਤਾ ਪਿਤਾ ਬਿਨ ਬਾਲ ਨਾ ਕਦੇ ਹੋਵੇ,
ਸਿਧਾਂਤ ਗੁਰਮਤ ਦਾ 'ਕੰਵਲ' ਸੁਣਾਉਣ ਆਏ।
ਭਾਈ ਬੜੇ ਸਨ ਗੁਰੂ ਪ੍ਰਤਾਪ ਸਿੰਘ ਜੀਤੋ,
ਬੰਸ ਆਪਣੀ ਦਾ ਜੱਸ ਫੈਲਾਉਣ ਆਏ।
ਦੁਖ ਭਾਰਤ ਮਾਤਾ ਦੇ ਕੱਟਣੇ ਨੂੰ,
ਜੂਲਾ ਗਲੋਂ ਗੁਲਾਮੀ ਦਾ ਲਾਹੁਣ ਆਏ।



Sri Satguru Jagjit Singh Ji Elibrary NamdhariElibrary@gmail.com

**ਮਹਾਰਾਜਾ ਨਿਹਾਲ ਸਿੰਘ ਸਣੇ ਹੋਰ ਸੰਗਤ ਨੇ ਅਰਜ਼ ਕਰਨੀ :**

ਕੱਠੇ ਹੋ ਗਏ ਨਾਮਵਰ ਸਿੰਘ ਸਾਰੇ,
ਮਹਾਰਾਜ ਨਿਹਾਲ ਸਿੰਘ ਬਜ਼ੇਸਰ ਸਿੰਘ ਸਾਰੇ।
ਅਮਰ ਸਿੰਘ ਨਿਰਮਾਣ ਤੇ ਗਿਆਨ ਸਿੰਘ ਜੀ,
ਕਲਸੀ ਸਿੰਘ ਮੋਹਨ ਹਰਭਜਨ ਸਿੰਘ ਸਾਰੇ।
ਬਾਬੂ ਸੁਰਿੰਦਰ ਮਹਾਜਨ ਸਣੇ ਸਾਥੀਆਂ ਦੇ,
ਹੋਰ ਬਹੁਤ ਆਏ ਨਾਲ ਸਿੰਘ ਸਾਰੇ।
ਹੱਥ ਬੰਨ੍ਹ ਕੇ ਸਾਰਿਆਂ ਅਰਜ਼ ਕੀਤੀ,
ਜੰਗ ਚੀਨ ਦਾ ਕਰੋ 'ਕੰਵਲ' ਬੰਦ ਸਾਰੇ।

**ਵਾਕ ਕਵੀ :**

ਸਾਡੇ ਗੁਰੂਆਂ ਕੁਰਬਾਨੀਆਂ ਕੀਤੀਆਂ ਸੀ,
'ਕੰਵਲ' ਭਾਰਤ ਆਜ਼ਾਦ ਕਰਾਉਣ ਬਾਰੇ।
ਤੱਤੀ ਤਵੀ ਤੇ ਬੈਠੇ ਸਨ ਗੁਰੂ ਅਰਜਨ,
ਸਹੀ ਆਪਣਾ ਬਚਨ ਨਿਭਾਉਣ ਬਾਰੇ।
ਗੁਰੂ ਤੇਗ ਬਹਾਦਰ ਦਿੱਲੀ ਸੀਸ ਦਿੱਤਾ,
ਵੈਦਕ ਧਰਮ ਨੂੰ ਜ਼ੁਲਮੋਂ ਬਚਾਉਣ ਬਾਰੇ।
ਕੁਰਬਾਨ ਗੁਰੂ ਦਸਮੇਸ਼ ਸਰਬੰਸ ਕੀਤਾ,
ਭਾਰਤ ਮਾਂ ਦੇ ਬੰਧਨ ਛੁਡਾਉਣ ਬਾਰੇ।

ਭਾਰਤਵਰਸ਼ ਆਜ਼ਾਦ ਕਰਾਉਣ ਖਾਤਰ,
ਝੱਲੇ ਦੁਖ ਕਿੰਨੇ ਨਾਮਧਾਰੀਆਂ ਨੇ।
ਰਾਮ ਸਿੰਘ ਗੁਰੂ ਨੂੰ ਜ਼ਿਲਾ-ਵਤਨ ਕੀਤਾ,
ਕੂਕੇ ਚਾਹੜੇ ਫਾਂਸੀ ਹਤਿਆਰੀਆਂ ਨੇ।
ਅੰਮ੍ਰਿਤਸਰ ਸਰੋਵਰ ਵਿਚ ਹੱਡ ਸਿੱਟਦੇ,
ਉਹ ਬੁੱਚੜ ਵੱਢੇ ਨਾਮਧਾਰੀਆਂ ਨੇ।



Sri Satguru Jagjit Singh Ji Elibrary NamdhariElibrary@gmail.com

'ਕੰਵਲ' ਭਾਰਤ ਆਜ਼ਾਦ ਕਰਾਉਣ ਖਾਤਰ,
ਲੱਖਾਂ ਕਸ਼ਟ ਝੱਲੇ ਨਾਮਧਾਰੀਆਂ ਨੇ।

**ਸੰਗਤ ਦੀ ਅਰਜ਼ ਮਨਜ਼ੂਰ ਕੀਤੀ :**

ਮਹਾਰਾਜ ਜੀ ਕਰੋ ਅਰਦਾਸ ਛੇਤੀ,
ਕਢੋ ਚੀਨ ਨੂੰ ਦੇਥੋਂ ਭਜਾ ਕੇ ਤੇ।
ਧੋਖਾ ਚੀਨ ਨੇ ਜਵਾਹਰ ਦੇ ਨਾਲ ਕੀਤਾ,
ਭਾਈ ਭਾਈ ਦਾ ਡੰਕਾ ਬਜਾ ਕੇ ਤੇ।
ਬਾਬਾ ਜੰਗ ਸਿੰਘ ਅਰਜ਼ ਮਨਜ਼ੂਰ ਕੀਤੀ,
ਸਾਧ-ਸੰਗਤ ਦੀ ਬੇਨਤੀ ਪਾ ਕੇ ਤੇ।
ਬਿਨੈ ਹੋਈ ਮਨਜ਼ੂਰ ਦਰਗਾਹ ਦੇ ਵਿਚ;
'ਕੰਵਲ' ਕਿਹਾ ਮਹਾਰਾਜ ਸੁਣਾ ਕੇ ਤੇ।

**ਬਿਰਲਾ-ਮੰਦਰ ਵਿਚ ਹਮਨ ਕਰਨਾ :**

ਭਾਰਤ ਚੀਨ ਦੇ ਜੰਗ ਦੇ ਰੋਕਣੇ ਨੂੰ,
ਮਹਾਰਾਜ ਹੋਰ ਫੁਰਨਾ ਇਕ ਦੱਸਿਆ ਏ।
ਬਿਰਲਾ—ਮੰਦਰ ਦੇ ਵਿਚ ਇਕ ਹੋਮ ਹੋਵੇ;
ਫੇਰ ਚੀਨ ਜਾਣੋਂ ਓਥੋ ਨੱਸਿਆ ਏ।
ਦਰਸ਼ਣ ਹੋਣਗੇ ਕਦੀ ਮਹਾਤਮਾ ਦੇ,
ਮਨ—ਸ਼ਾਂਤ ਗੁਰੂ ਹਿਰਦੇ ਵੱਸਿਆ ਏ।
ਹੁਕਮ ਮੰਨ ਸੰਗਤ 'ਕੰਵਲ' ਗਈ ਓਥੇ,
ਹਾਸਾ ਖੁਸ਼ੀ ਦਾ ਸਾਰਿਆਂ ਹੱਸਿਆ ਏ।

ਕੋਲ ਬੈਠੇ ਸਨ ਬਾਬੂ ਸੁਰਿੰਦਰ ਮਹਾਜਨ,
ਵੈਦ ਆਤਮਾ ਰਾਮ ਫੁਰਮਾਇਆ ਸੀ।
ਖਰਚਾ ਹਮਨ ਦਾ ਦਿਆਂਗੇ ਅਸੀਂ ਸਾਰਾ,
ਮਹਾਰਾਜ ਨੂੰ ਆਖ ਸੁਣਾਇਆ ਸੀ।



Sri Satguru Jagjit Singh Ji Elibrary NamdhariElibrary@gmail.com

ਇਕ ਸੌ ਇਕ ਨਾਰੀਅਲ ਹੋਮ ਵਿਚ ਪਾਵੇ,
ਛੰਗ ਸਿੰਘ ਜੀ ਏਹੁ ਬਤਾਇਆ ਸੀ।
ਉਸੇ ਵਕਤ ਸੁਮੱਗਰੀ ਹੋਈ ਕੱਠੀ.
'ਕੰਵਲ' ਹੁਕਮ ਜਾਂ ਸਤਿਗੁਰਾਂ ਲਾਇਆ ਸੀ।

ਸੰਗਤ ਸਣੇ ਮਹਾਰਾਜ ਮੰਦਰ ਪਹੁੰਚ ਗਏਸੀ,
ਆਸਣ ਆਪਣਾ ਜਾ ਬਿਸਾਇਆ ਸੀ।
ਅਮਰ ਸਿੰਘ ਨਿਰਮਾਣ ਤੇ ਮਹਾਜਨ ਜੀ ਨੇ,
ਇੰਤਜ਼ਾਮ ਸਭ ਪੂਰਾ ਕਰਾਇਆ ਸੀ।
ਗਿਰਧਾਰੀ ਲਾਲ ਸ਼ਾਸਤ੍ਰੀ ਤੇ ਰਣਬੀਰ ਮਿਲਾਪ ਐਡੀਟਰ,
ਵੈਦ ਆਤਮਾ ਰਾਮ ਵੀ ਆਇਆ ਸੀ।
'ਕੰਵਲ' ਦਿਨ੍ਹਾਂ ਦੇ ਹੋਰ ਪ੍ਰਵਾਰ ਆਏ,
ਮੇਲਾ ਹੋ ਗਿਆ ਦੂਣ-ਸਵਾਇਆ ਸੀ।

**ਸੂਰਜ ਚੜ੍ਹਨ ਤੋਂ ਪਹਿਲਾਂ ਹਮਨ ਆਰੰਭ ਕੀਤਾ :**

ਸੂਰਜ ਚੜ੍ਹਨੋਂ ਪਹਿਲਾਂ ਹੋਮ ਸ਼ੁਰੂ ਹੋਇਆ,
ਰਸਦਾਂ ਸੰਗਤਾਂ ਖੂਬ ਲਿਆਈਆਂ ਜੀ।
ਇਕ ਸੌ ਇਕ ਨਾਰੀਅਲ ਵਿਚ ਰੱਖ ਦਿੱਤਾ,
ਘਿਓ ਮਿਲੀਆਂ ਸਮੱਗਰੀ ਪਾਈਆਂ ਜੀ।
ਲਾਟਾਂ ਛੱਡੀਆਂ ਹੋਮ ਸੁਗੰਧ ਭਰੀਆਂ,
ਅਰਸ਼ੋਂ ਦੇਵ ਅਪੱਛਰਾਂ ਆਈਆਂ ਜੀ।
ਇੰਦਰ ਬਰਸਦਾ 'ਕੰਵਲ' ਦੇ ਮਾਰ ਛੱਟੇ,
ਖੁਸ਼ੀਆਂ ਸਾਰਿਆਂ ਦੇ ਦਿਲ ਛਾਈਆਂ ਜੀ।

**ਬਿਰਲੇ ਸੇਠ ਦਾ ਆਉਣਾ :**

ਘਨਸ਼ਾਮ ਦਾਸ ਬਿਰਲਾ ਘਨ ਦੀ ਗਰਜ ਲੇ ਕੇ.
ਯਗ ਸਮਾਪਤੀ ਤੋਂ ਪਹਿਲਾਂ ਆ ਗਿਆ ਓਹ।



Sri Satguru Jagjit Singh Ji Elibrary NamdhariElibrary@gmail.com

ਲਗਾ ਹੋਮ ਅਹੂਤੀਆਂ ਪਾਣ ਭਰ ਕੇ,
ਅਗਨੀ ਹੋਰ ਪ੍ਰਚੰਡ ਬਰਾ ਗਿਆ ਉਹ।
ਬੰਬ ਜਿਹਾ ਧਮਾਕਾ ਵਿਚੋਂ ਵੱਜਿਆ ਸੀ,
ਮਹਾਰਾਜ ਵਿਚ ਹਰਖ ਦੇ ਆ ਗਿਆ ਉਹ।
ਜੈ ਜੈ ਭਾਰਤ ਦੀ ਹੋ ਗਈ ਨਿਹਾਲ ਸਿੰਘਾ;
'ਕੰਵਲ' ਜੰਗ ਚੀਨ ਦਾ ਬੰਦ ਕਰਾ ਗਿਆ ਓਹ।

ਚੀਨ ਨੇ ਜੰਗ-ਬੰਦੀ ਦਾ ਐਲਾਨ ਕਰਨਾ :

ਜੰਗ-ਬੰਦੀ ਦਾ ਜਦੋਂ ਐਲਾਨ ਕੀਤਾ,
ਮਹਾਰਾਜ ਨੇ ਉੱਚੀ ਪੁਕਾਰਿਆ ਸੀ।
ਅਗੇ ਵਧਣ ਤੋਂ ਰੁਕ ਗਿਆ ਚੀਨ ਭਾਈ,
ਅੰਨ੍ਹਾ ਹੋ ਜਾਊ ਜੇ ਪੈਰ ਪਸਾਰਿਆ ਸੀ।
ਗੂੰਜ ਉਠਿਆ ਮਾਨੋਂ ਬ੍ਰਹਿਮੰਡ ਸਾਰਾ,
ਜੈ ਜੈ ਕਾਰ ਦੇ ਭਰੇ ਜੈਕਾਰਿਆ ਸੀ।
ਵਾਇਰਲੈੱਸ ਆਦੀ ਓਸੇ ਰਾਤ ਭਾਈ,
ਜਵਾਹਰ 'ਕੰਵਲ' ਦਾ ਸੁਪਨ ਸਾਕਾਰਿਆ ਸੀ।

ਮਹਾਰਾਜ ਜੀ ਨੇ ਪੰਡਤ ਜਵਾਹਰ ਲਾਲ ਜੀ ਨੂੰ ਮਿਲਣ ਜਾਣਾ :

ਦੂਜੇ ਦਿਨ ਫਿਰ ਹਵਨ ਸਮਾਪਤੀ ਤੇ,
ਮਿਲਣ ਗਏ ਜਵਾਹਰ ਨੂੰ ਆਪ ਸਾਰੇ।
ਨਿਹਾਲ ਸਿੰਘ ਜੀ, ਮਹਾਰਾਜ ਜੰਗ ਸਿੰਘ ਜੀ,
ਰਣਬੀਰ ਐਡੀਟਰ ਮਿਲਾਪ ਸਾਰੇ।
ਅਮਰ ਸਿੰਘ ਨਿਰਮਾਣ ਮਹਾਜਨ ਸੁਰਿੰਦਰ ਜੀ ਭੀ,
ਕੋਠੀ ਨਹਿਰੂ ਦੀ ਪਹੁੰਚ ਗਏ ਆਪ ਸਾਰੇ।
ਸ੍ਰੀ ਰਣਧੀਰ ਜੀ ਤੇ ਮਹਾਰਾਜ ਨਿਹਾਲ ਸਿੰਘ ਜੀ,
'ਕੰਵਲ' ਅੰਦਰ ਜਾ ਕੀਤੀ ਪੁਕਾਰ ਸਾਰੇ।



Sri Satguru Jagjit Singh Ji Elibrary NamdhariElibrary@gmail.com

ਇਕ ਮਹਾਂ-ਪੁਰਸ਼ ਆਏ ਹੈਂ ਮਿਲਣ ਤੈਨੂੰ,
ਦਰਸ਼ਨ ਕਰਨ ਤੇ ਦੇਣ ਦੀਦਾਰ ਪਿਆਰੇ।
ਸੁਣ ਕੇ ਨਹਿਰੂ ਜੀ ਭੱਥ ਦੇ ਬਾਹਰ ਆਏ;
ਜਿਥੇ ਬੈਠੇ ਸਨ ਸੰਤ ਬਹਾਰ ਪਿਆਰੇ।
ਚਰਨੀ ਹੱਥ ਜਵਾਹਰ ਨੇ ਆਣ ਲਾਇਆ;
ਮਹਾਰਾਜ ਜੀ ਦਿੱਤਾ ਸੀ ਪਿਆਰ ਪਿਆਰੇ।
'ਕੰਵਲ' ਅਜ ਖਲਾਸੀ ਮੈਂ ਕਰੀ ਤੇਰੀ,
ਚੀਨ ਜੰਗ ਨੂੰ ਦਿੱਤਾ ਵਿਸਾਰ ਪਿਆਰੇ।

**ਪੰਡਤ ਨਹਿਰੂ ਜੀ ਨੇ ਮਹਾਰਾਜ ਦੀ ਪੂਜਾ ਕਰਨੀ :**

ਨਹਿਰੂ ਜਾਣਿਆਂ ਕੋਈ ਅਵਤਾਰ ਸੱਚਾ,
ਮੇਰੇ ਘਰ ਪ੍ਰਮੇਸ਼ਰ ਆ ਗਿਆ ਹੈ।
ਲਿਜਾ ਅੰਦਰ ਸਿੰਘਾਸਨ ਬਿਠਾਇਆ ਸੀ;
ਪੂਜਾ ਕੀਤੀ ਜੋ ਮਨ ਨੂੰ ਭਾ ਗਿਆ ਹੈ।
ਰੁਪਈਆ ਪੰਜ ਸੌ ਮਹਾਰਾਜ ਜੀ ਭੇਟ ਕੀਤਾ;
ਝੋਲੀ ਨਹਿਰੂ ਨੇ ਆਪਣੀ ਪਾ ਲਿਆ ਹੈ।
ਥਾਪੀ ਦੇ ਕੇ ਨਹਿਰੂ ਨਿਹਾਲ ਕੀਤਾ,
ਗੁਰੂ ਰਾਮ ਸਿੰਘ ਬਿਰਦ ਨੂੰ ਪਾਲਿਆ ਹੈ।

ਜਿਸ ਖਜ਼ਾਨੇ ਦੇ ਵਿਚ ਏਹ ਪਊ ਮਾਇਆ,
ਓਥੇ ਤੋਟ ਨਾ ਕਦੇ ਵੀ ਆਏਗੀ ਜੀ।
ਹੱਥ ਜੋੜ ਕੇ ਪੰਡਤ ਜੀ ਆਖਿਆ ਸੀ,
ਕਿਰਪਾ ਮਾਲਕ ਦੀ ਬਚਨ ਨਿਭਾਏਗੀ ਜੀ।
ਦੇਸ਼ ਆਪਣੇ ਦੀ ਰੱਖੀ ਲਾਜ ਗੁਰ ਜੀ;
ਏਹ ਕੀਰਤੀ ਭੁਲ ਨਾ ਜਾਏਗੀ ਜੀ।



Sri Satguru Jagjit Singh Ji Elibrary NamdhariElibrary@gmail.com

'ਕੰਵਲ' ਖੁਸ਼ੀ ਖੁਸ਼ੀ ਓਥੋਂ ਵਿਦਾ ਹੋਏ,
ਇਹ ਵਾਰਤਾ ਸਦਾ ਰਹਿ ਜਾਏਗੀ ਜੀ।

**੧੯੬੩-੬੪ ਦੀ ਸਾਖੀ ਬਿੰਦਰਾ ਬਨ ਜਾਣ ਦੀ :**

ਜੰਗ ਸਿੰਘ ਜੀ ਦੀਨ ਦਿਆਲ ਸੁਆਮੀ;
ਤ੍ਰੈਹਠ ਚੌਂਸਠ ਵਿਚ ਦਿੱਲੀ ਪਧਾਰਿਆ ਸੀ।
ਡੇਰਾ ਘਰ ਗਿਆਨ ਸਿੰਘ ਬਲੋਂਵਾਲੀ,
ਬੇੜਾ ਨਾਮ ਦਾ ਏਥੇ ਉਤਾਰਿਆ ਸੀ।
ਹੁਮ-ਹੁਮਾ ਕੇ ਸੰਗਤ ਪਹੁੰਚੀ ਦਰਸ਼ਨਾਂ ਨੂੰ;
ਪਾ ਦੀਦਾਰ ਸਭ ਪਾਪ ਉਤਾਰਿਆ ਸੀ।
ਮਹਾਰਾਜ ਜੀ ਮੇਹਰ ਦੇ ਘਰਆ ਕੇ,
ਇਹੋ 'ਕੰਵਲ' ਨੂੰ ਬਚਨ ਉਚਾਰਿਆ ਸੀ।

ਸਾਡੀ ਇੱਛਾ ਹੈ ਸੰਗਤ ਨੂੰ ਨਾਲ ਲੈ ਕੇ,
ਦਰਸ਼ਨ ਕਰਨ ਬਿੰਦਰਾ ਬਨ ਚੱਲੀਏ ਜੀ।
ਜਨਮ-ਭੂਮੀ ਦੁਆਪਰ ਦੀ ਹੈ ਸਾਡੀ,
ਓਸ ਥਾਂ ਨੂੰ ਜਾ ਹੁਣ ਮੱਲੀਏ ਜੀ।
ਜੋ ਹੁਣ ਮੈਲੀ-ਕੁਚੈਲੀ ਉਦਾਸ ਪਈ ਹੈ,
ਕਰ ਕੇ ਹੋਮ ਉਸ ਨੂੰ ਸੁਰਗ ਘੱਲੀਏ ਜੀ।
'ਕੰਵਲ' ਨਾਲ ਪਾਪਾਂ ਭਰੀ ਪ੍ਰਿਥਵੀ ਦਾ,
ਮੁੜ ਕੇ ਪੁੰਨ ਦਾ ਪੱਤ੍ਰਾ ਥੱਲ੍ਹੀਏ ਜੀ।

ਹੁਕਮ ਮੰਨ ਕੇ ਸੰਗਤ ਤਿਆਰ ਹੋ ਗਈ,
ਰਸਦਾਂ, ਬਿਸਤਰੇ ਕੱਠੀਆਂ ਹੋ ਗਈਆਂ।
ਪੀਪੇ ਘਿਓ ਸੁਮਗਰੀ ਹਮਨ ਦੀ ਸਭ,
ਝੱਬ ਬੰਦ ਸੰਦੂਕਾਂ ਵਿਚ ਹੋ ਗਈਆਂ।



Sri Satguru Jagjit Singh Ji Elibrary NamdhariElibrary@gmail.com

ਸਭ ਕੁਝ ਬੱਸਾਂ ਦੇ ਵਿਚ ਸੀ ਰੱਖ ਦਿੱਤਾ,
ਨਾਲ ਸੰਗਤਾਂ ਵਿਚ ਸਮੇ ਗਈਆਂ।
'ਕੰਵਲ' ਜੰਗ ਸਿੰਘ ਜੀ ਅਰਦਾਸ ਕਰਕੇ,
ਮਾਲਾ ਫੇਰਦੇ ਹੋ ਖਾਮੋਸ਼ ਗਈਆਂ।

ਮਹਾਰਾਜ ਡਰਾਈਵਰ ਨੂੰ ਹੁਕਮ ਕੀਤਾ,
ਬੱਸ ਤੋਰ ਲੈ ਗੁਰੂ ਸਵਾਰਿਆ ਓਏ।
ਭਲੀ ਕਰੇਗਾ ਆਪ ਅਕਾਲ ਸਾਡੀ,
ਅਸੀਂ ਓਸ ਨੂੰ ਨਹੀਂ ਵਿਸਾਰਿਆ ਓਏ।
ਸਦਾ ਭਗਤਾਂ ਦੀ ਰੱਖਦਾ ਆਇਆ ਹੈ,
ਸਭ ਕੁਝ ਦੇ ਕੇ ਵੀ ਨਹੀਂ ਚਿਤਾਰਿਆ ਓਏ।
'ਕੰਵਲ' ਹਰ ਦਮ ਓਸ ਨੂੰ ਯਾਦ ਕਰੀਏ,
ਹੋਇ ਪ੍ਰਤਾਪ ਫਿਰ ਦੂਣਾ ਪਿਆਰਿਆ ਓਏ।

**ਜੂਹ ਬਿੰਦਰਾ ਬਨ ਪੈਰ ਧੌਣ ਤੇ ਇੰਦਰ-ਫੁਹਾਰ ਪੈਣੀ :**

ਜੂਹ ਬਿੰਦਰਾ-ਬਨ ਜਦ ਪੈਰ ਪਾਇਆ;
ਖੁਸ਼ੀ ਇੰਦਰ ਨੂੰ ਮਾਨੋਂ ਅਪਾਰ ਹੋਈ।
ਮਿੰਨੀ-ਕਣੀ ਧੀਰੇ ਧੀਰੇ ਸ਼ੁਰੂ ਹੋਈ,
ਮਾਨੋਂ ਅਰਸ਼ਾਂ ਤੋਂ ਅੰਮ੍ਰਿਤ ਫੁਹਾਰ ਹੋਈ।
ਤਪਦੇ ਹਿਰਦਿਆਂ ਨੂੰ ਠੰਢ ਪਾਈ ਜਾਂਦੀ,
ਸ੍ਵਾਂਤੀ-ਬੂੰਦ ਪਪੀਹੇ ਨੂੰ ਠਾਰ ਹੋਈ।
ਤਪਦੇ ਪਾਣੀ ਦੇ ਪਿਆਸੇ ਜੀਵ-ਜੰਤੂਆਂ ਨੂੰ,
'ਕੰਵਲ' ਆਬੇ-ਹਿਯਾਤ ਬਹਾਰ ਹੋਈ।

**ਜਮਨਾ-ਘਾਟ ਦੀ ਬਰੇਤੀ ਤੇ ਹਮਠ ਦਾ ਆਰੰਭ :**

ਜਮਨਾ-ਘਾਟ ਤੋਂ ਜ਼ਰਾ ਅਗੇ ਲੰਘ ਕੇ ਤੇ,
ਮਿਲੀ ਇਕ ਬ੍ਰੇਤੀ ਸੁਹਾਵਣੀ ਜੀ।



Sri Satguru Jagjit Singh Ji Elibrary NamdhariElibrary@gmail.com

ਉਹ ਦੇਖਣ ਨੂੰ ਬੜੀ ਰਮਣੀਕ ਸੁੰਦਰ,
ਦੇਥੇ ਹੋਮ ਦੀ ਵਿਉਂਤ ਬਣਾਵਣੀ ਜੀ।
ਇਕ ਸੌ ਇਕ ਨਰੇਲ ਪਾ ਹੋਮ ਆਰੰਭ ਕੀਤਾ,
ਮਹਿਮਾ ਏਸ ਦੀ 'ਕੰਵਲ' ਸੁਣਾਵਣੀ ਜੀ।
ਲਾਟਾਂ ਛੱਡੀਆਂ ਧੂਪ ਸਮੱਗਰੀ ਨੇ,
ਸਾਰੇ ਸ਼ਹਿਰ ਸੁਗੰਧ ਫੈਲਾਵਣੀ ਜੀ।

**ਰਿਖੀ ਰਾਮ ਮੰਦਰ ਦਾ ਪੁਜਾਰੀ ਦੇਖਣ ਆਇਆ :**

ਇਹ ਮੰਦਰ ਇਸ ਜੱਗ ਤੋਂ ਸੀ ਨੇੜੇ,
ਰਿਖੀ ਰਾਮ ਵੀ ਦੇਖਣ ਨੂੰ ਆਇਆ ਸੀ।
ਐਸਾ ਕਦੀ ਨਜ਼ਾਰਾ ਉਸ ਦੇਖਿਆ ਨਾਂ,
ਮਾਨੋਂ ਇੰਦਰ ਨੇ ਅੰਬਰ ਵਰਸਾਇਆ ਸੀ।
ਦੇਖ ਪੰਡਤ ਵੀ ਰਹਿ ਨਾ ਸੱਕਿਆ ਏ,
ਛੇਤੀ ਨਹਾ ਯਮਨਾ ਮੁੜ ਆਇਆ ਸੀ।
ਨਾਲ ਬੈਠ ਗਿਆ ਹਮਨ ਪਾਠੀਆਂ ਦੇ,
ਮੰਤ੍ਰ 'ਕੰਵਲ' ਨੇ ਵੇਦ ਦਾ ਗਾਇਆ ਸੀ।

**ਬਿਆਨ ਪੰਡਤ ਮੁਖਾਤਬ ਮਹਾਰਾਜ ਜੰਗ ਸਿੰਘ ਜੀ ਨੂੰ :**

ਪੰਡਤ ਆਖਿਆ ਇਹੋ ਭਗਵਾਨ ਯਾਰੋ;
ਜੇਹੜਾ ਵਿਚ ਦੁਆਪਰ ਦੇ ਆਇਆ ਸੀ।
ਆ ਕੇ ਕਲਯੁਗ ਦੇ ਵਿਚ ਦੀਦਾਰ ਦਿੱਤਾ,
ਇਹ ਤਾਂ ਤਾਰਨ ਜਹਾਨ ਨੂੰ ਆਇਆ ਸੀ।
ਮੈਨੂੰ ਦਿਸਦਾ ਏਹੋ ਕ੍ਰਿਸ਼ਨ ਭਗਵਾਨ ਸੰਤੋ,
ਆ ਬਿੰਦਰਾ-ਬਨ ਖੇਲ ਦਿਖਾਇਆ ਸੀ।
ਏਹੋ ਆਖ ਓ 'ਕੰਵਲ' ਮਸਤਾਨਾ ਹੋਇਆ,
ਨਾਲੇ ਨੱਚਿਆ ਤੇ ਗਿੱਧਾ ਪਾਇਆ ਸੀ।



Sri Satguru Jagjit Singh Ji Elibrary NamdhariElibrary@gmail.com

ਏਨਾ ਆਖ ਕੇ 'ਕੰਵਲ' ਉਹ ਪਿਆ ਸ਼ਰਨੀ,
ਸੀਸ ਚਰਨਾਂ ਦੇ ਨਾਲ ਘਸਾਇਆ ਈ।
ਮੈਂ ਪਾ ਲਿਆ ਹੈ ਤੁਸੀਂ ਭੁਲਿਓ ਨਾ,
ਇਹ ਮਾਂ ਕਰਮਾਂ ਵਾਲੀ ਜਾਇਆ ਈ।
ਮਹਾਰਾਜ ਨੇ ਪਕੜ ਉਠਾ ਲਿਆ ਸੀ,
ਮੈਂ ਤਾਂ ਤੇਰੇ ਲਈ ਏਥੇ ਆਇਆ ਈ।
ਰਿਖੀ ਰਾਮ ਜੀ ਨੂੰ ਮਹਾਰਾਜ ਆਖਦੇ ਨੇ,
ਤੈਨੂੰ ਵੇਦਾਂ ਦਾ ਗਿਆਨ ਕਰਾਇਆ ਈ।

ਪੰਡਤ ਆਖਿਆ ਮੈਨੂੰ ਦੀਦਾਰ ਦੇਕੇ,
ਸੁਖ ਬਖਸ਼ਿਆ ਮੇਰੀ ਭੁਖ ਦੂਰ ਕਰਕੇ।
ਮਹਾਰਾਜ ਆਪਣੀ ਹੱਥੀ ਪ੍ਰਸਾਦ ਦਿਤਾ,
ਲੰਗਰ ਦਿਤਾ ਛਕਾ ਭਰਪੂਰ ਕਰਕੇ।
ਕਾਲੀ ਨਾਗ ਏਥੇ ਹੀ ਨੱਥਿਆ ਸੀ,
ਮਾਨ ਤੋੜਿਆ ਸੀ ਓਧਾ ਚੂਰ ਕਰਕੇ,
'ਕੰਵਲ' ਬਾਲ ਲੀਲਾ ਏਥੇ ਕਰੀ ਸੀਗੀ,
ਸੁਖੀ ਪਰਜਾ ਕੀਤੀ ਦੁਖ ਦੂਰ ਕਰਕੇ।

**ਮਹਾਰਾਜ ਤੋਂ ਸੰਗਤ ਨੇ ਪੁਛਣਾ ਕਿ ਜੋ ਪੰਡਿਤ ਕਹਿੰਦਾ ਠੀਕ ਹੈ ?**

ਮਹਾਰਾਜ ਨੂੰ ਸੰਗਤ ਨੇ ਪੁਛਿਆ ਸੀ,
ਕੀ ਏਹ ਸੱਚ ਹੈ ? ਜੋ ਪੰਡਿਤ ਆਖਿਆ ਹੈ।
ਮਹਾਰਾਜ ਜੀ ਹੱਸਕੇ ਕਹਿਣ ਲੱਗੇ,
ਏਹ ਜਾਣੇ ਜਿਨ ਕਰੀ ਵਿਆਖਿਆ ਹੈ।
ਕੀ ਲੈਣਾ ਸੁਰੈਣ ਸਿੰਘਾ ਪੁੱਛਕੇ ਤੂੰ,
ਸਭ ਠੀਕ ਹੈ 'ਕੰਵਲ' ਜੋ ਆਖਿਆ ਹੈ।



Sri Satguru Jagjit Singh Ji Elibrary NamdhariElibrary@gmail.com

ਸਾਰੀ ਸੰਗਤ ਨੂੰ ਨਾਮ ਸਰੂਰ ਚੜ੍ਹਿਆ,
ਮੂੰਹੋਂ ਬੋਲਦੇ ਨੇ ਸੱਚੀ ਭਾਖਿਆ ਹੈ।

**ਲੰਗਰ ਵਿਚ ਵਾਧਾ ਹੋਣਾ :**

ਸੰਗਤ ਬਹੁਤ ਆ ਗਈ ਲੰਗਰ ਲਗੇ ਥੋੜਾ,
ਮਹਾਰਾਜ ਆਖਿਆ ਸਭ ਨੂੰ ਵਰਤਾਉ ਭਾਈ।
ਕਰ ਅਰਦਾਸ ਇਕ ਕੱਪੜਾ ਪਾਉ ਉਤੇ,
ਤੋਟਾ ਆਏਨਾ ਰੱਜ ਰੱਜ ਖਾਓ ਭਾਈ।
'ਕੰਵਲ' ਭੁੱਖ ਕੱਢੋ ਅੱਜ ਸਾਰਿਆਂ ਦੀ,
ਖੁਲੇ ਗਫਿਆਂ ਨਾਲ ਰਜਾਓ ਭਾਈ।
ਦੀਨ ਦਿਆਲ ਬਰਤੋਣ ਨੂੰ ਆਪ ਲਗ ਪਏ,
ਦਿਤਾ ਨਾਮ ਪ੍ਰਭਾਉ ਦਿਖਾਓ ਭਾਈ।

**ਸਾਖੀ ਝੋਟਾ ਨੱਥਣ ਦੀ :**

ਪਿੰਡ ਸੇਲ ਬਰਾਂ ਫੂਲ ਤੋਂ ਤਿੰਨ ਕੋਹ ਸੀ,
ਪੱਛਮ ਰਿਆਸਤ ਨਾਭਾ ਵਿਚ ਆਂਵਦੀ ਏ।
ਕਿਸ਼ਨ ਸਿੰਘ ਓ ਸੀ ਨੰਬਰਦਾਰ ਪਿੰਡ ਦਾ,
ਪੰਚਾਇਤ ਪਿੰਡਦੀ ਉਸ ਨੂੰ ਚਾਂਹਵਦੀ ਏ।
ਝੋਟਾ ਸਾਹਨ ਇਕ ਓਸਨੇ ਛੱਡਿਆ ਸੀ,
ਵੜਦਾ ਪੈਲੀ ਜੋ ਉਸਨੂੰ ਭਾਵਦੀਏ।
'ਕੰਵਲ' ਫੜਿਆ ਓਹ ਕਿਸੇ ਤੋਂ ਜਾਵਦਾਨਾਂ,
ਪਈ ਖਲਕ ਦੁਹਾਈਆ ਪਾਂਵਦੀ ਏ।

**ਕਿਸ਼ਨ ਸਿੰਘ ਨੇ ਪ੍ਰਣ ਧਾਰਨਾ :**

ਪਿੰਡ ਧੂਣੀ ਉਤੇ ਕਿਸ਼ਨ ਸਿੰਘ ਬੈਠਾ,
ਉੱਚੀ ਬੋਲ ਕੇ ਪ੍ਰਣ ਇਕ ਧਾਰਿਆ ਸੀ।



Sri Satguru Jagjit Singh Ji Elibrary NamdhariElibrary@gmail.com

ਜਹੜਾ ਝੋਟੇ ਨੂੰ ਪਕੜ ਕੇ ਨੱਥ ਪਾਵੇ।
ਰੁਪਈਆ ਪੰਜ ਸੌ ਉਸ ਤੋਂ ਵਾਰਿਆ ਸੀ।
ਨਾਲ ਧੀ ਦਾ ਡੋਲਾ ਬੀ ਦਿਆ ਉਸਨੂੰ,
ਏਹ ਆਖ ਕੇ ਉਚੀ ਪੁਕਾਰਿਆ ਸੀ।
ਖਬਰ ਫੈਲ ਗਈ ਵਿਚ ਇਲਾਕਿਆਂ ਦੇ,
'ਕੰਵਲ' ਸਾਰਿਆਂ ਜ਼ੋਰ ਅਜ ਮਾਰਿਆ ਸੀ।

**ਮਹਾਰਾਜ ਜੰਗ ਸਿੰਘ ਜੀ ਨੂੰ ਪਤਾ ਲਗਣਾ :**

ਗਿੱਦੜ ਬਾਹੇ ਤੋਂ ਜੰਗ ਸਿੰਘ ਚੜਕੇ,
ਟੇਸ਼ਣ ਰਾਮਪੁਰ ਉਤਰੇ ਆਇਕੇ ਜੀ।
ਏਥੋਂ ਯੱਕੇ ਤੇ ਬੈਠ ਸੇਲਬਰਾਂ ਪਹੁੰਚੇ,
ਮਿਲੇ ਪਿੰਡ ਦੇ ਲੋਕਾਂ ਨੂੰ ਜਾਇਕੇ ਜੀ।
ਕਹਿੰਦੇ ਕਿੱਥੇ ਆ ਝੋਟਾ ਜਿਸ ਨੂੰ ਨੱਥ ਪੌਣੀ,
ਮੈਨੂੰ ਦਸੋਖਾਂ ਨਾਲ ਕੋਈ ਆਇਕੇ ਜੀ।
'ਕੰਵਲ' ਕੱਠੇ ਹੋ ਗਏ ਓਥੇ ਲੋਕ ਬਹੁਤੇ,
ਵੇਖਣ ਝੱਪਟ ਤਮਾਸ਼ੇ ਦੀ ਆਇਕੇ ਜੀ।

**ਲੋਕਾਂ ਦੇ ਆਪੋ ਆਪਣੇ ਖਿਆਲ :**

ਕਈ ਆਖਦੇ ਏਨੇ ਕੀ ਨੱਥ ਪੌਣੀ,
ਦੱਸ ਦੱਸ ਆਦਮੀ ਪਕੜਦੇ ਹਾਰ ਗਏ ਜੀ।
ਮਿੱਠੇ ਚਊਲਾਂ ਨੂੰ ਮਾਰਲਾ ਹੱਥ ਕੁਬੀ,
ਬਹੁਤ ਆਪਣਾ ਜ਼ੋਰ ਅਜ਼ਮਾ ਗਏ ਜੀ।
ਝੋਟਾ ਫਿਟਿਆ ਹੋਇਆ ਛੱਪੜ ਵਿਚ ਬੈਠਾ,
ਮਹਾਰਾਜ ਬੋਲਾ ਉਸਨੂੰ ਮਾਰ ਗਏ ਜੀ।
ਬਾਹਰ ਆਜਾ 'ਕੰਵਲ' ਤੇਰੇ ਨੱਥ ਪਾਈਏ,
ਕਈ ਹੋਰ ਬੀ ਜ਼ੋਰ ਅਜਮਾ ਗਏ ਜੀ।



Sri Satguru Jagjit Singh Ji Elibrary NamdhariElibrary@gmail.com

(ਪਰ) ਤੈਨੂੰ ਹੁਣ ਅਸੀਂ ਸੁਧਾਰਨਾ ਹੈ,
ਮਾਰ ਖੰਡੇ ਨੂੰ ਸੰਤ ਬਣਾ ਲਿਆਈ।
ਝੋਟਾ ਬਾਹਰ ਆਇਆ ਨੀਵੀਂ ਧੌਣ ਕਰਕੇ,
ਬਾਬੇ ਹੱਥ ਜੁਬਾਹੜੇ ਨੂੰ ਪਾ ਲਿਆ ਈ।
ਨੱਕ ਨੱਥ ਪਾ ਦਿੱਤਾ ਬਲਵਾਨ ਬਾਬੇ,
ਮੁੜਿ ਝੋਟੇ ਨਾ ਕਿਸੇ ਨੂੰ ਢਾ ਲਿਆਈ।
ਕਉਤਕ ਵੇਖਕੇ 'ਕੰਵਲ' ਹੈਰਾਨ ਸਾਰੇ,
ਮਹਾਰਾਜ ਨੇ ਸਭ ਨੂੰ ਨਿਵਾ ਲਿਆ ਸੀ।

**ਕਿਸ਼ਨ ਸਿੰਘ ਨੰਬਰਦਾਰ ਨੇ ਪੰਜ ਸੌ ਰੁਪਏਆਂ ਅਤੇ ਧੀ ਪੇਸ਼ ਕਰਨੀ :**

ਕਿਸ਼ਨ ਸਿੰਘ ਜੇਹੜਾ ਪ੍ਰਣ ਧਾਰਿਆ ਸੀ;
ਮੱਥਾ ਟੇਕ ਕੇ ਕਿਹਾ ਕਬੂਲ ਕਰਲੌ।
ਪੰਝੀ ਸਾਲ ਦੀ ਧੀ ਜੁਆਨ ਮੇਰੀ,
ਨਾਲ ਪੰਜ ਸੌ ਰਪਈਏ ਕਬੂਲ ਕਰਲੌ।
ਮਹਾਰਾਜ ਕਿਹਾ ਧਰਮ ਦੀ ਧੀ ਮੇਰੀ,
ਮੇਰਾ ਚਾਰ ਸੌ ਤੁਸੀਂ ਕਬੂਲ ਕਰਲੌ।
'ਕੰਵਲ' ਧੀ ਦੇ ਸਿਰ ਪਿਆਰ ਦਿੱਤਾ,
ਸਦਾ ਸੁਖੀ ਰਹੁ ਬਚਨ ਕਬੂਲ ਕਰਲੌ।

**ਅਗੇ ਧਰਮੂ ਦੇ ਕੋਟ ਦੀ ਸਾਖੀ ਪੁਲਸ ਨੇ ਆਉਣਾ :**

ਔਫੀਸਰ ਪੁਲਸ ਦਾ ਸੀ ਪਰਮਾ ਨੰਦ ਪੰਡਤ,
ਬੀਹ ਹੋਰ ਸਿਪਾਹੀ ਸੀ ਨਾਲ ਆਏ।
ਠਾਣੇਦਾਰ ਬੁਲਾਡੇ ਤੋਂ ਨਾਲ ਰਲਿਆ,
ਕੋਟ ਧਰਮੂ ਦੇ ਚਲ ਕੇ ਨਾਲ ਆਏ।
ਕੱਠੇ ਕਰ ਲਿਆ ਪਿੰਡ ਦੇ ਬੰਦਿਆਂ ਨੂੰ,
ਜਾਂ ਕਲੌਰ ਦੇ ਵਿਚ ਖਲਾਰ ਆਏ।



Sri Satguru Jagjit Singh Ji Elibrary NamdhariElibrary@gmail.com

ਕਹਿੰਦਾ ਕਿੱਥੇ ਹੈ ਗੁਰੂ ਮਹਾਰਾਜ ਥੋੜਾ,
ਲਿਆਵੋ ਉਹਨੂੰ ਕਿਉਂ ਵਕਤ ਗੁਜ਼ਾਰਿਆ ਏ।

ਚੁੱਪ ਚਾਂ ਵੱਟੀ ਲੋਕਾਂ ਸਾਰਿਆਂ ਨੇ,
ਮੂੰਹੋਂ ਸ਼ਬਦ ਨਾ ਕਿਸੇ ਨੇ ਬੋਲਿਆ ਈ।
ਠਾਣੇਦਾਰ ਕਹਿੰਦਾ ਕੱਢੋ ਬਾਹਰ ਉਸਨੂੰ,
ਜਿਸਨੇ ਕੁਫਰ ਜਹਾਨ ਤੇ ਤੋਲਿਆ ਈ।
ਖਾਣ ਪੀਣ ਦੀ ਛੁੱਟੀ ਨਾ ਮਿਲੇ ਤੁਹਾਨੂੰ,
ਤੁਸਾਂ ਪੁਲਸ ਨੂੰ ਮਿੱਟੀ ਵਿਚ ਰੋਲਿਆ ਈ।
'ਕੰਵਲ' ਝੂਠ ਦਾ ਪਿਆ ਪਸਾਰ ਸਾਰੇ,
ਓਹ ਲੱਭਦਾ ਕਿਤੋਂ ਨਾਂ ਫੋਲਿਆ ਈ।

ਪੁਲਸ ਆਫੀਸਰ ਮਿੱਠੀ ਜ਼ੁਬਾਨ ਕਰਕੇ,
ਕਹਿੰਦਾ ਰਾਜ ਅੰਗ੍ਰੇਜ਼ ਦਾ ਸੁਣੋ ਲੋਕੋ,
ਲਿਆ ਮਹਾਰਾਜ ਨੂੰ ਕਰ ਦਿਓ ਪੇਸ਼ ਸਾਡੇ,
ਐਸਾ ਤਾਣਾ ਬਾਣਾ ਨਾਹਿ ਬੁਣੋ ਲੋਕੋ।
ਮੈਂ ਦੁਆਂ ਦਿਆਂ ਬਹੁਤ ਇਨਾਮ ਭਾਰਾ,
ਸੱਚ ਆਖਦਾ ਸੀਸ ਨਾ ਧੁਣੋ ਲੋਕੋ।
'ਕੰਵਲ' ਪਿੰਡ ਉਡਾਦੇਊ ਨਾਲ ਤੋਪਾਂ,
ਮੇਰੀ ਗੱਲ ਦਾ ਗਿਆਨ ਜੇ ਨ ਸੁਣੋ ਲੋਕੋ।

ਸਾਰਾ ਦਿਨ ਬੰਨ੍ਹੀ ਪਿੰਡ ਰੱਖਿਆ ਸੀ,
ਦਿਨ ਬੀਤ ਗਿਆ ਭੁਖਨ ਭਾਣਿਆਂ ਨੂੰ,
ਗੱਲ ਕੋਈ ਨਾ ਦਿਸਦੀ ਸਿਰੇ ਚੜ੍ਹਦੀ,
ਪੁਲਸ ਮਾਰਦੀ ਪਈ ਨਿਤਾਣਿਆ ਨੂੰ।



Sri Satguru Jagjit Singh Ji Elibrary NamdhariElibrary@gmail.com

ਪੇਸ਼ ਕਿਸੇ ਦੀ ਕੱਈ ਵੀ ਜਾਂਵਦੀ ਨਾਂ,
ਅਗੇ ਪੁਲਸ ਦੇ ਜ਼ੋਰ ਧਿਗਾਣਿਆਂ ਨੂੰ।
'ਕੰਵਲ' ਮਹਾਰਾਜ ਨੇ ਐਸੀ ਵਰਤਾਈ ਮਾਇਆ,
ਸਾਹਿਬ ਕੌਰ ਦੇ ਲੱਭ ਠਿਕਾਣਿਆਂ ਨੂੰ।

**ਮਿੱਤ ਸਿੰਘ ਜ਼ਿਮੀਂਦਾਰ ਦੇ ਘਰ ਵਾਲੀ ਨੂੰ ਪਉਣ ਆਉਣੀ :**

ਮਿਤ ਸਿੰਘ ਜਿਮੀਦਾਰ ਦੇ ਘਰ ਵਾਲੀ,
ਸ਼ਹੀਦੀ ਪੌਣ ਇਸ ਨੂੰ ਚੜ੍ਹ ਆ ਗਈ ਏ।
ਦੁਹੱਥੜ ਮਾਰੀ ਇਸ ਪੁਲਸ ਦੇ ਸਾਹਮਣੇ ਆਂ,
ਕਹਿੰਦੀ ਥਿੱਲਿਆਂ ਸਾਮਤ ਤੇਰੀ ਆ ਗਈ ਏ।
ਫੂਕ ਸਿੱਟਾਂ ਚਤੁਰਾਈਆਂ ਮੈਂ ਤੇਰੀਆਂ ਨੂੰ,
ਏਹ ਗਲ ਮੈਨੂੰ ਹੁਣ ਭਾ ਗਈ ਏ।
ਜਾਹ ਨਹੀਂ ਦੇਣਾ ਮਹਾਰਾਜ ਤੈਨੂੰ;
'ਕੰਵਲ' ਆਪਣਾ ਪੈਰ ਜਮਾ ਗਈ ਏ।

ਮਾਨੋਂ ਬੀਬੀ ਨੂੰ ਚੰਡੀ ਦਾ ਕਰੋਧ ਚੜਿਆ,
ਪੁਲਸ ਖੜੀ ਥਰ ਥਰ ਪਈ ਕੰਬਦੀ ਸੀ।
ਬੋਲ ਨਿਕਲਦੇ ਕਿਸੇ ਅਗੰਮ ਵਿਚੋਂ,
ਮਾਨੋਂ ਤੋਪ ਦੱਗ ਪਈ ਕਿਸੇ ਬੰਬ ਦੀ ਸੀ।
ਬੇੜਾ ਗਰਕ ਤੇਰਾ ਚਲਿਆ ਜਾਹ ਏਥੋਂ,
ਸਾਹਿਬ ਕੌਰ ਕਹਿਣੋਂ ਨਾ ਸੰਗਦੀ ਸੀ।
'ਕੰਵਲ' ਪੁਲਸ ਤੇ ਪਿਆ ਪ੍ਰਭਾਉ ਐਸਾ,
ਓਥੋਂ ਗਈ ਓਹ ਮਾਫੀਆਂ ਮੰਗਦੀ ਸੀ।

**ਸਾਖੀ ਸ਼ਹੇਵੇ ਸਾਹਿਬ ਅਖੰਡ ਪਾਠ ਕਰਨ ਦੀ :**

ਸਚੇ ਪਾਤਸ਼ਾਹ ਗੁਰੂ ਪ੍ਰਤਾਪ ਸਿੰਘ ਜੀ,
ਕਉਤਕ ਆਪਣਾ ਹੋਰ ਰਚੌਣ ਲੱਗੇ।



Sri Satguru Jagjit Singh Ji Elibrary NamdhariElibrary@gmail.com

ਅਖੰਡ ਪਾਠ ਕਰਨਾ ਸੁਹੇਵੇ ਸਾਹਿਬ ਜਾਕੇ,
ਵਿਉਂਤ ਏਸਦੀ ਆਪ ਬਣੌਣ ਲੱਗੇ।
ਸਾਰੇ ਪਿੰਡ ਦੇ ਲੋਕ ਬਰਖਿਲਾਫ਼ ਹੋ ਗਏ,
ਅਗੋਂ ਬੁਰੀ ਜਹੀ ਗਲ ਸਣੌਣ ਲੱਗੇ।
ਕਹਿਣ ਏਥੇ ਨਾ 'ਕੰਵਲ' ਨੂੰ ਬਹਣ ਦੇਣਾ,
ਏਹ ਪੱਕੀਆਂ ਦਿਲੀ ਪਕੌਣ ਲੱਗੇ।

ਲੱਗੇ ਪਿੰਡ ਨੂੰ ਸਾਂਭਣ ਏ ਹੋ ਕੱਠੇ,
ਸਾਨੂੰ ਏਹ ਤਾਂ ਦੁਖ ਪੁਚੌਣ ਭਾਈ।
ਗੱਲ ਸੁਣੀ ਜਾਂ ਗੁਰੂ ਪ੍ਰਤਾਪ ਸਿੰਘ ਜੀ,
ਬਾਬੇ ਬਿਸ਼ਨ ਸਿੰਘ ਨੂੰ ਪਾਸ ਬਿਠੌਣ ਭਾਈ।
ਧਰਮੂ ਕੋਟੀਆਂ ਦੱਸ ਹੁਣ ਕਿਵੇਂ ਕਰੀਏ,
ਤੂੰ ਕਿਉਂ ਡਹਿ ਗਿਆ ਉਹਨੂੰ ਲਕੌਣ ਭਾਈ।
'ਕੰਵਲ' ਬਿਸ਼ਨ ਸਿੰਘ ਝੱਟ ਉਤਰ ਦਿਤਾ,
ਕਲਾ ਓਸਦੀ ਕਿਉਂ ਲਗਾ ਖਹੌਣ ਭਾਈ।

**ਬਿਸ਼ਨ ਸਿੰਘ ਦਾ ਉਤਰ ਸਤਿਗੁਰ ਰਾਤ ਨੂੰ ਦੀਵਾਨ ਲੌਣਾ :**

ਤੂੰ ਆਪਣੀ ਕਲਾ ਛੁਪਾਈ ਬੈਠਾ,
ਤੇਰੇ ਪਾਸ ਕੇਹੜੀ ਘਾਟ ਆ ਗਈ ਦੇ।
ਸਭ ਕੁਛ ਜਾਣਦਾ ਵੀ ਮੈਥੋਂ ਪੁਛਦਾ ਹੈ,
ਤੂੰ ਆਪ ਕਰ ਜੇਹੜੀ ਤੈਨੂੰ ਭਾ ਗਈ ਦੇ।
ਦਿਤਾ ਰਾਤ ਨੂੰ ਲਾ ਦੀਵਾਨ ਸਤਿਗੁਰੂ,
ਮਾਨੋ ਬ੍ਰਿੰਦਾਬਨ ਰਾਸ ਮਚਾ ਗਈ ਦੇ।
'ਕੰਵਲ' ਲੋਕਾਂ ਨੂੰ ਗੁਰੂ ਕ੍ਰਿਸ਼ਨ ਦਿਸਆ,
ਮਾਇਆ ਸਾਰਿਆਂ ਦੇ ਉਤੇ ਛਾ ਗਈ ਦੇ।



Sri Satguru Jagjit Singh Ji Elibrary NamdhariElibrary@gmail.com

**ਗੁਰੂ ਪ੍ਰਤਾਪ ਸਿੰਘ ਜੀ ਨੂੰ ਨਮਸਕਾਰਾਂ ਹੋਣੀਆਂ :**

ਦੂਜੀ ਚੜ੍ਹੀ ਪ੍ਰਭਾਤ ਸੁਹਾਵਣੀ ਜੀ,
ਕਿਰਨਾ ਸੂਰਜ ਭਗਵਾਨ ਨੇ ਛੱਡੀਆਂ ਜੀ।
ਦੌੜੀ ਆਈ ਸੰਗਤ ਬੇ ਸ਼ੁਮਾਰ ਓਥੇ,
ਅੱਗੇ ਵਧਣ ਆ ਚੁੱਕ ਚੁੱਕ ਅਡੀਆ ਜੀ।
ਬੈਠੇ ਸਤਿਗੁਰੂ ਕੀਰਤਨ ਦਾ ਭੋਗ ਪਾ ਕੇ,
ਚਰਣ ਪਰਸਣ ਆਈਆਂ ਛੋਟੀ ਵੱਡੀਆ ਜੀ।
ਮੈਣੀ ਰਾਮ ਵਿਆਸ 'ਕੰਵਲ' ਚੌਧਰੀ ਸੀ,
ਭੁਲਾਂ ਮਾਫੀ ਲਈ ਝੋਲੀਆਂ ਅੱਡੀਆਂ ਜੀ।

**ਸੰਗਤ ਦੀ ਅਰਜੋਈ :**

ਲੀਲਾ ਤੇਰੀ ਨੂੰ ਅਸੀਂ ਨਹੀਂ ਜਾਣਿਆ ਸੀ
ਤੇਰਾ ਰੂਪ ਭਗਵਾਨ ਨੇ ਧਾਰਿਆ ਹੈ।
ਤੂੰ ਬੇਅੰਤ ਹੈ ਤੇਰੀਆਂ ਤੂੰ ਜਾਣੇ,
ਤੇਰਾ ਅੰਤ ਨਾ ਕਿਸੇ ਵੀ ਪਾਰਿਆ ਹੈ।
ਜੋ ਜੀ ਚਾਹੇ ਏਥੇ ਕਰੀਂ ਬੈਠਾ,
ਤੇਰੇ ਦਰਸਨੇ ਸੀਨਾ ਸਾਡਾ ਠਾਰਿਆ ਹੈ।
ਹਾਰ 'ਕੰਵਲ' ਦੇ ਗੁੰਦਕੇ ਪਾਏ ਸਭਨਾ,
ਸੁਹੇਵਾ ਸਾਹਿਬ ਤਾਈ ਏਦਾਂ ਤਾਰਿਆ ਹੈ।



Sri Satguru Jagjit Singh Ji Elibrary NamdhariElibrary@gmail.com



ਏਹ ਫੋਟੋ ੧੪ ਜੂਨ ੧੯੬੯ ਮ: ਜੰਗ ਸਿੰਘ ਜੀ ਦੇ ਅੰਤਮ ਦਰਸ਼ਣਾਂ ਦੀ ਸੰਗਤ ਸੁਮੇਤ ਲਈ ਗਈ ਹੈ।



ਏਹ ਫੋਟੋ ੧੪ ਜੂਨ ੧੯੬੯ ਮ: ਜੰਗ ਸਿੰਘ ਜੀ ਦੇ ਅੰਤਮ ਸੰਸਕਾਰ ਦੀ ਹੈ, ਸੰਗਤਾਂ ਕੀਰਤਨ ਸੋਹਲੇ ਦਾ ਪਾਠ ਕਰ ਰਹੀਆਂ ਹਨ।

Sri Satguru Jagjit Singh Ji Elibrary NamdhariElibrary@gmail.com



ਇਹ ਫੋਟੋ ਸੰਨ ੧੯੬੨ ਦੀ ਹੈ ਏਹ ਅੱਸ੍ਰ ਗ੍ਰਹੀ ਯੱਗ ਦੀ ਸ਼ਮਾਪਤੀ ਪਿੱਛੋ ਸੰਗਤ ਰੁਚੀ ਅਨੁਸਾਰ ਖਿੱਚੀ ਗਈ ਹੈ। ਵਿਚ ਬੈਠੇ ਸ਼ੁਭਾਏਮਾਨ, ਮਹਾਰਾਜ ਜੰਗ ਸਿੰਘ : ਅਤੇ ਸੰਤ ਮੋਹਣ ਸਿੰਘ ਜੀ ਦਰਸ਼ਣ ਦੇ ਰਹੇ ਹਨ। ਇਸ ਯੱਗ ਹੋਮ ਦਾ ਵੇਰਵਾ ਇ: ਪੁਸਤਕ ਵਿੱਚ ਅੱਸਟ ਗ੍ਰਹੀ ਕੁੰਡਲੀ ਨਾਲ ਦਿਤਾ ਗਿਆ ਹੈ।



ਇਹ ਫੋਟੋ ੧੯੬੬ ਦੀ ਹੈ ਜਦੋਂ ਸ੍ਰੀ ਮਹਾਰਾਜ ਜੰਗ ਸਿੰਘ ਜੀ ਸੰਤ ਗਿਆਨ ਸਿੰਘ ਜੀ ਦੇ ਘਰ (ਕੀਰਤੀ ਨਗਰ) ਦਿੱਲੀ ਦਰਸ਼ਣ ਦੇ ਰਹੇ ਹਨ, ਨਾਲ ਸੰ: ਕਿਰਪਾਲ ਸਿੰਘ ਜੀ, ਰਾਧਾ ਸੁਵਾਮੀ, ਬੈਠੇ ਵਿਚਾਰ ਵਿਟਾਂਦਰਾ ਕਰ ਰਹੇ ਹਨ ਤੇ ਹੋਰ ਸੰਗਤ ਨਾਲ ਖੜੀ ਹੈ।

# ਅੱਠ ਗ੍ਰਿਹ

੫ ਫਰਵਰੀ ਸੰਨ ੧੯੬੨ ਈਸਵੀ ਮੁਤਾਬਕ ੨੦੧੮ ਬਿਕ੍ਰਮੀ ਮਹੀਨਾ ਮਾਘ, ਮਕਰ ਰਾਸ਼ੀ, ਧਨਿਸ਼ੱਟਾ ਨੱਛਤ੍ਰ, ਸ਼ੁਕਲ ਪਾਖ, ਦਿਨ ਸੋਮਵਾਰ, ਸਵੇਰ ਦੇ ਸਾਢੇ ਪੰਜ ਵਜੇ ਦੇ ਆਸ ਪਾਸ ਹੇਠ ਦਿਤੀ ਕੁੰਡਲੀ ਵਿਚ ਅੱਠ ਗ੍ਰਿਹ ਕੁੰਡਲੀ ਦੇ ਦਸਵੇਂ ਘਰ ਵਿਚ ਇਕ ਥਾਂ ਇੱਕਠੇ ਹੋਏ ਤੇ ਜੋਤਸ਼ੀਆਂ ਨੇ ਐਸਾ ਸਮਾਂ ਆਉਣ ਦਾ ਦੇਸ਼ ਤੇ ਬੁਰਾ ਅਸਰ ਦਸ ਕੇ ਭਾਰੀ ਡਰ ਪੈਦਾ ਕਰ ਦਿਤਾ। ਜਦ ਉਪ੍ਰੋਕਤ ਸਮਾਂ ਨਜ਼ਦੀਕ ਆ ਰਿਹਾ ਸੀ ਤਾਂ ਜਨਤਾ ਘਬਰਾ ਉਠੀ ਔਰ ਅੰਤ ਕਾਲ ਜਾਣ ਕੇ ਅਨਿਆਈ ਮੌਤ ਤੋਂ ਡਰ ਕੇ ਬਚਾਓ ਦੇ ਸਹਾਰੇ ਲਈ ਲਗੇ ਆਪੋ ਆਪਣੇ ਇਸ਼ਟ, ਵਾਹਿਗੁਰੂ, ਰਾਮ, ਅੱਲਾ ਆਦਿ ਨੂੰ ਯਾਦ ਕਰਨ, ਸਨਾਤਨ ਧਰਮੀ, ਆਰੀਆ ਸਮਾਜੀ, ਨਾਮਧਾਰੀਏ, ਬਿਧੀਵਤ 'ਹੋਮ' ਕਰਨ ਲਈ ਮਹਾਪੁਰਖਾਂ ਦੇ ਲਗੇ ਚਰਨ ਪ੍ਰਸਣ।

ਦਿਨ੍ਹਾਂ ਦਿਨਾਂ ਵਿਚ ਹੀ ਮਹਾਰਾਜ ਜੰਗ ਸਿੰਘ ਜੀ, ਜੋ ਉਨ੍ਹਾਂ ਦਿਨਾਂ ਵਿਚ ਕੋਟ ਧਰਮੂ ਵਿਖੇ ਨਿਵਾਸ ਰਖਦੇ ਸਨ, ਦਿੱਲੀ ਆ ਪਧਾਰੇ। ਇਨ੍ਹਾਂ ਮਹਾਪੁਰਖਾਂ ਦੀਆਂ ਕਰਾਮਾਤਾਂ ਵਿਚ ਬੜੀ 'ਸੋ' ਫੈਲੀ ਹੋਈ ਸੀ। ਹਿੰਦੀ ਭਾਰਤੀਆਂ ਨੇ ਮਿਲ ਕਰ ਮਹਾਰਾਜ ਜੀ ਅਗੇ ਹੱਥ ਜੋੜ ਬੇਨਤੀ ਕੀਤੀ, ਕਿ ਮਹਾਰਾਜ ਜੀ ਆਪ ਨੇ ਪਰਉਪਕਾਰ ਕਰਨ ਲਈ ਮਾਤ ਲੋਕ ਵਿਖੇ ਜਨਮ ਲਿਆ ਹੈ, ਸੋ ਕ੍ਰਿਪਾ ਕਰ ਕੇ ਇਸ ਭਿਆਨਕ ਕਸ਼ਟ ਨੂੰ ਨਿਵਾਰਨ ਦਾ ਉਪਰਾਲਾ ਕਰੋ ਜੀ। ਮਹਾਰਾਜ ਜੀ ਨੇ ਹੁਕਮ ਕੀਤਾ



Sri Satguru Jagjit Singh Ji Elibrary NamdhariElibrary@gmail.com

ਕਿ ਇਸ ਦਾ ਇਲਾਜ ਬਿਧੀਵਤ 'ਹੋਮ' ਹੈ, ਇਹ ਸੁਣਦਿਆਂ ਹੀ ਇੱਕਠੀ ਹੋਈ ਸਾਰੀ ਸੰਗਤ ਨੇ ਮਹਾਰਾਜ ਜੀ ਦੇ ਦੱਸਣ ਅਨੁਸਾਰ 'ਹਮਨ' ਸਾਮੱਗ੍ਰੀ ਇਕੱਠੀ ਕਰ ਲਈ ਤੇ 'ਹੋਮ' ਦਾ ਅਰੰਭ ਕੀਰਤੀ ਨਗਰ ਦਿੱਲੀ ਦੇ ਰੇਲਵੇ ਸਟੇਸ਼ਨ ਦੇ ਫਾਟਕ ਲੰਘ ਕੇ ਥਾਂ ਸਾਫ ਸੁਥਰੀ ਕਰਕੇ ਅਰੰਭ ਕਰ ਦਿਤਾ। ਇਸ ਦੇ ਮੁਖੀ ਪੰ. ਗਿਰਧਾਰੀ ਲਾਲ ਸ਼ਾਸਤ੍ਰੀ, ਜੁਗਲ ਕਿਸ਼ੋਰ ਬਿਰਲਾ, ਸੁੰਦਰ ਮਹਾਜਨ, ਬਾਬੂ ਆਤਮਾ ਰਾਮ ਤੇ ਸੰਤ ਮੋਹਨ ਸਿੰਘ ਨਾਮਧਾਰੀ ਵੀ ਮੌਜੂਦ ਸਨ। ਮਹਾਰਾਜ ਜੀ ਦੇ ਕਹਿਣ ਤੇ ਇਸ ਦਾ ਸਾਰਾ ਕੰਮ ਸ੍ਰੀ ਹੰਸਰਾਜ ਜੀ ਦੇ ਪੁਰਸ਼ਾਰਥ ਨਾਲ ਹੋਇਆ।

ਆਹੂਤੀ ਪਾਉਣ ਵਾਲੇ ਪਾਠੀ ਜੋ ਵੇਦ ਮੰਤ੍ਰੀ ਸਨ, ਚਾਰ ਪਾਠੀ ਬਿਰਲਾ ਮੰਦਰ ਦੇ ਸਨ ਤੇ ਚਾਰ ਪਾਠੀ ਚੰਡੀ ਦਾ ਪਾਠ ਕਰਨ ਵਾਲੇ ਨਾਮਧਾਰੀ ਸਨ ਜੋ ਵਾਰੋ ਵਾਰੀ ਮੰਤ੍ਰਾਂ ਦਾ ਜਾਪ ਕਰਦੇ ਸਨ। ਇਹ 'ਹਮਨ' ਚਾਰ ਦਿਨ ਹੁੰਦਾ ਰਿਹਾ ਤੇ ਦੋ ਦੋ ਘੰਟੇ ਤੇ ਰੋਲ ਬਦਲਦੀ ਸੀ, ਸੰਗਤ ਦੀ ਚਾਰ ਦਿਨ ਗਹਿਮਾ ਗਹਿਮ ਰੌਣਕ ਰਹੀ ਅਤੇ ਲੰਗਰ ਵੀ ਬਿਨਾ ਕਿਸੇ ਵਿਤਕਰੇ ਦੇ ਏਨੇ ਦਿਨ ਅਤੁਟ ਵਰਤਦਾ ਰਿਹਾ। ਜਿਸ ਦਿਨ ਆਖਰੀ ਭੋਗ ਦਾ ਦਿਨ ਸੀ, ਉਸ ਦਿਨ ਅਣਗਿਣਤ ਮਾਈ ਭਾਈ ਹਰੇਕ ਮਜ਼ਹਬ ਦੇ ਲੋਕਾਂ ਨੇ ਖੁਸ਼ੀ ਵਿਚ ਮਹਾਰਾਜ ਜੀ ਦੇ ਚਰਨ ਪਰਸੇ ਅਤੇ ਜੈਕਾਰਿਆਂ ਨਾਲ ਗਗਨ ਗੂੰਜ ਉਠਿਆ। ਦੇਖੋ ਅਸ਼ਟ ਗ੍ਰਿਹ ਕੁੰਡਲੀ ਹੇਠਾਂ ਦਿਤੀ ਗਈ ਹੈ।

੫ ਫਰਵਰੀ ਸੰਨ ੧੯੬੨ ਮੁਤਾਬਕ ਸੰਮਤ ੨੦੧੮-੧੯ ਬਿਕ੍ਰਮੀ ਮਹੀਨਾ ਮਾਘ, ਮਕਰ ਰਾਸ਼ੀ, ਨਛਤ੍ਰ ਧਨਿਸ਼ਟਾ, ਦਿਨ ਸੋਮਵਾਰ, ਸ਼ੁਕਲ ਪਾਖ, ਸਵੇਰ ਦੇ ਸਾਢੇ ਪੰਜ ਵਜੇ ਦੇ ਕਰੀਬ, ਕੁੰਡਲੀ ਵਿਖੇ ਅੱਠਾਂ ਗ੍ਰਿਹਾਂ ਦਾ ਯੋਗ ਹੋਇਆ, ਸ਼ੱਕ ਸੰਮਤ ੧੮੯੩। ਦੇਖੋ ਕੁੰਡਲੀ :—



Sri Satguru Jagjit Singh Ji Elibrary NamdhariElibrary@gmail.com




ਸਵੈਯਾ ਛੰਦ :

ਅੱਸਟ ਗ੍ਰਿਹਾਂ ਦੇ ਕੱਠੇ ਹੋਣ ਤੇ, ਪੈ ਗਈ ਜਗਤ ਦੁਹਾਈ ਸੀ।
ਜੋਤਸ਼ੀਆਂ ਨੇ ਜੋਤਸ ਲਾ ਕੇ, ਲੋਕੀ ਬੜੀ ਡਰਾਈ ਸੀ।
ਕਿਹਾ ਭਿਆਨਕ ਸਮਾਂ ਆ ਗਿਆ, ਗਰਕੂ ਦੁਨੀਆ ਸਾਰੀ ਜੀ।
ਕਰ ਲੋ ਚਾਰਾ ਕੋਈ ਬਚਣ ਦਾ, ਨਾ ਨਰੂ ਰਹੂ ਨਾ ਨਾਰੀ ਜੀ।
ਬਾਹਰੀਂ ਕੋਈ ਦੀਵਾ ਦਿਸੇ, ਪਵੇਗੀ ਮਾਰ ਕਰਾੜੀ ਜੀ।
ਐਸੇ ਪ੍ਰਸ਼ੱਨ ਉਠੇ ਬਹੁਤੇਰੇ, ਘਰ ਘਰ ਗਮੀਂ ਖਿਲਾਰੀ ਜੀ।
ਮੂੰਹ ਕਾਲ ਨੇ ਖੋਲ੍ਹ ਆਪਣਾ, ਕਾਲੀ ਜੀਭ ਨਿਕਾਲੀ ਹੈ।
ਰੂਪ ਭਿਅੰਕਰ ਕਰ ਕੇ ਆਪਣਾ, ਦਿਤੀ ਜਾਣ ਦਿਖਾਲੀ ਹੈ।
ਡਰ ਮੌਤ ਦਾ ਦੁਨੀਆਦਾਰਾਂ, ਸਾਧੂ ਸੰਤ ਨਿਰਾਲੇ ਨੇ।
ਸ੍ਵਾਸ ਸ੍ਵਾਸ ਜੋ ਜਪਦੇ ਨਾਮ ਨੂੰ, ਅੰਮ੍ਰਿਤ ਪੀਣ ਪਿਆਲੇ ਨੇ।
ਓਹਨਾ ਉਤੇ ਅਸਰ ਨਾ ਕੋਈ, ਨਾ ਗਮ, ਮੌਤ ਨਿਮਾਣੀ ਦਾ।



Sri Satguru Jagjit Singh Ji Elibrary NamdhariElibrary@gmail.com

ਖਿਲਆ 'ਕੰਵਲ' ਓਹਨਾਂ ਦਾ ਹਰ ਦਮ, ਚਾਨਣ ਲੈ ਗੁਰਬਾਣੀ ਦਾ।
ਮੌਤ ਭਿਆਨਕ ਤੋਂ ਸਭ ਡਰ ਕੇ, ਢੂੰਡਣ ਪ੍ਰਭੂ ਪਿਆਰੇ ਨੂੰ।
ਰਾਮ ਰਾਮ ਅੱਲਾ ਕੋਈ ਕਰਦਾ, ਕੋਈ ਜਾਏ ਗੁਰਦੁਆਰੇ ਨੂੰ।
ਮੰਦਰੀ ਜਾ ਜਾ ਟੱਲ ਖੜਕੌਂਦੇ, ਮੁੱਠੀਆਂ ਭਰਨ ਦੁਆਰੇ ਦੀ।
ਲੈ ਪ੍ਰਕਰਮਾ ਮੱਥੇ ਟੇਕਣ, ਮੂਰਤ ਜਗਤ ਪਿਆਰੇ ਦੀ।
ਜਗਤ ਉਧਾਰਣ ਤਾਰਨ ਲੋਕਾਂ, ਵਿਰਲਾ ਸਾਧੂ ਕੋਈ ਹੈ।
ਉੱਤਮ ਜਨਮ ਉਹਨਾਂ ਦਾ ਜਾਣੋ, ਜਿਸ ਹਿਰਦੇ ਰਾਮ ਸਮੋਈ ਹੈ।
ਓਹਦੀ ਕਿਰਪਾ ਹੋਵੇ ਜੇਕਰ, ਤਾਂ ਦਰ ਮਿਲਦੀ ਢੋਈ ਜੀ।
ਕਰਮ ਸੁਵੱਲੜੇ ਹੋਵਣ ਜੇਕਰ, ਜਾਗੇ ਕਿਸਮਤ ਸੋਈ ਜੀ।
ਜੰਗ ਸਿੰਘ ਮਹਾਰਾਜ ਜੀ, ਦਿੱਲੀ ਦੇ ਵਿਚ ਆ ਗਏ ਜੀ।
ਸੰਗਤ ਹੱਥ ਬੰਨ੍ਹ ਅਰਜ ਗੁਜਾਰੀ, ਚਰਨੀ ਸੀਸ ਨਿਵ ਗਏ ਜੀ।
ਕਰੋ ਆਪ ਉਪਰਾਲਾ ਗੁਰ ਜੀ, ਭਾਰੀ ਕਸ਼ਟ ਨਿਵਾਰੋ ਜੀ।
ਸਰਨ ਪਈ ਸਭ ਸਾਧ ਸੰਗਤ ਦਾ, ਡੁਬਦਾ ਬੇੜਾ ਤਾਰੋ ਜੀ।
ਮਹਾਰਾਜ ਨੇ ਬਚਨ ਅਲਾਇਆ, ਹੋਮ ਕਰੋ ਮਿਲ ਸਾਰੇ ਜੀ।
ਸਤਿਗੁਰ ਹੈ ਬਖਸ਼ਸ਼ ਦਾ ਸੁਆਮੀ, 'ਕੰਵਲ ਕਸ਼ਟ ਸਭ ਟਾਰੇ ਜੀ।
ਏਹ ਸੁਣ ਸੰਗਤ ਨੇ ਨਾ ਜਾਣੋ, ਦੇਰ ਰਤੀ ਵੀ ਲਾਈਏ।
ਝੱਟ ਸੁਮਗਰੀ ਕੱਠੀ ਕਰ ਲਈ, ਧੂਣੀ ਚਾ ਰੁਮਾਈਏ।
ਸਿਮ੍ਰਣ ਕਰ ਕੇ ਜੱਗ ਦਾਤੇ ਦਾ, ਭਰ ਆਹੂਤੀ ਪਾਈਏ।
ਸਰ ਸਰ ਕਰਦੀ ਚੜ੍ਹੀ ਜੁਆਲਾ, ਲਾਟ ਛੁਹੇ ਆਸਮਾਨੀ ਜਾ।
ਪਾਪ ਸੰਭੂਹ ਬਿਨਾਸੀ ਜਾਵੇ, ਕੁਚਲੇ ਸਿਰ ਅਭਿਮਾਨੀ ਦਾ।
ਕੜ ਕੜ ਕਰਦੀ ਚੜ੍ਹੀ ਅੰਬ੍ਹੀਂ, ਪੈਠੀ ਬਿਜਲੀ ਬਣ ਕੇ।
ਬਦਲਾਂ ਵਿਚ ਕੁਲਾਹਲ ਮਚਿਆ, ਚਮਕ ਚਮਕ ਜਦ ਠਣਕੇ।
ਗੁਰੂ ਦਸਮੇਸ ਦੀ ਚੰਡੀ ਬਾਣੀ, ਪੜ੍ਹਨ ਅਹੂਤੀ ਪੌਂਦੇ।
ਅਸ਼ਟ ਗ੍ਰਿਹਾਂ ਦੇ ਤੱਪਤ ਤੇਜ ਤੇ, ਸੀਤਲ ਮੀਂਹ ਬਰਸੌਂਦੇ।



Sri Satguru Jagjit Singh Ji Elibrary NamdhariElibrary@gmail.com

ਢਿੱਲਾ ਪੈ ਗਿਆ ਕੋਪ ਗ੍ਰਿਹਾਂ ਦਾ; ਬਾਬਾ ਜੀ ਮੁਸਕਾਏ।
ਤਪਤ ਕੜਾਹਾ ਠੰਢਾ ਹੋ ਗਿਆ, ਦੇਵ 'ਕੰਵਲ' ਬਰਸਾਏ।
ਖੇਰੂ ਖੇਰੂ ਕਸਟ ਹੋ ਗਏ, ਕਲਿ ਵਿਚ ਸਤਿਜੁਗ ਆਇਆ ਹੈ।
'ਕੰਵਲ' ਕਹੇ ਸ੍ਰੀ ਜੰਗ ਸਿੰਘ ਬਾਬੇ, ਮਰਦਾ ਜਗਤ ਬਚਾਇਆ ਹੈ।

ਨੋਟ : ਹਮਨ ਦੀ ਬਚੀ ਹੋਈ ਸਮਗਰੀ ਮਹਾਰਾਜ ਜੰਗ ਜੀ ਨੇ ਦਗਦੇ ਹੋਮ ਕੁੰਡ ਵਿਚ (ਦਸਮੇਸ਼ ਜੀ ਦੀ ਤਰ੍ਹਾਂ) ਸਾਰੀ ਡੋਲ੍ਹ ਦਿਤੀ ਤੇ ਇਸ ਨਾਲ ਅਗਨੀ ਲਾਟ ਉਛਲ ਕੇ, ਉੱਚੀ ਜਵਾਲਾ ਭੜਕ ਉਠੀ ਤਾਂ ਮਹਾਰਾਜ ਜੰਗ ਸਿੰਘ ਜੀ ਨੇ ਉੱਚੀ ਆਵਾਜ਼ ਤੇ ਬਾਹ ਉਚੀ ਕਰ ਕੇ ਕਿਹਾ; ਓ ਸਿੰਘੋ ! ਅੱਜ ਅਸੀਂ ਸਾਰੇ ਅੱਠ ਗ੍ਰਿਹ ਸਾੜ ਸੁਆਹ ਕਰ ਦਿਤੇ ਹਨ। ਖਾਲਸਾ ਜੀ, ਉੱਚੀ ਗੱਜ ਕੇ ਜੇਕਾਰਾ ਬੁਲਾਓ—ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।

'ਕੰਵਲ'



Sri Satguru Jagjit Singh Ji Elibrary NamdhariElibrary@gmail.com

**ਸਰ ਗਿਆਨ ਸਿੰਘ ਜੀ ਬਲੋਂਵਾਲੀਏ ਦੀ ਪਹਿਲੀ ਮਿਲਣੀ ਸੰਮਤ ੧੯੫੨ :**

ਸੰਮਤ ਉਨੀ ਸੌ ਬੁਵੰਜਾ ਦੀ ਗੱਲ ਹੈ ਇਹ,
ਮਹਾਰਾਜ ਜੰਗ ਸਿੰਘ ਦਿੱਲੀ ਨੂੰ ਭਾਗ ਲਾਏ ।
ਸਰਦਾਰ ਆਤਮਾ ਸਿੰਘ ਕੋਠੀ ਡੇਰਾ ਕੀਤਾ,
ਦਰਸ਼ਨ ਸੰਗਤਾਂ ਆ ਪ੍ਰਤਾਪ ਬਾਗ ਪਾਏ ।
ਮੈਂ ਭੀ ਸੋ ਸੁਣ ਕੇ ਗਿਆ ਦਰਸਨਾਂ ਨੂੰ,
ਚਰਨ ਪਰਸ ਕੇ ਮੇਰੇ ਭਾਗ ਜਾਗ ਆਏ ।
ਮੇਰੀ ਆਤਮਾ ਤੜਪਦੀ ਸ਼ਾਂਤ ਹੋਈ,
ਸ੍ਵਾਂਤੀ-ਬੂੰਦ ਬਬੀਹਾ ਜਿਉਂ ਮਾਂਗ ਪਾਏ ।

ਪੂਰਬ ਪੁੰਨ ਕਰਮਾਂ ਦੇ ਮੇਲ ਬਣਿਆਂ,
ਦਰਸ਼ਨ ਬ੍ਰਹਮ ਗਿਆਨੀ ਦਾ ਪਾਇਆ ਮੈਂ ।
ਹਿਰਦੇ 'ਕੰਵਲ ਖਿੜਿਆ ਚੰਦਨ ਵਾਸ਼ਨਾਂ ਤੋਂ,
ਜਾਣੋਂ ਸੁਖ ਸਵਰਗ ਦਾ ਪਾਇਆ ਮੈਂ ।

**ਮਹਾਰਾਜ ਨੇ ਸੁਖ-ਸਾਂਦ ਪੁਛੀ :**

ਸੁਖ-ਸਾਂਦ ਪੁਛੀ ਮਹਾਰਾਜ ਮੇਰੀ,
ਮਾਨੋਂ ਮੇਹਰਾਂ ਦਾ ਮੀਂਹ ਬਰਸਾਇਆ ਸੀ ।
ਪਰਦੇ ਭਰਮ ਦੇ ਖੋਹਲੇ ਰੂਹ ਸਾਫ ਹੋਈ.
ਮਹਾਰਾਜ ਰੱਬ ਦਾ ਰੂਪ ਦਿੱਸ ਆਇਆ ਸੀ ।
ਮੈਨੂੰ ਲੱਗਾ ਸਰੀਰ ਢਿੱਲਾ ਮਹਾਰਾਜ ਜੀ ਦਾ,
ਓਹਨੀ ਆਪਣਾ ਕੌਤਕ ਦਿਖਾਇਆ ਸੀ ।
ਮੈਂ ਵਰਨੀਆਂ ਕਰਨ ਦੀ ਮੰਗ ਕੀਤੀ,
ਮਹਾਰਾਜ ਖੁਸ਼ੀ ਹੋ ਹੁਕਮ ਫੁਰਮਾਇਆ ਸੀ ।

ਕਹਿੰਦੇ ਕਰੋ ਜੋ ਆਪਣਾ ਜੀ ਚਾਹੇ;
ਇਰਾਦਾ ਮੇਰਾ ਹੁਣ 'ਕੰਵਲ' ਨੇ ਭਾਂਪ ਲਿਆ ।



Sri Satguru Jagjit Singh Ji Elibrary NamdhariElibrary@gmail.com



ਸਨ ੧੯੫੪ ਵਿਚ, ਦਿੱਲੀ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਤੇ ਮਹਾਰਾਜ ਜੰਗ ਸਿੰਘ ਜੀ ਇਕ ਮੰਚ ਤੇ ਸੁਭਾਏਮਾਨ ਦਰਸ਼ਨ ਦੇ ਰਹੇ ਹਨ ।



੧੯੬੭ ਵਿਚ ਸੰਤ ਜਗਤ ਸਿੰਘ ਜੀ ਨਾਰੋਵਾਲੀਆਂ ਦੇ ਗ੍ਰਹਿ ਵਿਖੇ ਮਹਾਰਾਜ ਜੰਗ ਸਿੰਘ ਜੀ ਕੁਝ ਢਿੱਲੀ ਹਾਲਤ ਵਿਚ ਸੀ ਤੇ ਪਤਾ ਲਗਣ ਤੇ ਗੁਰੂ ਜਗਜੀਤ ਸਿੰਘ ਜੀ ਖਬਰਸਾਰ ਪੁੱਛ ਰਹੇ ਹਨ ਵਿਸ਼ਨੂ ਗਾਰਡਨ, ਦਿੱਲੀ ਨਾਲ ਸੂਬਾ ਗੰਡਾ ਸਿੰਘ ਜੀ ਤੇ ਸੰਤ ਆਲਾ ਸਿੰਘ ਜੀ ਸ਼ਾਮਨਗਰ ਤੇ ਹੋਰ ਨਿਕਟੀ ਸਜਣ ਖੜੇ ਹਨ ।



ਏਹ ਫੋਟੋ ੧੯੬੨ ਅੱਸਟ ਗ੍ਰਹੀ ਯੱਗ ਸੁਮਾਪਤੀ ਤੋਂ ਬਾਦ ਮਹਾਰਾਜ ਜੰਗ ਸਿੰਘ ਜੀ ਪ੍ਰਸ਼ਾਦ ਵਰਤਾ ਰਹੇ ਹਨ। ਏਹ ਯੱਗ ਕੀਰਤੀਨਗਰ ਰੇਲਵੇ ਫਾਟਕ ਤੋਂ ਪਾਰ ਹੋਇਆ ਸੀ।



ਏਹ ਫੋਟੋ, ੨੧ ਫੱਗਣ ੨੦੧੫ ਸ੍ਰੀ ਜੀਵਨ ਨਗਰ ਵਿਖੇ ਹੋਲੇ ਦੀ ਹੈ। ਇਸ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਮਹਾਰਾਜ ਜੰਗ ਸਿੰਘ ਜੀ ਦੋਨੋ ਭਾਈ ਅੱਧਿਆਤਮ ਵਿਚਾਰ ਵਿਟਾਂਦਰਾ ਕਰ ਰਹੇ ਹਨ। ਪਾਸ ਖੜੇ ਹਨ ਅਕਾਲੀ ਨੇਤਾ ਮਾ: ਤਾਰਾ ਸਿੰਘ ਜੀ ਸੰਤ ਆਲਾ ਸਿੰਘ ਜੀ।

ਮੱਥਾ ਟੇਕ ਆਗਿਆ ਲੈ ਕੇ ਘਰ ਮੁੜਿਆ,
ਕੰਮ ਵਰਨੀਆਂ ਦਾ ਜ਼ੁੰਮੇ ਆਪ ਲਿਆ।

ਕਲੋਨੀ ਨਾਮਧਾਰੀ ਘਰ ਆਪਣੇ ਮੈਂ,
ਹੋਰ ਨਾਲ ਰਲਾ ਕੇ ਸੰਤ ਸਾਰੇ।
ਵਰਨੀ ਕੀਤੀ ਅਰੰਭ ਲੈ ਨਾਮ ਗੁਰ ਦਾ,
ਕੱਠੇ ਹੋ ਗਏ ਹੋਰ ਬੇਅੰਤ ਸਾਰੇ।
ਸੁੱਚ ਸੋਧ ਦਾ ਪੂਰਾ ਧਿਆਨ ਰੱਖਿਆ,
ਬਿਘਨ ਪਾਵੇ ਨਾ ਕੋਈ ਜੀਵ-ਜੰਤ ਸਾਰੇ।
ਪ੍ਰਸਾਦ ਵਰਤਦਾ ਭੋਗ ਤੋਂ ਬਾਅਦ ਹਰ ਰੋਜ਼,
ਅਰਦਾਸ ਵਿਚ ਮਹਾਰਾਜ ਅਨੰਤ ਸਾਰੇ।
ਪ੍ਰਸਾਦ ਪਹੁੰਚਾਂਦਾ ਸੀ ਰੋਜ਼ ਮਹਾਰਾਜ ਜੀ ਨੂੰ,
ਭੋਗ ਲਾਂਵਦੇ ਖੁਸ਼ੀ ਦੇ ਨਾਲ ਪਿਆਰੇ।
ਮੇਰੇ ਘਰੋਂ ਅਜ ਵਰਨੀ ਦਾ ਭੋਗ ਪਿਆ,
ਖੁਸ਼ੀ ਕੀਤੀ ਮੈਂ 'ਕੰਵਲ' ਦੇ ਨਾਲ ਪਿਆਰੇ।

**ਇੰਦਰ ਸਿੰਘ 'ਕਬੀਰ' ਦੇ ਘਰ ਵਰਨੀ ਦਾ ਆਰੰਭ :**

ਸਾਡੇ ਪਾਸ ਕਾਲੋਨੀ ਦੇ ਵਿਚ ਰਹਿੰਦਾ,
ਇੰਦਰ ਸਿੰਘ ਕਬੀਰ ਸੀ ਨਾਮ ਉਸ ਦਾ।
ਅੱਠੇ ਪਹਿਰ ਉਹ ਨਾਮ ਦਾ ਰਟਨ ਕਰਦਾ,
ਇਸ ਲਈ ਪੈ ਗਿਆਂ ਨਾਮ ਕਬੀਰ ਉਸ ਦਾ।
ਘਰ ਵਰਨੀ ਕਬੀਰ ਅਰੰਭ ਕੀਤੀ,
ਸਾਧ ਸੰਗਤ ਕੱਠੀ ਹੋ ਕੇ ਆ ਗਈ ਸੀ।
ਗੀਗੇ ਵਾਲੀ ਦਾ ਸੂਬਾ ਬਲਵੰਤ ਸਿੰਘ ਜੀ,
ਮਸਤਾਨੀ ਬਿਰਤੀ ਹੁਣ ਓਸ਼ ਤੇ ਛਾ ਗਈ ਸੀ।



Sri Satguru Jagjit Singh Ji Elibrary NamdhariElibrary@gmail.com

ਲਾਗੇ ਖੂਹ ਵਿਚ ਛਾਲ ਉਨ ਮਾਰ ਦਿੱਤੀ,
ਖਲਕਤ ਦੌੜ ਕੇ ਖੂਹ ਤੇ ਆ ਗਈ ਸੀ।
ਰੱਸੇ ਪਾ ਕੇ ਉਸ ਨੂੰ ਬਾਹਰ ਕੱਢਿਆ,
ਹੋਸ਼ ਸੰਤ ਜੀ ਨੂੰ ਝੱਟ ਆ ਗਈ ਸੀ।
ਉਹਨੂੰ ਪੁਛਿਆ ਹੋ ਹੈਰਾਨ ਸਭ ਨੇ;
ਗੁੱਝੀ ਸੱਟ ਤੈਨੂੰ ਕੋਈ ਲੱਗ ਗਈਆਂ ?
ਬਿਲਕੁਲ ਠੀਕ ਹਾਂ 'ਕੰਵਲ' ਜੁਵਾਬ ਦਿੱਤਾ,
ਸੁਰਤੀ ਨਾਲ ਮਹਾਰਾਜ ਦੇ ਲੱਗ ਗਈਆਂ।

**ਗਿਆਨ ਸਿੰਘ ਰੋਜ਼ ਦੀ ਤਰਾਂ ਪ੍ਰਸਾਦ ਲੈ ਕੇ ਮਹਾਰਾਜ ਜੀ ਪਾਸ ਗਿਆ :**

ਮੈਂ ਰੋਜ਼ ਦੀ ਤਰਾਂ ਪ੍ਰਸਾਦ ਲੈਕੇ,
ਚਰਨੀ ਗੁਰਾਂ ਦੀ ਸੀਸ ਨਿਵਾਇਆ ਸੀ।
ਕਹਿੰਦੇ ਸਿੱਖ ਓਹ ਸੱਟ ਤੋਂ ਬਚ ਗਿਆ ਹੈ ?
ਸ੍ਰੀ ਮੁਖ ਤੋਂ ਬਚਨ ਅਲਾਇਆ ਸੀ।
ਏਨੀ ਗਲ ਸੁਣ ਮੈਂ ਹੈਰਾਨ ਹੋਇਆ,
ਮਹਾਰਾਜ ਨੂੰ ਕਿਸ ਬਤਾਇਆ ਸੀ।
ਆਲਾ ਸਿੰਘ ਹਜ਼ੂਰੀ ਸੇਵਕ ਪਾਤਸ਼ਾਹ ਦਾ,
ਮੈਂ ਪੁੱਛਿਆ ਸੁਭਾਂ ਕੋਈ ਆਇਆ ਸੀ ?
ਆਲਾ ਸਿੰਘ ਜੀ ਮੈਨੂੰ ਜੁਆਬ ਦਿਤਾ,
ਤੇਤੋਂ ਪਹਲਾਂ ਕੋਈ ਹੋਰ ਨਹੀਂ ਆਇਆ ਸੀ।
'ਕੰਵਲ' ਗੱਲ ਦੱਸੀ ਆਲਾ ਸਿੰਘ ਤਾਂਈ,
ਕਹਿੰਦਾ ਭੋਲਿਆਂ ਕਿਉਂ ਭਰਮਾਇਆ ਸੀ।

**ਆਲਾ ਸਿੰਘ ਦਾ ਉੱਤਰ :**

ਏਹਤਾ ਗੁਰੂ ਪੂਰਾ ਕਰਨੀ ਵਾਲੜਾ ਹੈ,
ਅੰਮ੍ਰਿਤ ਵੇਲੇ ਤੋਂ ਬਾਗ ਵਿਚ ਟੈਹਲਦਾ ਸੀ।



Sri Satguru Jagjit Singh Ji Elibrary NamdhariElibrary@gmail.com

ਲਾਜ ਆਪਣੇ 'ਕੰਵਲ' ਦੀ ਸਦਾ ਰੱਖਦਾ,
ਏਹ ਕਦੇ ਨਾ ਕਿਸੇ ਤੋਂ ਦੋਹਲ ਦਾ ਸੀ।
ਆਪ ਦੁੱਖੀ ਹੋ ਸੁੱਖ ਪਹੁਚਾਂਵਦਾ ਏ,
ਕਦੇ ਸੁੱਖ ਨਾ ਢੂੰਡਦਾ ਮੈਹਲ ਦਾ ਸੀ।
ਹਰ ਵੱਕਤ ਏਹ ਸਿੱਖ ਦੇ ਨਾਲ ਰਹਿੰਦਾ,
ਮੇਵਾ ਜਾਣੀਓ ਗਾਂਵ ਏ ਪਹਲ ਦਾ ਸੀ।
ਆਲਾ ਸਿੰਘ ਕਹਿੰਦਾ ਭਾਈ ਗਿਆਨ ਸਿੰਘਾ,
ਸਿੱਖ ਘਰੋਂ ਜਦ ਗੁਰੂ ਵਲੀ ਆਂਵਦਾ ਹੈ।
ਮਹਾਰਾਜ ਪਹਲਾਂ ਸਾਨੂੰ ਦੱਸਦੇ ਨੇ,
'ਕੰਵਲ' ਸਿੱਖ ਅਜ ਦਰਸ਼ਣ ਨੂੰ ਆਂਵਦਾ ਹੈ।

**ਗਿਆਨ ਸਿੰਘ ਜੀ ਨੂੰ ਮਹਾਰਾਜ ਜੋਗ ਸਿੰਘ ਜੀ ਨੇ ਵਰ ਦੇਣੇ :**

ਕ੍ਰਿਪਾ ਕਟਾਖਛ ਆਵਲੋਕਨ ਕੀਨੋ, ਦਾਸ ਕਾ ਦੂਖ ਬਿਦਾਰਿਓ ॥੧॥
ਅਤੇ
ਲੱਖ ਖੁਸ਼ੀਆਂ ਪਾਤਿਸ਼ਾਹੀਆਂ ਜੇ ਸਤਿਗੁਰ ਨਦਰ ਕਰੈ ॥

ਮੇਰੀ ਖੁਸ਼ੀ ਦਾ ਅੰਤ ਨ ਰਿਹਾ ਕੋਈ,
ਜਦ ਮੈਂ ਵਰੁ ਮਹਾਰਾਜ ਤੋਂ ਪਾਇਆ ਸੀ।
ਚਰਨ 'ਕੰਵਲ' ਤੇ ਮਸਤਕ ਮੈਂ ਲਾਗੁਰਦੇ,
ਖੁਸ਼ੀ ਖੁਸ਼ੀ ਘਰ ਨੂੰ ਮੁੜਕੇ ਆਇਆ ਸੀ।
ਤੇਰੀ ਘਾਲਣਾਂ ਥਾਂ ਅੱਜ ਪਈ ਸਿੱਖਾ,
ਮਹਾਰਾਜ ਖੁਸ਼ੀ ਹੋ ਮੈਨੂੰ ਸੁਣਾਇਆ ਸੀ।

ਕਿਸੇ ਚੀਜ਼ ਦਾ ਘਾਟਾ ਨਾ ਰਹੂ ਤੈਨੂੰ,
ਸਿਰ ਤੇ ਰਹੁ ਅਕਾਲ ਦਾ ਸਾਇਆ ਸੀ।



Sri Satguru Jagjit Singh Ji Elibrary NamdhariElibrary@gmail.com

ਤੈਨੂੰ ਬਖਸ਼ੀਆਂ ਬਰਕਤਾਂ ਸਾਰੀਆਂ ਨੇ,
ਦੁੱਧ, ਪੁੱਤ, ਧੰਨ, ਲੱਛਮੀ ਗਾਇਆ ਸੀ।
ਸਦਾ ਭੋਗਦਾ ਰਹੇਂਗਾ ਪਾਤਿਸ਼ਾਹੀ,
ਤੋਟਾ ਪਵੇ ਨਾ 'ਕੰਵਲ' ਬਤਾਇਆ ਸੀ।

**ਗਿਆਨ ਸਿੰਘ ਦਾ ਵਾਕ :**

ਉਸ ਦਿਨ ਤੋਂ ਮੇਰੇ ਪ੍ਰਵਾਰ ਦੇ ਵਿਚ,
ਮਹਾਰਾਜ ਆਪ ਪ੍ਰਵੇਸ਼ ਮਾਨੋਂ ਕਰ ਗਏ ਨੇ।
ਕਦੇ ਔਕੜ ਕੋਈ ਮੇਰੇ ਤੇ ਆ ਪੈਂਦੀ,
ਨਾਮ ਲੈਣ ਤੇ ਕੱਸਟ ਸਭ ਹਰ ਗਏ ਨੇ।
ਨੌਂ ਨਿੱਧਾ ਬਾਰਾਂ ਸਿੱਧਾਂ ਆਣ ਹੋਈਆਂ,
ਸਤਿਗੁਰ ਹੱਥ ਮੇਰੇ ਸਿਰ ਤੇ ਧਰ ਗਏ ਨੇ।
ਭਾਵੇਂ ਦੇਹ ਕਰ 'ਕੰਵਲ' ਅਲੋਪ ਹੋ ਗਏ,
ਮੇਰਾ ਘਰੁ ਬ੍ਰੁੱਕਤਾਂ ਨਾਲ ਭਰ ਗਏ ਨੇ।

**ਸੰਤ ਜਗਤ ਸਿੰਘ ਜੀ ਨਾਰੋਵਾਲ ਵਾਲਿਆਂ ਦਾ ਅੱਖੀ ਡਿੱਠਾ ਬਿਆਨ :**

ਠਾਕੁਰ ਸਿੰਘ ਭਗਵਾਨ ਸਿੰਘ ਬਾਠਾਂ ਵਾਲੇ;
ਗੁਰੂ ਹਰੀ ਸਿੰਘ ਦੇ ਸਿੰਘ ਸਦਾਨ ਭਾਈ।
ਸਿਗਾ ਉੱਚ ਸ਼ਰਧਾਲੂਆਂ 'ਚ ਨਾਮ ਇਨਕਾ,
ਪੂਰੀ ਰੱਜ ਕੇ ਸੇਵ ਕੁਮਾਨ ਭਾਈ।
ਦੌਰਾਂ ਗੁਰੂ ਜੀ ਦਾ ਕਾਲਰ ਵੱਲ ਆਉਂਦਾ;
ਘਰ ਇਨ੍ਹਾਂ ਦੇ ਹੁੰਦਾ ਮੁਕਾਮ ਭਾਈ।
ਸ਼ਰਧਾ ਨਾਲ ਕਰਦੇ ਸੇਵਾ ਗੁਰੂ ਜੀ ਦੀ,
ਲੰਗਰ ਆਪਣੇ ਘਰੇ ਬਣਾਨ ਭਾਈ।



Sri Satguru Jagjit Singh Ji Elibrary NamdhariElibrary@gmail.com

ਖੁਸ਼ੀ ਗੁਰਾਂ ਦੀ ਰਹੀ ਅਪਾਰ ਇਨ ਪਰ,
ਕਿਸੇ ਚੀਜ਼ ਦੀ ਕਮੀ ਨਾ ਆਂਵਦੀ ਏ।
ਜ਼ੋਰਾਂ-ਸ਼ੋਰਾਂ ਨਾਲ ਇਨ੍ਹਾਂ ਦੇ ਕੰਮ ਚਲਦੇ,
'ਕੰਵਲ' ਸੰਤ ਮੰਡਲੀ ਘਰੀਂ ਬਹੁ ਆਂਵਦੀ ਏ।

**ਗੁਰਬਾਣੀ ਵਾਕ :**

ਜਾਮ ਗੁਰੂ ਹੋਇ ਵਲ ਲੱਖ ਬਾਹੇਂ ਕਿਆਂ ਕੀਜੈ ॥
ਜਾਮ ਗੁਰੂ ਹੋਏ ਵਲ। ਧੱਨੇ ਕਿਆਂ ਗਾਰਬ ਦਿਜੈ ॥

**ਮਿਸਤ੍ਰੀਆਂ ਸੁਖਣਾ ਸੁੱਖੀ ਕੰਮ ਲੈਣ ਲਈ :**

ਮਿਸਤ੍ਰੀ ਸੁਖਣਾ ਸੁੱਖ ਕਾਮਯਾਬ ਹੋਏ।
ਕਾਰਜ ਠੀਕ ਕੀਤਾ ਭੁਗਵਾਨ ਆਪੇ।
ਧਨ ਦੌਲਤ ਦਾ ਰਿਹਾ ਸ਼ੁਮਾਰ ਕੋਈ ਨਾ,
ਊਣੇ ਭਰ ਦਿੱਤੇ ਮੇਹਰਬਾਨ ਆਪੇ।
ਦੋਨੋ ਭਾਈ ਨੂੰ ਕੁਛ ਅਭਿਮਾਨ ਹੋਇਆ,
ਸਭ ਕੁਛ ਪਾਕੇ ਹੋਣ ਹੈਰਾਨ ਆਪੇ।
ਦੌਰਾ ਸਤਿਗੁਰਾਂ ਦਾ ਬਾਠੀ ਆਗਿਆ ਸੀ,
ਗੁਰੂ ਭੇਜਿਆ ਸਿੱਖ ਬੁਲਾਣ ਆਪੇ।
ਕਿੱਥੇ ਡੇਰਾ ਕਰੀਏ ਛੇਬ ਆਂ ਦੱਸੋ,
ਏਹ ਹੁਕਮ ਗੁਰੂ ਹਰੀ ਸਿੰਘ ਲਾਇਆ ਸੀ।
ਮਿਸਤ੍ਰੀ ਕਿਹਾ ਮੈਂ ਕਰ ਇਸ਼ਨਾਨ ਔਨਾ,
ਭਾਣਾ 'ਕੰਵਲ' ਨੇ ਹੋਰ ਵਰਤਾਇਆ ਸੀ।

**ਮਿਸਤ੍ਰੀ ਨੇ ਸੁੱਖਣਾ ਦੀ ਭੇਟ ਅਰੇ ਧਰਨੀ :**

ਗੁਰੂ ਭਾਂਪ ਲਿਆ ਦਿਲ ਮਿਸਤ੍ਰੀ ਦਾ,
ਝੱਟ ਸੰਗਤਾਂ ਹੁਕਮ ਸੁਣਾ ਦਿਤਾ।



Sri Satguru Jagjit Singh Ji Elibrary NamdhariElibrary@gmail.com

ਡੇਰਾ ਏਥੇ ਕਰਲੋ ਨਾਲੇ ਤਿਆਰ ਲੰਗਰ,
ਇੰਤਜਾਮ ਭੀ ਸਾਰਾ ਸੁਣਾ ਦਿਤਾ।
ਅਸੀਂ ਕਿਸੇ ਦੇ ਘਰ ਨਹੀਂ ਜਾਵਣਾ ਹੈ,
ਏਥੇ ਲੱਗੂ ਦੀਵਾਨ ਸੁਣਾ ਦਿਤਾ।
'ਕੰਵਲ' ਹੋਈ ਕੱਠੀ ਬੇ ਸ਼ੁਮਾਰ ਸੰਗਤ,
ਹੁਕਮ ਗੁਰੂ ਦਾ ਸਭਨੂੰ ਸੁਣਾ ਦਿਤਾ।
ਮਿਸਤ੍ਰੀ ਕਰ ਇਸ਼ਨਾਨ ਭੇਟਾ ਲੈ ਆਇਆ,
ਜੇਹੜੀ ਸੁੱਖਣਾ ਦੀ ਕਾਰ ਭੇਟ ਆਹੀ।
ਰਕਮ ਘੱਟ ਗਈ ਸੀ ਵਿਚੋਂ ਸੁੱਖਣਾ ਦੀ,
ਓਹਨੇ ਕਰ ਦਿਤੀ 'ਕੰਵਲ' ਭੇਟ ਆਹੀ।

ਭੇਟ ਰੱਖਦੇ ਨੂੰ ਗੁਰੂ ਕਹਣ ਲੱਗੇ,
ਹੁਣ ਮਿਸਤ੍ਰੀ ਜੀ ਏਥੇ ਬੱਸ ਹੋ ਗਈ।
ਮਿਸਤ੍ਰੀ ਸਮਝਿਆਂ ਨਾ ਗੁੱਝੀ ਰਮਜ ਤਾਈ,
ਓਸ ਦਿਨ ਤੋਂ ਮਿਸਤ੍ਰੀ ਦੀ ਬੱਸ ਹੋ ਗਈ।
ਇਸ ਅਭਿਮਾਨ ਦਾ ਬੁਰਾ ਹੈ ਫਲ ਵੀਰੋਂ,
ਜੀਵ ਜਾਣਿਆ ਨਹੀਂ ਕਿਉਂ ਬਸ ਹੋ ਗਈ।
ਅੰਤ ਮਿਸਤ੍ਰੀ ਘਰ ਦਾ ਕੀ ਹਾਲ ਹੋਇਆ,
ਦੌਲਤ ਧਨ ਸੰਪਤੀ ਸਭ ਭੱਸ ਹੋ ਗਈ।
ਸਤਿਗੁਰ ਚਲੇ ਗਏ ਓਥੋਂ ਹੋਰ ਪਾਸੇ,
ਬਰਕੱਤ ਮਿਸਤ੍ਰੀ ਦੇ ਘਰ ਦੀ ਗਾਇਬ ਹੋ ਗਈ।
ਹੁਕਮ ਹਾਕਮੀ ਸੀ ਸਾਰੀ ਨਸ਼ਟ ਹੋਈ,
ਗਰੀਬੀ ਆ ਗਈ ਅਮੀਰੀ 'ਕੰਵਲ' ਗਾਇਬ ਹੋ ਗਈ।



Sri Satguru Jagjit Singh Ji Elibrary NamdhariElibrary@gmail.com

**ਇਕ ਭਰਾ ਠਾਕਰ ਸਿੰਘ ਗੁਜਰ ਗਿਆ :**

ਠਾਕਰ ਸਿੰਘ ਭਾਈ ਸ਼ਰਗਵਾਸ ਹੋਇਆ,
ਕੱਲਾ ਰਹਿ ਗਿਆ ਸਿੰਘ ਭੁਗਵਾਨ ਭਾਈ।
ਜੱਦ ਕਿਧਰੇ ਵੀ ਹੱਥ ਨਾ ਪਿਆ ਇਸਦਾ,
ਰਸਤਾ ਭੈਣੀ ਦਾ ਲਿਆ ਪਛਾਣ ਭਾਈ।
ਦਰਸ਼ਨ ਚਾਹੇ ਕਰਨੇ ਗੁਰੂ ਪ੍ਰਤਾਪ ਸਿੰਘ ਦੇ,
ਐਪਰ ਕੀਤਾ ਨਾਂ ਓਨ੍ਹੀ ਧਿਆਨ ਭਾਈ।
'ਕੰਵਲ' ਜੇਹਾ ਵਿਚੋਲਾ ਨਾ ਕੋਈ ਮਿਲਿਆ,
ਕਰੇ ਗੁਰੂ ਅੱਗੇ ਜੋ ਬਿਆਨ ਭਾਈ।
ਏਹ ਗਲਾਂ ਭੁਗਵਾਨ ਸਿੰਘ ਆਪ ਕੀਤੀਆਂ,
ਮੁੱਖੋਂ ਆਪਣੀ ਸਹੀ ਉਚਾਰ ਕੇਤੇ।
ਸਿਆਲ ਕੋਟ ਤ੍ਰੀਖ ਤੇ ਜਾਣ ਜਿਸ ਦਿਨ;
ਦੱਸਦੇ ਆਪਣੀ ਕੱਥਾ ਵਿਚਾਰ ਕੇਤੇ।

**ਸ਼ੇਰ ਕੋਟ ਵਾਲੇ ਮਿਸਤ੍ਰੀ ਆਤਮਾ ਸਿੰਘ ਦੇ ਪੁੱਤ੍ਰ ਦਾ ਅਨੰਦ ਤੇ ਮਹਾਰਾਜ ਜੰਗ ਸਿੰਘ ਜੀ ਦਰਸ਼ਣ ਦੇਣੇ :**

ਆਤਮਾ ਸਿੰਘ ਦੇ ਪੁਤ੍ਰ ਆਨੰਦ ਉਤੇ,
ਮਹਾਰਾਜ ਜੰਗ ਸਿੰਘ ਦਰਸ਼ਣ ਆ ਦਿੱਤਾ।
ਬਾਠਾ ਵਾਲੇ ਤੋਂ ਦੋ ਮੀਲ ਬੱਦੋ ਮੱਲੀ;
ਅਨੰਦ, ਅਨੰਦਾਂ ਤੇ ਗੁਰੂ ਬਣਾ ਦਿਤਾ।
ਅੰਮ੍ਰਿਤ ਵੇਲੇ ਸੀ ਕੀਰਤਨ ਅਰੰਭ ਹੋਇਆ,
ਰਾਗੀ ਸੋਹਣ ਸਿੰਘ ਠਾਠ ਬਣਾ ਦਿਤਾ।
ਸਮਸੇ ਵਾਲਾ ਬਾਬਾ ਇੰਦਰ ਸਿੰਘ ਜੀ ਨੇ,
ਮਸਤ ਆਪਣਾ ਰੂਪ ਬਣਾ ਦਿੱਤਾ।



Sri Satguru Jagjit Singh Ji Elibrary NamdhariElibrary@gmail.com

ਨਿਰਤ ਕਾਰੀਆਂ ਵਿੱਚ ਦੀਵਾਨ ਹੋਈਆਂ ।
ਕਦੇ ਕਿਸੇ ਨਾ ਡਿੱਠਾ ਆਨੰਦ ਐਸਾ ।
'ਕੰਵਲ' ਸੰਤ ਤਾਰਿਆਂ ਵਿਚ ਮਹਾਰਾਜ ਸੋਭਦੇ ਨੇ ।
ਪੂਰਨ ਡਿੱਠਾ ਨਾ ਕਿਤੇ ਕੋਈ ਚੰਦ ਐਸਾ ।

**ਰਾਗੀਆਂ ਹੱਲੇ ਦੀ ਧਾਰਨ ਲਾਈ : ਤੇਰਾ ਨਾਮ ਗਰੀਬ ਨਿਵਾਜ ਬੱਖਸ਼ ਗੁਨਾਹੀਆਂ ਨੂੰ ।**

ਵਾਰੇ ਵਾਲਿਆਂ ਸ਼ਬਦ ਦੀਧੁਨਿ ਲਾਈ,
ਕਿਹਾ ਬਖਸ਼ ਲੈ ਅਜ ਦੁਖਆਰਿਆਂ ਨੂੰ ।
ਏਸੇ ਧਾਰਨਾ ਨੇ ਮਨ ਖਿੱਚ ਲੀਤੇ;
ਭੁਗਵਾਨ ਆਖਆਂ ਬਖਸ਼ੀ ਦੁਖਆਰਿਆਂ ਨੂੰ ।
ਤੇਰੇ ਦਰ ਤੋਂ ਕੋਈ ਨਾ ਗਿਆ ਖਾਲੀ,
ਮੈਂ ਗਰੀਬ ਬਖਸੀ ਐਗੁਣ ਹਾਰਿਆਂ ਨੂੰ ।
ਮਹਾਰਾਜ ਜੰਗ ਸਿੰਘ ਮੋਹਰਾਂ ਦੇ ਘਰ ਆਏ,
ਉੱਚੀ ਬਾਂਹ ਕਰ ਕਿਹਾ ਬੇਚਾਰਿਆਂ ਨੂੰ ।
ਜੋ ਭਟਕ ਰਹੇ ਕੰਵਲ ਅੱਜ ਬਖਸ਼ ਦਿਤੇ;
ਸਿੱਖਾ ਅੱਜ ਮੈਂ ਤੈਨੂੰ ਨਿਹਾਲ ਕੀਤਾ ।
ਤੇਰਾ ਭਰਿਆ ਦਰਿੱਦਰ ਅੱਜ ਤੋੜ ਦਿਤਾ;
ਮੁੜਕੇ ਫੇਰ ਤੈਨੂੰ ਮਾਲਾਮਾਲ ਕੀਤਾ ।

ਉਸ ਤੋਂ ਬਾਦ ਮਿਸਤ੍ਰੀ ਦੇ ਦਿਨ ਫਿਰ ਗਏ,
ਕੇਸ ਕੋਰਟ ਵਿਚੋਂ ਇਸਦੇ ਪਾਖ ਹੋਇਆ ।
ਮੁੜਕੇ ਤੁਰ ਪਿਆ ਸੀ ਕਾਰੋਬਾਰ ਚੰਗਾ,
ਮਹਾਰਾਜ ਜੰਗ ਸਿੰਘ ਦਾ ਵਾਕ ਸਾਬ ਹੋਇਆ ।
ਭਰ ਗਿਆ ਨਾਲ ਪਦਾਰਥਾਂ ਘਰ ਮੁੜਕੇ,
ਭਗਵਾਨ ਰੰਕ ਤੋਂ ਨਾਥਾਂ ਦਾ ਨਾਥ ਹੋਇਆ ।



Sri Satguru Jagjit Singh Ji Elibrary NamdhariElibrary@gmail.com

ਸੋ ਪੁੱਜ ਗਈ ਗੁਰੂ ਪ੍ਰਤਾਪ ਸਿੰਘ ਨੂੰ;
ਭੁਗਵਾਨ ਸਿੰਘ 'ਕੰਵਲ' ਫੇਰ ਆਬਾਦ ਹੋਇਆ।
ਗੁਰੂ ਪ੍ਰਤਾਪ ਸਿੰਘ ਕਿਹਾਂ ਕਿੰਨ ਬਖਸ਼ਿਆ ਹੈ।
ਮਹਾਰਾਜ ਜੰਗ ਸਿੰਘ ਇਸਤੇ ਦਿਆਲ ਹੋਇਆ।
ਫਿਰ ਬੀ ਆਪਣਾ ਸਿੱਖ ਕਿਉਂ ਦੁੱਖ ਭੋਗੇ;
ਏਹ ਜਾਣ 'ਕੰਵਲ' ਮੇਹਰਬਾਨ ਹੋਇਆ।

ਮਾਇਆ ਪਾਕੇ ਮੂਰਖ ਅਭਿਆਨੀ ਹੁੰਦਾ ਹੈ, ਚੱਤ੍ਰ ਸੁਖ ਭੋਗਦਾ ਹੈ।

**ਜਥਾ ਕੁੰਡਲੀ ਛੰਦ :**

ਮਾਇਆਂ ਕੇ ਦੋ ਦਾਓਂ ਹੈ ਕਰੇ ਦੋਇ ਯੁੱਤ ਮਾਰ।
ਆਵੇ ਤੇ ਬੌਰਾਏ ਨਰ, ਜਾਵੇ ਕਰੇ ਖੁਆਰ॥
ਜਾਵੇ ਕਰੇ ਖੁਆਰ, ਮਰੇ ਨਰ ਝੂਰ ਝੂਰ ਕੇ। ਆਵੇ ਤੇ ਬੌਰਾਏ।
ਤੁਰੇ ਨਰ ਘੂਰ ਘੂਰ ਕੇ, ਬਿਨ ਵਿਚਾਰ ਦੁੱਖ ਕਾਰ ਸਾਰ ਸੰਤਨ

ਫੁਰਮਾਇਆ ? ਮੂਰਖ ਕੋ ਦੁੱਖ ਦੇਤ ਆਵਤੀ ਜਾਤੀ ਮਾਇਆ॥

**ਭਗਵਾਨ ਸਿੰਘ ਜੀ ਦਾ ਬੀਮਾਰ ਹੋਣਾ ਤੇ ਗੁਰੂ ਪ੍ਰਤਾਪ ਸਿੰਘ ਜੀ ਨੇ ਦਰਸ਼ਨ ਦੇਣੇ :**

ਬਾਅਦ ਸਿੰਘ ਭਗਵਾਨ ਬੀਮਾਰ ਹੋ ਗਏ,
ਗੁਰੂ ਪ੍ਰਤਾਪ ਸਿੰਘ ਜੀ ਨੇ ਸੇਵਕ ਜਾਣ ਕੇ ਜੀ।
ਦਰਸ਼ਨ ਦੇ ਕੇ ਆਪ ਨਿਵਾਜਿਆ ਸੀ,
ਪੰਜੀ ਰੁਪਏ ਤੇ ਮੱਝ ਦਿੱਤੀ ਆਣ ਕੇ ਜੀ।
ਪਹਿਲਾਂ ਵਿਛੋੜ ਕੇ ਫੇਰ ਮਿਲਾ ਲਿਆ ਸੀ
ਗੁਰੂ ਆਪਣਾ ਸਿੱਖ ਪਛਾਣ ਕੇ ਜੀ।
ਆਪਣੇ ਸੇਵਕ ਨੂੰ ਆਪ ਹੀ ਰੱਖ ਲੈਂਦਾ,
'ਕੰਵਲ' ਬਿਰਦ ਸੁਆਮੀ ਦਾ ਜਾਣ ਕੇ ਜੀ।



Sri Satguru Jagjit Singh Ji Elibrary NamdhariElibrary@gmail.com

ਮਹਾਰਾਜ ਜੰਗ ਸਿੰਘ ਬਿੱਧੀ ਬਣਾਈ ਜੈਸੇ,
ਤੈਸੇ ਕਹੀ ਮੈਂ 'ਕੰਵਲ' ਪੁਕਾਰ ਭਾਈ।
ਗੁਨਾਹਗਾਰਾਂ ਨੂੰ ਬੇ–ਗੁਨਾਹ ਕੀਤਾ,
ਏਹ ਦਸਤੂਰ ਹੈ ਗੁਰੂ ਦਰਬਾਰ ਭਾਈ।

**ਗੁਰਵਾਕ ਹੈ :**

ਸਤਿਗੁਰੂ ਹੋਇ ਦਿਆਲ ਤਾ ਸਰਧਾ ਪੂਰੀਐ ॥
ਸਤਿਗੁਰੂ ਹੋਇ ਦਿਆਲ ਨ ਕਬਹੂੰ ਝੂਰੀਐ ॥

**ਸੰਤ ਸੁਰੈਣ ਸਿੰਘ ਜੀ ਛਾਂਗੀਆਂ ਵਾਲੇ ਦੀ ਇਸ ਦੀ ਆਪਣੀ ਜ਼ੁਬਾਨੀ ਸਾਖੀ ;**

ਪਿੰਡ ਛਾਂਗੀਆਂ ਜ਼ਿਲਾ ਸਿਆਲ-ਕੋਟ ਲਗੇ,
ਸੁਰੈਣ ਸਿੰਘ ਓਥੇ ਜਨਮ ਧਾਰਿਆ ਸੀ।
ਕਰਮ ਪੁਰਾ ਦਿੱਲੀ ਵਿਚ ਲਾਏ ਡੇਰਾ,
ਏਥੇ ਆਪਣਾ ਕੰਮ ਸੁਆਰਿਆ ਸੀ।
ਬਚਿੱਤ੍ਰ ਸਿੰਘ ਦੀ ਕਾਰ ਦਾ ਹੋ ਡਰਾਈਵਰ,
ਕੰਮ ਆਪਣਾ ਖ਼ੂਬ ਸੰਭਾਰਿਆ ਸੀ।
ਗਲਾਸ ਫੈਕਟਰੀ ਚਾਂਦਨੀ ਚੌਕ ਹੈ ਸੀ,
ਜੀ 'ਕੰਵਲ' ਨੇ ਓਥੇ ਪ੍ਰਚਾਰਿਆ ਸੀ।

**ਸੰਤ ਗਿਆਨ ਸਿੰਘ ਜੀ ਦਾ ਮਿਲਣਾ :**

ਸੰਤ ਗਿਆਨ ਸਿੰਘ ਜੀ ਇਕ ਦਿਨ ਮਿਲੇ ਮੈਨੂੰ,
ਹਾਲ ਪੁਛਿਓ ਕਿਉਂ ਉਦਾਸ ਹੋਇਓਂ ?
ਵਿੱਥਿਆ ਦੱਸੀ ਘਰ ਦੀ ਗਿਆਨ ਸਿੰਘ ਨੂੰ ਮੈਂ,
ਏਸ ਦੁਖ ਤੋਂ ਮੈਂ ਉਦਾਸ ਹੋਇਓਂ।
ਸ਼ਾਦੀ ਹੋਂਦੀ ਨੂੰ ਹੋ ਗਏ ਵੀਹ ਸਾਲ ਪੂਰੇ,
ਉਮੈਦ ਵਾਰੀਆਂ ਤਿੰਨਾਂ ਦਾ ਨਾਸ ਹੋਇਓਂ।



Sri Satguru Jagjit Singh Ji Elibrary NamdhariElibrary@gmail.com

'ਕੰਵਲ' ਚਿੰਤਾ ਏਹ ਚਿੱਖਾ ਸਮਾਨ ਭਾਸੇ,
ਫੇਹਲ ਗ੍ਰਿਹਸਤ ਵਿਚੋਂ ਨਾ ਮੈਂ ਪਾਸ ਹੋਇਓਂ।

**ਉਤਰ ਗਿਆਨ ਸਿੰਘ :**

ਗਿਆਨ ਸਿੰਘ ਨੇ ਕਿਹਾ ਭਾਈ ਫਿਕਰ ਨਾ ਕਰ,
ਮਹਾਰਾਜ ਜੰਗ ਸਿੰਘ ਬੜੇ ਬਲਵਾਨ ਪਿਆਰੇ।
ਅਕਾਲ ਪੁਰਖ ਦਾ ਰੂਪ ਮੈਂ ਮੰਨਦਾ ਹਾਂ,
ਅਰਜ ਕਰੂ ਤੇਰੀ ਦਿਲੋਂ ਜਾਨ ਪਿਆਰੇ।
ਪਰਉਪਕਾਰੀ ਹੈਂ ਦੀਨ ਦਿਆਲ ਗੁਰੂ ਜੀ,
ਬੇੜੇ ਸਾਰਿਆਂ ਦੇ ਬੰਨੇ ਲਾਨ ਪਿਆਰੇ।
ਜੇਹੜਾ ਤਨੋਂ, ਮਨੋਂ ਉਸ ਦਾ ਹੋ ਜਾਂਦਾ,
'ਕੰਵਲ' ਹੁੰਦੀ ਉਸ ਦੀ ਦੁੱਗਣੀ ਸ਼ਾਨ ਪਿਆਰੇ।

**ਮਹਾਰਾਜ ਦੇ ਦਿੱਲੀ ਆਉਣਾ :**

ਕੁਛ ਦਿਨਾਂ ਬਾਅਦ ਮਹਾਰਾਜ ਜੀ ਆਏ ਦਿੱਲੀ,
ਗਿਆਨ ਸਿੰਘ ਮੈਨੂੰ ਵਾਜ ਮਾਰ ਆਖੀ।
ਅਜ ਆ ਗਏ ਨੇ ਸਾਡੇ ਪੀਰ ਭਾਈ,
ਦਰਸ਼ਨ ਚਲ ਕਰ ਲੈ ਬਾਰ ਬਾਰ ਆਖੀ।
ਮੈਂ ਰੇੜੀ ਤੋਂ ਕੁਝ ਫਰੂਟ ਲਿਆ,
ਏਥੋਂ ਤੁਰਿਆਂ ਨਾ ਗੱਲ ਘਰ ਬਾਹਰ ਆਖੀ।
ਚਰਨੀਂ ਲਾਇਆ ਮੱਥਾ ਮੈਂ ਅਧੀਰ ਹੋ ਕੇ,
ਗਿਆਨ ਸਿੰਘ ਨੇ ਅਰਜ਼ ਗੁਜ਼ਾਰ ਆਖੀ।

ਹਜ਼ੂਰ ਕਹਿਣ ਲਗੇ ਇਸ ਦੇ ਘਰ ਚਲੀਏ,
ਓਥੇ ਸੁਣਾਂਗੇ ਹੋਰ ਬਿਆਨ ਇਸ ਦਾ।
ਮੈਨੂੰ ਗੱਡੀ ਚਲਾਉਣ ਦਾ ਹੁਕਮ ਹੋਇਆ,
ਗਿਆਨ ਸਿੰਘ ਜੀ ਕੀਤਾ ਧਿਆਨ ਇਸ ਦਾ।



Sri Satguru Jagjit Singh Ji Elibrary NamdhariElibrary@gmail.com

ਅਸੀਂ ਕਰਮ ਪੁਰੇ ਘਰ ਜਾ ਪਹੁੰਚੇ,
ਮਹਾਰਾਜ ਲਿਆ ਸੀ ਢੰਗ ਪਹਿਚਾਨ ਇਸ ਦਾ।
ਸ੍ਰੀ ਮੁਖ ਤੋਂ ਬਚਨ ਉਚਾਰ ਦਿੱਤਾ,
ਬੱਚਾ ਹੋਵਿਗਾ ਸੁਘੜ ਸੁਜਾਨ ਇਸ ਦਾ।
ਨਾਮ ਜਪਣ ਦਾ ਕੀਤਾ ਉਪਦੇਸ਼ ਮੈਨੂੰ,
ਬਰਕਤ ਸਤਿਗੁਰਾਂ ਨੇ ਤੇਰੇ ਪਾਵਣੀ ਹੈ।
'ਕੰਵਲ' ਗੁਰੂ ਦਾ ਜੋ ਗੁਰੂ ਹੁੰਦੇ ਉਸਦੇ,
ਬਿਪਤਾ ਤੇਰੇ ਤੇ ਹੁਣ ਨਹੀਂ ਆਵਣੀ ਹੈ।

**ਬਾਕ ਮਹਾਰਾਜ ਜੀ :**

ਭਾਈ ਜਦੋਂ ਕੋਈ ਔਕੜ ਬਣੇ ਤੈਨੂੰ,
ਖੱਤ ਲਿਖ ਸਾਨੂੰ ਤੁਸਾਂ ਪਾਵਣਾ ਜੀ।
ਤੇਰੀ ਰੱਖਿਆ ਆਪ ਕਰਤਾਰ ਕਰਸੀ,
ਤੂੰ ਜ਼ਰਾ ਨਾ ਦਿਲੋਂ ਘਬਰਾਵਣਾ ਜੀ।
ਦੋਵੇਂ ਜੀਆਂ ਨੇ ਭਜਨ ਜ਼ਰੂਰ ਕਰਨਾ,
ਇਸ ਤੋਂ ਕੰਨੀ ਨਾ ਜ਼ਰਾ ਕਤਰਾਵਣਾ ਜੀ।
ਦੇ ਕੇ ਸਿੱਖ ਨੂੰ ਥਾਪੜਾ ਤੁਰੇ ਓਥੋਂ,
'ਕੰਵਲ' ਗੁਰੂ ਨਾ ਕਦੇ ਭੁਲਾਵਣਾ ਜੀ।

**ਪੁਤਰ ਦੇ ਜਨਮ ਲਿਆ :**

ਕੁਛ ਦਿਨ ਬਾਅਦ ਸਾਡੇ ਬੱਚਾ ਹੋਇਆ ਪੈਦਾ,
ਪੂਰੀ ਹੋ ਗਈ ਅਜ ਮੁਰਾਦ ਸਾਡੀ।
ਸਾਡੀ ਖੁਸ਼ੀ ਦੀ ਹੱਦ ਨਾ ਰਹੀ ਕਾਈ,
ਮੁੜ ਹੋ ਗਈ ਧਰਤ ਆਬਾਦ ਸਾਡੀ।
ਕੋਟਨ ਕੋਟ ਧਨਵਾਦ ਗੁਰੂ ਜੰਗ ਸਿੰਘ ਜੀ ਦਾ,
ਜਿਸ ਦੀ ਕਿਰਪਾ ਤੋਂ ਹੋਈ ਜਿੰਦ ਸ਼ਾਦ ਸਾਡੀ।



Sri Satguru Jagjit Singh Ji Elibrary NamdhariElibrary@gmail.com

'ਕੰਵਲ' ਆਏ ਵਧਾਈ ਦੇਣ ਗਿਆਨ ਸਿੰਘ ਨੂੰ,
ਜਿਸ ਬਚਾ ਲਈ ਜਿੰਦ ਬਰਬਾਦ ਸਾਡੀ।

**ਬੱਚੇ ਦਾ ਬੀਮਾਰ ਹੋਣਾ ਤੇ ਮਹਾਰਾਜ ਨੂੰ ਚਿੱਠੀ ਪਾਉਣੀ :**

ਵੀਹ ਦਿਨ ਬਾਅਦ ਬੱਚਾ ਸੀ ਬੀਮਾਰ ਹੋਇਆ,
ਰੋਂਦਾ ਰੋਂਦਾ ਉਹ ਘੇਰਨੀਆਂ ਖਾਣ ਲੱਗਾ।
ਮੈਨੂੰ ਯਾਦ ਮਹਾਰਾਜ ਦੀ ਗੱਲ ਆ ਗਈ,
ਚਿੱਠੀ ਲਿਖ ਮੈਂ ਗੁਰੂ ਨੂੰ ਪਾਣ ਲੱਗਾ।
ਲੈਟਰ ਬਕਸ ਵਿਚ ਚਿੱਠੀ ਮੈਂ ਪਾ ਦਿੱਤੀ,
ਆ ਕੇ ਗੁਰੂ ਦਾ ਨਾਮ ਧਿਆਨ ਲੱਗਾ।
ਓਸੇ ਵਕਤ 'ਕੰਵਲ' ਬੱਚਾ ਠੀਕ ਹੋਇਆ,
ਮੈਂ ਰੱਬ ਦਾ ਸ਼ੁਕਰ ਬਜਾਣ ਲੱਗਾ।

ਵੇਖੋ ਐਸਾ ਮਹਾਰਾਜ ਗੁਰੂ ਜੰਗ ਸਿੰਘ ਜੀ,
ਆਪਣੇ ਸੇਵਕਾਂ ਦੀ ਸਦਾ ਸਾਰ ਲੈਂਦਾ।
ਡੁੱਬੇ ਜਾਂਦਿਆਂ ਆਪਣੇ ਸੇਵਕਾਂ ਨੂੰ,
ਮੰਝਧਾਰ ਵਿਚੋਂ ਕੱਢ ਪਾਰ ਲੈਂਦਾ।
'ਕੰਵਲ' ਖਿੜਿਆ ਰਹੇ ਫੁੱਲ ਗੁਲਾਬ ਵਾਂਗੂੰ;
ਖੁਸ਼ਬੂ ਦੇਂਵਦਾ ਨਾ ਕੋਈ ਕਾਰ ਲੈਂਦਾ।
ਧਨ ਜਨਮ ਪਰਉਪਕਾਰੀ ਮਹਾਰਾਜ ਜੀ ਦਾ,
ਮੈਂ ਚਰਨ ਧੂੜੀ ਕਈ ਵਾਰ ਲੈਂਦਾ।

**ਸੰਤ ਜਗਤ ਸਿੰਘ ਭੰਗੀ ਵਾਲੇ ਤੇ ਮਹਾਰਾਜ ਜੰਗ ਸਿੰਘ ਜੀ ਦੀ ਕਿਰਪਾ ਹੋਣੀ :**

ਮਹਾਰਾਜ ਜੰਗ ਸਿੰਘ ਦਾ ਸੱਚਾ ਸਿੱਖ ਸੀ ਏਹ,
ਕੁਦਰਤ ਰੱਬ ਦੀ ਇਹ ਬੀਮਾਰ ਹੋਇਆ।
ਬੀਮਾਰੀ ਟਿੱਟ-ਡਿੱਸ ਦੀ ਹੋ ਗਈ ਜਗਤ ਸਿੰਘ ਨੂੰ;
ਏਹੋ ਡਾਕਟਰਾਂ ਦਾ ਖਿਆਲ ਹੋਇਆ।



Sri Satguru Jagjit Singh Ji Elibrary NamdhariElibrary@gmail.com

ਟੁੱਟੀ ਬਚਣ ਦੀ ਏਹਦੀ ਉਮੀਦ ਸਭ ਨੂੰ,
ਹਸਪਤਾਲ ਵਲਿੰਗਡਿੰਨ ਦਾਖਲ ਆਣ ਹੋਇਆ।
ਓਥੇ ਡਾਕਟਰਾਂ ਨੇ ਬੜੀ ਵਾਹ ਲਾਈ,
ਦਾਰੂ ਨਹੀਂ ਕੋਈ ਕਾਮਯਾਬ ਹੋਇਆ।

ਬੁਸੁੰ ਬੁਸੁੰ ਪਿਆ ਸਾਰਾ ਪ੍ਰੀਵਾਰ ਕਰਦਾ,
ਮਹਾਰਾਜ ਨੂੰ ਸਾਰੇ ਧਿਆਂਵਦੇ ਸਨ।
ਬਿਰਧ ਬਾਣੇ ਦੀ ਲਾਜ ਹੁਣ ਰੱਖ ਆਪੇ,
'ਕੰਵਲ' ਵੈਣ ਡੂੰਘੇ ਪਏ ਪਾਂਵਦੇ ਸਨ।

**ਸੰਤ ਜਗਤ ਸਿੰਘ ਜੀ ਦੇ ਪ੍ਰੀਵਾਰ ਦੀ ਅਰਦਾਸ ਕਬੂਲ :**

ਡਾਕਟਰ ਨਰਸਾਂ ਨੇ ਸਾਫ ਜੁਆਬ ਦਿੱਤਾ;
ਇਹਦੇ ਹੋ ਗਏ ਖਤਮ ਪ੍ਰਾਣ ਭਾਈ।
ਬੈਠੇ ਸਾਕ-ਸਬੰਧੀ ਸਭ ਕੋਲ ਆ ਕੇ;
ਉਪਰਾਲਾ ਕਰੋ ਹੁਣ ਘਰ ਲਿਜਾਣ ਲਈ।
ਕੌਤਕ ਸ਼ਕਤੀ ਅਨੰਤ ਨੇ ਆਣ ਕੀਤੀ,
ਸਰੀਰ ਗਰਮ ਹੋਇਆ ਝੱਟ ਆਣ ਭਾਈ।
ਮੋਢਾ ਹਿੱਲਿਆ ਕੰਬ ਸਰੀਰ ਉਠਿਆ,
ਆਈ ਸਭ ਦੀ ਜਾਨ ਵਿਚ ਜਾਨ ਭਾਈ।

ਨਬਜ਼ਾਂ ਟੁੱਟੀਆਂ ਮੁੜ ਸੁਰਜੀਤ ਹੋਈਆਂ,
ਡਾਕਟਰ ਦੇਖ ਹੋ ਗਏ ਹੈਰਾਨ ਭਾਈ।
ਜਗਤ ਸਿੰਘ ਉੱਠ, ਮੰਜੇ ਤੇ ਬੈਠ ਗਿਆ,
ਲਗਾ 'ਕੰਵਲ' ਨੂੰ ਫਤੇ ਬੁਲਾਣ ਭਾਈ।



Sri Satguru Jagjit Singh Ji Elibrary NamdhariElibrary@gmail.com

**ਨਰਸਾਂ ਨੇ ਗੁਪਤ ਭੇਦ ਦਸਣਾ :**

ਨਰਸਾਂ ਆਖਿਆ ਇਹ ਮਹਾਂ ਪੁਰਸ਼ ਕੋਈ,
ਭੇਦ ਏਸ ਦਾ ਕਿਸੇ ਨਾ ਪਾਇਆ ਸੀ।
ਅਸਾਂ ਅਜ ਇਹ ਮਾਂਜਰਾ ਤੱਕਿਆ ਹੈ,
ਮਹਾਂ ਪੁਰਖ ਦਾ ਏਸ ਤੇ ਸਾਇਆ ਸੀ।
ਸਾਹਮਣੇ ਏਸ ਦੇ ਆ ਕੇ ਉਹ ਬੈਠਦਾ ਸੀ,
ਲੰਮਾ ਕੱਦ ਤੇ ਚਿੱਟਾ ਬਾਣਾ ਪਾਇਆ ਸੀ।
ਇਕ ਹੱਥ ਸੋਟਾ ਦੂਜੇ ਹੱਥ ਮਾਲਾ,
ਰੋਜ ਉਸ ਦਾ ਦੂਣ ਸੁਵਾਇਆ ਸੀ।
ਓਸ ਰੱਖਿਆ ਏਸ ਦੀ ਕਰੀ ਆ ਕੇ,
ਇਸ ਨੂੰ ਜਮਾਂ ਤੋਂ ਆਣ ਛੁਡਾਇਆ ਸੀ।
'ਕੰਵਲ' ਧੰਨ ਹੈਂ ਏਸ ਦਾ ਗੁਰੂ ਪੂਰਾ;
ਮੁੜ ਜਨਮ ਜਿੰਨ ਏਹਨੂੰ ਮਲਾਇਆ ਸੀ।

**ਸੰਤ ਜਗਤ ਸਿੰਘ ਨੇ ਧਰਮ ਰਾਜ ਨਾਲ ਹੋਈ ਗੱਲ ਦਸਣੀ :**

ਅਰਜਨ ਸਿੰਘ ਸੀ ਵਡਾ ਭਰਾ ਇਸ ਦਾ,
ਇਸ ਨੇ ਪੁੱਛਿਆ ਕੀ ਬੀਤੀ ਨਾਲ ਤੇਰੇ।
ਕਹਿੰਦਾ ਜਮਾਂ ਜਦ ਪਕੜਿਆ ਆਣ ਮੈਨੂੰ,
ਮੈਂ ਕਿਹਾ ਕੌਣ ਹੋ ? ਕਹਿੰਦੇ ਅਸੀਂ ਕਾਲ ਤੇਰੇ।
ਤੇਰੀ ਜਿੰਦ ਨੂੰ ਕਢ ਲਿਜਾਵਣਾ ਹੈਂ,
ਪੇਸ਼ ਧਰਮ ਰਾਜ ਦੇ ਕਰਨੇ ਅਮਾਲ ਤੇਰੇ।
ਮੈਂ ਤਾਂ ਸਿੱਖ ਮਹਾਰਾਜ ਸੀ ਜੰਗ ਸਿੰਘ ਦਾ,
ਉਸ ਦੇ ਬਿਨਾਂ ਨਾ ਚਲਣਾ ਨਾਲ ਤੇਰੇ
ਉਹਨਾਂ ਲੋਹੇ ਦੇ ਪਿੰਜਰੇ ਪਾ ਮੈਨੂੰ,
ਜਾ ਸਿੱਟਿਆ ਧਰਮ ਦੇ ਦੁਆਰ ਮੈਨੂੰ।



Sri Satguru Jagjit Singh Ji Elibrary NamdhariElibrary@gmail.com

ਧਰਮ–ਰਾਜ ਅਗੋਂ ਹੱਥ-ਜੋੜ ਕਹਿੰਦਾ;
ਛੱਡੋ 'ਕੰਵਲ' ਨਾ ਕਰੋ ਖੁਆਰ ਮੈਨੂੰ।

ਧਰਮ ਰਾਜ ਨੇ ਬਿਨਾਂ ਖਿਆਲ ਕੀਤੇ,
ਕਿਹਾ ਲੈ ਜਾਓ ਨਰਕ ਦੇ ਦੁਆਰ ਇਸ ਨੂੰ।
ਇਹ ਨਿਗੁਰਾ ਹੈ ਨਾਮ ਨਹੀਂ ਏਸ ਜਪਿਆ,
ਚੱਕ ਪਾ ਦਿਓ ਨਰਕ-ਮੰਝਾਰ ਇਸ ਨੂੰ।
ਏਨੀ ਗੱਲ ਕੀਤੀ ਧਰਮ ਰਾਜ ਨੇ ਜਦ,
ਗੁਰੂ ਜੰਗ ਸਿੰਘ ਕਿਹਾ ਲਲਕਾਰ ਇਸ ਨੂੰ।
ਮੇਰਾ ਸਿੱਖ ਨਿਗੁਰਾ ਤੂੰ ਕਿਓਂ ਆਖੇਂ;
ਮੈਂ ਆ ਗਿਆ ਏਥੋਂ ਲਿਜਾਣ ਇਸ ਨੂੰ।
ਧਰਮਰਾਜ ਅਗੋਂ ਉਠ ਹੱਥ ਜੋੜੇ,
ਤੂੰ ਮਾਲਕ ਹੈਂ ਮੇਰਾ ਤਕਰਾਰ ਕੋਈ ਨਾ।
ਮੇਰੀ ਭੁੱਲ ਦੀ ਖਿਮਾਂ ਤੂੰ ਬਖਸ਼ ਬਾਬਾ,
ਮੇਰੇ ਜਿਹਾ 'ਕੰਵਲ' ਖਿਦਮਤਗਾਰ ਕੋਈ ਨਾ।

ਛੰਦ :

ਐਸੇ ਮਹਾਰਾਜ ਜੰਗ ਸਿੰਘ ਜੀ;
ਆਪਣੇ ਸੇਵਕ ਕੋ ਰਾਖਣਹਾਰੇ।
ਜਿਸ ਨੇ ਯਾਦ ਕੀਆ ਹਿਰਦੇ ਸੇ,
ਸੋ ਸੋ ਪਾਰਗਰਾਮੀ ਪਾਰੇ।
ਤੇਰੀ ਲੀਲ੍ਹਾ ਲੱਖੀ ਨਾ ਜਾਈ,
ਤੇਰੀ ਕੁਦਰਤ ਤੋਂ ਕੁਰਬਾਨ।
'ਕੰਵਲ' ਭੀ ਖਿੜਦਾ ਤੇਰੀ ਰੋਸ਼ਨੀ,
ਤੂੰ ਪੂਰਨ ਪੁਰਖ ਭਗਵਾਨ।



Sri Satguru Jagjit Singh Ji Elibrary NamdhariElibrary@gmail.com

**ਗੁਰਬਾਣੀ ਦੀਆਂ ਤੁੱਕਾਂ ਇਸ ਤੇ ਘਟਦੀਆਂ ਹਨ ਜੱਥਾ :**

ਜੈਸਾ ਸਤਿਗੁ ਸੁਣੀਦਾ ਤੈਸੋ ਹੀ ਮੈ ਡੀਠ ॥
ਵਿਛੜਿਆ ਮੇਲ ਪ੍ਰਭੂ ਹਰਿ ਦਰਗਹਿ ਕਾ ਬਸੀਠ ॥
**( ਰਾਮਕਲੀ ਕੀ ਵਾਰ ਮਹਲਾ ੫ )**

**ਅਤੇ**

ਸੰਤਨ ਮੋਕਿਉ ਪੂੰਜੀ ਸਓਪੀ ਤੌ ਉਤਰਿਆ ਮਨ ਕਾ ਧੋਖਾ ॥
ਧਰਮ ਰਾਜ ਅਬਿ ਕਹਾ ਕਰੇਗੋ ਜੌ ਫਾਟਿਓ ਸਗਲੋ ਲੇਖਾ ॥
**( ਸੋਰਠ ਮਹਲਾ ੫ )**

ਸੰਤਨ ਬਿਨ ਅਵਰ ਨਾ ਦਾਤਾ ਬੀਆ
ਜੋ ਜੋ ਸਰਣ ਪਰੇ ਸਾਧੂ ਕੀ ਸੋ ਪਾਰਗਰਾਮੀ ਥੀਆ ॥

**ਸੰਮਤ ੧੯੬੨ ਵਿਚ ਜਥੇਦਾਰ ਸੁਰੈਣ ਸਿੰਘ ਨਾਲ ਹੋਈ ਘਟਨਾ ਦੀ ਸਾਖੀ :**

ਉਨੀ ਸੌ ਬਾਸਠ ਵਿਚ ਕਾਂਗਰਸ ਸਰਕਾਰ ਵਲੋਂ;
ਚੋਣ ਕਰਨ ਦਾ ਹੋਇਆ ਐਲਾਨ ਲੋਕੋ।
'ਕੰਵਲ' ਹਰ ਥਾਂ ਤੇ ਮੀਟਿੰਗਾਂ ਹੋ ਰਹੀਆਂ,
ਕੁਰਸੀ ਚੌਧਰ ਲਈ ਪਿਆ ਘਮਸਾਨ ਲੋਕੋ।
ਕਾਂਗਰਸ ਆਪਣਾ ਜ਼ੋਰ ਲਗਾ ਰਹੀ ਸੀ,
ਲੱਗੀਆਂ ਪਾਰਟੀਆਂ ਹੋਰ ਘਬਰਾਨ ਲੋਕੋ।
ਪਾਰਲੀਮਿੰਟ ਲਈ ਸੀ ਕਾਂਗਰਸ ਵਲੋਂ,
ਨਵਲ ਪ੍ਰਭਾਕਰ ਦਾ ਨਾਮ ਬਿਆਨ ਲੋਕੋ।

ਦੂਜਾ ਨਾਮ ਗਣੇਸ਼ ਦਾਸ ਖੱਤ੍ਰੀ ਦਾ,
ਦਿੱਲੀ ਕਾਰਪੋਰੇਸ਼ਨ ਲਈ ਆਇਆ ਸੀ।
ਮੁਖੀ ਮੀਟਿੰਗਾਂ ਦਾਂ ਮਿੱਥਿਆ ਸੁਰੈਣ ਸਿੰਘ ਨੂੰ,
ਪ੍ਰਬੰਧ ਦੇਸ ਨੇ ਸਾਰਾ ਕਰਾਇਆ ਸੀ।



Sri Satguru Jagjit Singh Ji Elibrary NamdhariElibrary@gmail.com

ਵਰਕਰ ਕਾਂਗਰਸ ਦਾ ਮੰਨਿਆ ਗਿਆ ਢੰਗਾ;
ਵਾਗ ਤੌਰ ਇਸ ਹੱਥ ਫੜਾਇਆ ਸੀ।
ਜਲਸਾ 'ਕੰਵਲ' ਕਾਲੋਨੀ ਸੀ ਨਾਮਧਾਰੀ;
ਰੁਮੇਸ਼ ਨਗਰ ਦਾ ਨਾਮ ਬਣਾਇਆ ਸੀ।

ਰਾਤ ਗਿਆਰ੍ਹਾਂ ਵਜੇ ਜਲਸਾ ਖਤਮ ਹੋਇਆ,
ਕਾਮਯਾਬੀ ਦੀ ਬਿਗਲ ਬਜਾਈ ਲੋਕੋ।
ਪੁਤ੍ਰ ਆਪਣੇ ਨਾਲ ਸੁਰੈਣ ਸਿੰਘ ਜੀ;
ਘਰ ਜਾਣ ਲਈ ਕੀਤੀ ਸੀ ਧਾਈ ਲੋਕੋ।
ਪਿਛੋਂ ਕਿਸੇ ਤਲਵਾਰ ਦਾ ਵਾਰ ਕੀਤਾ,
ਸਮਝ ਕਿਸੇ ਨੂੰ ਨਾ ਇਸ ਦੀ ਆਈ ਲੋਕੋ।
ਗਰਦਨ ਬਚ ਗਈ ਵਢੀ ਗਈ ਬਾਂਹ ਇਸ ਦੀ;
ਵੱਗਿਆ ਖੂਨ ਤੇ ਪਈ ਦੁਹਾਈ ਲੋਕੋ।
ਪਲਾਂ ਵਿਚ ਲੁਕਾਈ 'ਕੰਵਲ' ਹੋਈ ਕੱਠੀ,
ਖਬਰ ਫਿਰ ਗਈ ਵਾਂਗ ਹਵਾਈ ਲੋਕੋ।
ਭੱਜ ਦੌੜ ਕਲੋਨੀ ਦੇ ਵਿਚ ਪੈ ਗਈ,
ਕੌਣ ਸੱਚ ਦੀ ਕਰੇ ਸੁਣਾਈ ਲੋਕੋ।

**ਜੱਥੇਦਾਰ ਸੁਰੈਣ ਸਿੰਘ ਜੀ ਨੂੰ ਇਰਵਨ ਹਸਪਤਾਲ ਵਿਚ ਦਾਖਲ ਕਰਨਾ ਤੇ ਸਜਣਾਂ ਨੇ ਦੇਖਣ ਜਾਣਾ :**

ਨਿਹਾਲ ਸਿੰਘ ਮਹਾਰਾਜ ਨਿਰਮਾਣ ਸਿੰਘ ਜੀ,
ਨਵਲ ਪ੍ਰਭਾਕਰ ਤੇ ਦਾਸ ਗਣੇਸ਼ ਆਏ।
ਆਇਆ ਐਡੀਟਰ ਮਿਲਾਪ ਰਣਬੀਰ ਵੀ ਸੀ,
ਉਸ ਦੀ ਪਤਨੀ ਉਹ ਸਹਿਤ ਪ੍ਰਵਾਰ ਆਏ।
ਬ੍ਰਹਮ ਪ੍ਰਕਾਸ਼ ਜੀ ਚੌਧਰੀ ਧਾਈ ਕਰਕੇ,
ਕਰਨ ਮਸ਼ਵਰਾ ਡਾਕਟਰਾਂ ਨਾਲ ਆਏ।



Sri Satguru Jagjit Singh Ji Elibrary NamdhariElibrary@gmail.com

ਹਦਾਇਤ ਕੀਤੀ 'ਕੰਵਲ' ਡਾਕਟਰਾਂ ਸਾਰਿਆਂ ਨੂੰ;
ਠੀਕ ਕਰਨ ਲਈ ਬਾਂਹ ਮਦਦਗਾਰ ਆਏ।

**ਮਹਾਰਾਜ ਜੰਗ ਸਿੰਘ ਜੀ ਨੂੰ ਅਗੰਮੀ ਖਬਰ ਹੋਣੀ :**

ਰੁਪਾਣੇ ਪਿੰਡ ਮਹਾਰਾਜ ਬਿਰਾਜਦੇ ਸਨ,
ਦਰਸਨ ਕਰਨ ਲਈ ਸੰਗਤ ਬੇਸ਼ੁਮਾਰ ਆਵੇ।
ਅੱਠੋ ਪਹਿਰ ਸਮਾਧੀ ਵਿਚ ਲੀਨ ਰਹਿੰਦੇ,
ਚੜ੍ਹਿਆ ਨਾਮ ਦਾ ਸਦਾ ਖੁਮਾਰ ਆਵੇ।
ਅਜ ਲੱਗੀ ਸਮਾਧ ਜਬ ਸੁਰਤ ਜੁੜ ਗਈ,
ਸੁਰੈਣ ਸਿੰਘ ਖੜਾ ਬਾਰ ਬਾਰ ਆਵੇ।
ਲਿੱਬੜਿਆ 'ਕੰਵਲ' ਉਹ ਖੂਨ ਦੇ ਨਾਲ ਦਿਸਦਾ,
ਵਹਿੰਦੀ ਨਜ਼ਰ ਪ੍ਰਨਾਲੇ ਦੀ ਧਾਰ ਆਵੇ।

ਮਹਾਰਾਜ ਜੀ ਦੇ ਅੰਦਰ ਤਾਰ ਖੜਕੀ,
ਦਿੱਲੀ ਜਾਣ ਲਈ ਉਠ ਪੁਕਾਰਿਆ ਹੈ।
ਸਾਡੇ ਸਿੱਖ ਤੇ ਵਾਰ ਤਲਵਾਰ ਹੋਇਆ,
ਕਿਸੇ ਦੁਸ਼ਮਣ ਨੇ ਉਸੇ ਲਲਕਾਰਿਆ ਹੈ।
ਗੁਰਦਿਆਲ ਸਿੰਘ ਨੂੰ ਨਾਲ ਤਿਆਰ ਕਰਕੇ,
ਡਰਾਈਵਰ ਕਾਰ ਦਾ ਉੱਸ ਨੂੰ ਬਣਾਇਆ ਹੈ।
ਦਿੱਲੀ ਪਹੁੰਚਣਾ ਦੇਖਣਾ ਸਿੱਖ ਜਾ ਕੇ,
ਕਿਹੜੀ ਬਿਪਤਾ ਦੇ ਹੱਥ ਉਹ ਆਇਆ ਹੈ ?

**ਉਪ੍ਰੋਕਤ ਵਾਰਤਾ ਸੇਵਕ ਨਿਹਾਲ ਸਿੰਘ ਨੇ ਦੱਸੀ ਸੀ :**

ਗੱਲ ਦੱਸੀ ਏਹੁ ਸੇਵਕ ਨਿਹਾਲ ਸਿੰਘ ਜੀ,
ਸੇਵਾ ਪ੍ਰੇਮ ਦੀ ਕਰੇ ਹਜ਼ੂਰ ਭਾਈ।
ਕਿਰਪਾ ਗੁਰੂ ਦੀ ਏਸ ਤੇ ਸਦਾ ਰਹਿੰਦੀ,
ਸੀ ਏਹੁ ਸੇਵਾ ਦੇ ਵਿਚ ਮਸ਼ਹੂਰ ਭਾਈ।



Sri Satguru Jagjit Singh Ji Elibrary NamdhariElibrary@gmail.com

ਅਠੋ ਪਹਿਰ ਮਾਲ੍ਹਾ ਫੜ ਕੇ ਨਾਮ ਸਿਮਰੇ;
ਭਵਜਲ ਲੰਘਣਾ ਪਾਰ ਜ਼ਰੂਰ ਭਾਈ।
ਮਾਇਆ ਮੋਹ ਨੂੰ ਛੱਡ ਕੇ ਸੰਤ ਬਣਿਆਂ,
'ਕੰਵਲ' ਊਣਾ ਨਹੀਂ ਹੋਇਆ ਭਰਪੂਰ ਭਾਈ।

**ਮਹਾਰਾਜ ਜਗਜੀਤ ਸਿੰਘ ਜੀ ਦਾ ਦਿੱਲੀ ਆਉਣਾ ਤੇ ਇਰਵਨ ਹਸਪਤਾਲ ਜਾਣਾ :**

ਕਾਲੋਨੀ ਨਾਮਧਾਰੀ ਰੁਮੇਸ਼ ਨਗਰ ਦੇ ਵਿਚ,
ਮਹਾਰਾਜ ਸੁਵੇਰੇ ਹੀ ਆ ਗਏ ਨੇ।
ਘਰ ਚੈਨ ਸਿੰਘ ਜੀ ਸਮਸੇ ਵਾਲਿਆਂ ਦੇ,
ਬੂਹੇ ਅਗੇ ਹੋ ਅੱਲਖ ਜਗਾ ਗਏ ਨੇ।
ਜੱਥੇਦਾਰ ਦਾ ਹਾਲ ਕੀ ਦੱਸੋ ਸਾਨੂੰ ?
ਦੀਨ ਦਿਆਲ ਜੀ ਬਚਨ ਅਲਾ ਗਏ ਨੇ।
ਅਗੋਂ 'ਕੰਵਲ' ਨੇ ਉੱਤਰ ਵਿਚਾਰ ਦਿੱਤਾ,
ਹਸਪਤਾਲ ਇਰਵਿਨ ਓਨ੍ਹੂੰ ਚਾ ਗਏ ਨੇ।

ਬਚਨ ਸੁਣਦਿਆਂ ਹੀ ਮਹਾਰਾਜ ਜੀ ਨੇ;
ਰੁੱਖ ਕਾਰ ਦਾ ਓਧਰ ਨੂੰ ਮੋੜਿਆ ਸੀ।
'ਕੰਵਲ' ਪਹੁੰਚ ਕੇ ਆ ਹਸਤਪਤਾਲ ਦੇ ਵਿਚ,
ਸਿੱਖ ਨਾਲ ਆਪਣੇ ਨਾਤਾ ਜੋੜਿਆ ਸੀ।

**ਮਹਾਰਾਜ ਜੀ ਨੇ ਸੁਰੈਣ ਸਿੰਘ ਦੀ ਬਾਂਹ ਤੇ ਹੱਥ ਫੇਰਨਾ ਤੇ ਬਚਨ ਕਰਨਾ :**

ਜ਼ਖਮੀ ਬਾਂਹ ਤੇ ਮਹਾਰਾਜ ਹੱਥ ਫੇਰਨ;
ਨਾਲੇ ਬਚਨ ਏਹੁ ਮੁਖੋਂ ਅਲਾਇਆ ਹੈ।
ਜੱਥੇਦਾਰਾ ਤੂੰ ਫਿਕਰ ਨਾ ਕਰੀਂ ਕਾਈ,
ਤੇਰਾ ਸਾਥ ਮੇਰਾ ਧੁਰੋਂ ਆਇਆ ਹੈ।



Sri Satguru Jagjit Singh Ji Elibrary NamdhariElibrary@gmail.com

'ਕੰਵਲ' ਵਾਲ ਤੇਰਾ ਵਿੰਗਾ ਹੋਵਣਾ ਨਹੀਂ,
ਤੇਰੇ ਉਪਰ ਅਕਾਲ ਦਾ ਸਾਇਆ ਹੈ।

**ਮਹਾਰਾਜ ਜੀ ਦੇ ਹਸਪਤਾਲ ਵਿਚ ਵੜਦਿਆਂ**
**ਦੁਖੀ ਪੀੜਤਾਂ ਨੂੰ ਠੰਢ ਪੈ ਗਈ :**

ਅੱਠ ਦਿਨ ਮਹਾਰਾਜ ਜੀ ਆਉਂਦੇ ਰਹੇ,
ਚੀਖ ਚਿਹਾੜ ਸਾਰਾ ਬੰਦ ਹੋ ਗਿਆ ਸੀ।
ਇਹ ਦੇਖ ਕੇ ਡਾਕਟਰ ਹੈਰਾਨ ਹੋ ਗਏ,
ਨਰਕੋਂ ਸੁਰਗ ਨਜਾਰਾ ਏਥੇ ਹੋ ਗਿਆ ਸੀ।
ਦੁਖੀ ਹਿਰਦਿਆਂ ਦੇ ਅੰਦਰ ਠੰਢ ਪੈਂਦੀ,
ਜਿਹਨੂੰ ਦਰਸ ਮਹਾਰਾਜ ਦਾ ਹੋ ਗਿਆ ਸੀ।
'ਕੰਵਲ' ਨਾਮ ਦੀ ਪਵੇ ਫੁਹਾਰ ਜਿਸ ਤੇ,
ਨੌਂ-ਬਰ-ਨੌਂ ਪ੍ਰਾਣੀ ਉਹ ਹੋ ਗਿਆ ਸੀ।
ਡਾਕਟਰ ਆਪ ਹਜ਼ੂਰ ਨੂੰ ਨਾਲ ਲੈ ਕੇ,
ਸਾਰੇ ਵਾਰਡਾਂ ਵਿਚ ਫਿਰਾਂਵਦੇ ਸਨ।
ਨੌਕਰ-ਚਾਕਰ, ਨਰਸਾਂ, ਡਾਕਟਰ, ਮਰੀਜ਼ ਸਾਰੇ,
ਧੰਨ-ਧੰਨ ਮਹਾਰਾਜ ਅਲਾਂਵਦੇ ਸਨ।

**ਨਾਮ ਦੀ ਬਰਕੱਤ-ਵਾਕ ਕਵੀ :**

ਬਿਨਾ ਨਾਮ ਦੇ ਸ਼ਾਂਤੀ ਮਿਲੇ ਨਾਹੀ;
ਨਾਮ ਜਪਦਿਆਂ ਢਿੱਲ ਨਾ ਕੀ ਜੀਏ ਜੀ।
ਬਾਹਰ ਗਿਆ ਸਾਹ ਮੁੜਿਆ ਅੰਦਰ ਔਣਾ ਕਿ ਨਹੀਂ,
ਨਾਮ ਰਸ ਅੰਮ੍ਰਿਤ ਸਦਾ ਪੀ ਜੀਏ ਜੀ।
ਦੁਖ ਜਮਾਂ ਚੋਂ ਨਾਮ ਛਡੌਣ ਵਾਲਾ,
ਇਸਨੂੰ ਭੁੰਚ ਕੇ ਸਦਾ ਸੁਖੀ ਜੀ ਜੀਏ ਜੀ।



Sri Satguru Jagjit Singh Ji Elibrary NamdhariElibrary@gmail.com

'ਕੰਵਲ' ਵਾਹਿਗੁਰੂ ਨਾਮ ਜਹਾਜ਼ ਹੈ ਇਹੁ;
ਚੱੜ੍ਹ ਭਵ ਸਾਗਰੋ ਪਾਰ ਕਰੀ ਜੀਏ ਜੀ।

ਨਾਮ ਜਪਕੇ ਕਉਡੀ ਤੋਂ ਲਾਲ ਬਣ ਗਏ,
ਨਾਮਾਂ, ਛੀਂਬਾ; ਜੁਲਾਹਾ ਕਬੀਰ ਭਾਈ।
ਧੰਨਾ ਜੱਟ ਤ੍ਰੀਲੋਚਨ ਗਨਕਾ ਕੰਜਰੀ ਭੀ;
ਸਧਨਾ, ਸੈਣ ਨਾਈ ਮਾਹੀ ਗੀਰ ਭਾਈ।
ਸ਼ੇਖ ਫਰੀਦ ਰਵੀ ਦਾਸ ਚੁਮਾਰ ਦੋਵੇ,
ਭੀਖਨ ਸੱਤਾ ਬਲਵੰਡ ਦੋ ਮੀਰ ਭਾਈ।
ਗੁਰੂ ਨਾਮ ਤੋਂ ਬਿਨਾ ਸਭ ਫਿਰਨ ਭੌਂਏ,
ਨਹੀ ਆਂਵਦੀ 'ਕੰਵਲ' ਨੂੰ ਧੀਰ ਭਾਈ।



Sri Satguru Jagjit Singh Ji Elibrary NamdhariElibrary@gmail.com

# ਮਾਤਾ ਫਤਿਹ ਕੌਰ ਜੀ

–ਬੇਅੰਤ ਕੌਰ–

ਬੀਬੀ ਬੇਅੰਤ ਕੌਰ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਨਵੀਂ ਦਿਲੀ ਦੀ ਪ੍ਰਿੰਸੀਪਲ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ਼ਤਾਬਦੀ ਸਾਲ ਵਾਸਤੇ ਉਹਨਾਂ ਕੁਝ ਇਤਿਹਾਸਕ ਇਸਤਰੀ ਪਾਤਰਾਂ ਦਾ ਚਿਤਰਨ ਕੀਤਾ ਹੈ। ਇਹਨਾਂ ਪਾਵਨ ਪਵਿਤਰ ਸ਼ਖਸੀਅਤਾਂ ਬਾਰੇ ਲੇਖ ਅਸੀਂ ਲੜੀਵਾਰ ਪ੍ਰਕਾਸ਼ਤ ਕਰ ਰਹੇ ਹਾਂ।

— ਸੰਪਾਦਕ

ਮਾਤਾ ਜੀ ਦਾ ਜਨਮ ਪਿੰਡ ਥਰਾਜ ਪਿਤਾ ਖੁਸ਼ਹਾਲ ਸਿੰਘ ਤੇ ਮਾਤਾ ਭਾਗ-ਭਰੀ ਦੇ ਗ੍ਰਹਿ ਵਿਖੇ ੧੯੧੮ ਮਾਘ ਦੀ ਪੂਰਨਮਾਸ਼ੀ ਨੂੰ ਹੋਇਆ। ਮਾਤਾ ਜੀਊਣ ਕੌਰ ਆਪ ਜੀ ਦੀ ਵੱਡੀ ਭੈਣ ਸੀ। ਦੋਵੇਂ ਭੈਣਾਂ ਬਚਪਨ ਵਿਚ ਇਕੱਠੀਆਂ ਖੇਡਦੀਆਂ ਗੁਰਬਾਣੀ ਦਾ ਪਾਠ-ਕੰਠ ਕਰਦੀਆਂ ਤੇ ਆਪਣੇ ਪਿਤਾ ਜੀ ਦੀ ਦੇਖ-ਰੇਖ ਵਿਚ ਨਿਤਨੇਮ ਵਿਚ ਜੁੜੀਆਂ ਰਹਿੰਦੀਆਂ ਆਪਣੀ ਵਡੀ ਭੈਣ ਵਾਂਗ ਆਪ ਜੀ ਦਾ ਵਿਆਹ ਵੀ ਬਾਲਪਣ ਵਿਚ ਹੋ ਗਿਆ ਸੀ। ਪਰ ਜਦੋਂ ਇਹ ਦੋਵੇਂ ਭੈਣਾਂ ਆਪਣੇ ਪਿਤਾ ਖੁਸ਼ਹਾਲ ਸਿੰਘ ਨਾਲ ਸਤਿਗੁਰੂ ਜੀ ਦੇ ਦਰਸ਼ਨ ਕਰਨ ਗਈਆਂ, ਤਾਂ ਉਥੇ ਫਤਿਹ ਕੌਰ ਜੀ ਨੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਹ ਸ਼ਬਦ ਗਾਇਨ ਕੀਤਾ :



Sri Satguru Jagjit Singh Ji Elibrary NamdhariElibrary@gmail.com

ਤੁਧ ਧਿਆਇਨ ਬੇਦ ਕਤੇਬਾਂ ਸਣ ਖੜੇ ॥
ਗਣਤੀ ਗਣੀ ਨਾ ਜਾਇ ਕੇਤੇ ਦਰ ਪੜੇ ॥
ਬਰਮੇ ਤੁਧ ਧਿਆਇਣ ਇੰਦਰ ਇੰਦਾਸਣਾ।
ਸੰਕਰ ਬਿਸ਼ਨ ਅਵਤਾਰ ਹਰਿ ਜਸ ਭਾਖਣਾ।

ਸੱਚੇ ਪਾਤਸਾਹ ਜੀ ਨੇ ਅਪਾਰ ਖੁਸ਼ੀਆਂ ਬਖਸ਼ੀਆਂ ਤੇ ਕਿਹਾ, ਇਨ੍ਹਾਂ ਦੋਹਾਂ ਭੈਣਾਂ ਦਾ ਵਿਆਹ ਅਸੀਂ ਆਪ ਕਰਾਂਗੇ। ਪਹਿਲਾਂ ਵਿਆਹ ਅਪਰਵਾਨ ਕਰ ਦਿਤਾ। ਵੈਸਾਖ ੧੯੪੪ ਵਿਚ ਆਪ ਜੀ ਨੂੰ ਸਤਿਗੁਰੂ ਹਰੀ ਸਿੰਘ ਜੀ ਦੇ ਛੋਟੇ ਮਹਿਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਆਪਣੇ ਨਾਨਕੇ ਘਰ ਮਾਮਾ ਹਰਨਾਮ ਸਿੰਘ ਜੀ ਤੋਂ ਗੁਰਮੁਖੀ ਅੱਖਰ ਦਾ ਗਿਆਨ ਪ੍ਰਾਪਤ ਕਰਕੇ ਆਦਿ ਗ੍ਰੰਥ ਸਾਹਿਬ ਦਾ ਪਾਠ ਕਰਨ ਦਾ ਚਾਅ ਪੈਦਾ ਹੋ ਗਿਆ। ਤੇ ਇਸੇ ਕਰਕੇ ਸਾਰੀ ਉਮਰ ਆਪ ਜੀ ਸਵਾਸ-ਸਵਾਸ ਭਜਨ ਕਰਦੇ ਰਹਿੰਦੇ ਤੇ ਹਰ ਰੋਜ਼ ਪੰਜ ਬਾਣੀਆਂ ਦਾ ਪਾਠ ਕਰਦੇ। ਆਪ ਜੀ ਦੇ ਹਮੇਸ਼ਾਂ ਸਫੇਦ ਖੱਦਰ ਦਾ ਲੰਬਾ ਜਿਹਾ ਚੋਲਾ ਪਹਿਨਕੇ ਰਖਦੇ।

ਆਪ ਜੀ ਭੈਣੀ ਸਾਹਿਬ ਰਹਿੰਦੇ। ਆਪ ਜੀ ਨੇ ਇਕ ਸਪੁਤਰ ਜਿਸ ਦਾ ਨਾਂ ਜੰਗ ਸਿੰਘ ਜੀ ਨੂੰ ਜਨਮ ਦਿਤਾ। ਆਪ ਜੀ ਦੇ ਪਿਤਾ ਸੂਬਾ ਖੁਸ਼ਹਾਲ ਸਿੰਘ ਜੀ ਦਾ ਸਵਰਗਵਾਸ ਦਸ ਅੱਸੂ ੧੯੪੭ ਨੂੰ ਹੋਇਆ। ਆਪ ਜੀ ਨਜ਼ਰਬੰਦ ਕੀਤੇ ਹੋਏ ਸਨ। ਕਿਧਰੇ ਵੀ ਜਾਣ ਲਈ ਸਰਕਾਰ ਦੀ ਮਨਜ਼ੂਰੀ ਲੈਣੀ ਪੈਂਦੀ ਸੀ। ਆਪ ਜੀ ਨੂੰ ਅਤੇ ਆਪਣੀ ਵੱਡੀ ਭੈਣ ਜੀਊਣ ਕੌਰ ਜੀ ਨੂੰ ਸਰਕਾਰ ਨੇ ਆਪਣੇ ਪਿਤਾ ਜੀ ਦੇ ਘਰ ਜਾਣ ਦੀ ਪ੍ਰਵਾਨਗੀ ਨਾ ਦਿੱਤੀ। ਪਰ ਆਪ ਜੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਹੁਕਮ ਅਨੁਸਾਰ ਰੱਥ ਦੀ ਅਸਵਾਰੀ ਕਰਕੇ ਬੜਾ ਲੰਬਾ ਪੈਂਡਾ ਤਹਿ ਕਰਦੇ ਹੋਏ ਸ੍ਰੀ ਭੈਣੀ ਸਾਹਿਬ ਤੋਂ ਆਪਣੇ ਪਿਤਾ ਦੇ ਭੋਗ ਤੇ ਬਰਾਜ ਪਹੁੰਚੇ।



Sri Satguru Jagjit Singh Ji Elibrary NamdhariElibrary@gmail.com

ਆਪ ਜੀ ਦੇ ਪ੍ਰਯਤਨਾਂ ਕਰਕੇ ਸਰਹਿੰਦ ਵਿਚ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਤੇ ਸਥਾਨ ਤੇ ਮੇਲਾ ਆਰੰਭ ਕੀਤਾ। ਹੌਲੀ-ਹੌਲੀ ਫਿਰ ਮੇਲਾ ਸਿੱਖ ਪੰਥ ਦਾ ਤਿਉਹਾਰ ਹੀ ਬਣ ਗਿਆ। ਮਾਤਾ ਜੀ ਦੇਸ ਸੇਵਕ ਤੇ ਸਿੱਖ ਪੰਥ ਦੇ ਪਿਆਰੇ ਸਨ। ਮਾਤਾ ਜੀ ਕਾਂਗਰਸ ਦੇ ਮੈਂਬਰ ਵੀ ਸਨ। ਉਹਨਾਂ ਦੀ ਇਹ ਰੀਝ ਸੀ ਕਿ ਦੇਸ਼ ਤੇ ਕੌਮ ਦੀ ਤਰੱਕੀ ਹੋਵੇ ਤੇ ਉਹ ਉੱਨਤੀ ਦੇ ਪੱਥ ਦੇ ਅਗ੍ਰਸਰ ਹੋਵੇ। ਲਾਹੌਰ ਕਾਂਗਰਸ ਦੇ ਸੈਸ਼ਨ ਸਮੇਂ ਉਹ ਆਪਣੀ ਭੈਣ ਦੇ ਮੋਢੇ ਨਾਲ ਮੋਢੇ ਜੋੜਕੇ ਲੰਗਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ। ਭਾਰਤ ਸੁਤੰਤਰਤਾ ਲਹਿਰ ਵੀ ਮਾਤਾ ਜੀ ਦੀ ਸੋਚ ਦਾ ਇਕ ਬਿੰਦੂ ਬਣਿਆ ਰਹਿੰਦਾ। ਉਹ ਆਪਣੇ ਦੇਸ਼ ਨੂੰ ਹਮੇਸ਼ਾਂ ਸੁਤੰਤਰ ਵੇਖਣ ਦੇ ਇੱਛੁਕ ਸਨ।

ਹਰੇਕ ਦੇ ਨਾਲ ਹੀ ਆਪ ਜੀ ਪਿਆਰ ਕਰਦੇ। ਮੇਲਿਆਂ ਤੇ ਦੁੱਧ, ਘਿਉ, ਬਾਦਾਮ ਦੇ ਖੁਹਲੇ ਗਫੇ ਵਰਤਾਂਦੇ ਅਤੇ ਸੰਗਤਾਂ ਨੂੰ ਨਿਹਾਲ ਕਰਦੇ। ਆਪ ਜੀ ੧੯੮੯ ਤਿੰਨ ਫਗਨ ਦੀ ਰਾਤ ਇਕ ਵਜਕੇ ਗਿਆਰਾਂ ਮਿੰਟ ਤੇ ਸ੍ਰੀ ਭੈਣੀ ਸਾਹਿਬ ਵਿਖੇ ਸਰੀਰ ਦਾ ਤਿਆਗ ਕਰ ਦਿਤਾ ਤੇ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ।

ਨੋਟ :-ਉਪ੍ਰੋਕਤ ਲੇਖ ਬੀਬੀ ਬੇਅੰਤ ਕੌਰ ਜੀ ਦਾ ਅਸੀਂ ਬਤੌਰ ਉਦਾਹਰਣ, ਮੰਥਲੀ 'ਵਰਿਆਮ' ਵਿਚੋਂ ਲਿਆ ਹੈ। ਜਿਉਂ ਕਾ ਤਿਉਂ ਦਿੱਤਾ ਹੈ।

ਧੰਨਵਾਦ ਸਹਿਤ 'ਕੰਵਲ'



Sri Satguru Jagjit Singh Ji Elibrary NamdhariElibrary@gmail.com

ਸ੍ਰੀ ਸੰਤ ਧਿਆਨ ਸਿੰਘ 'ਡਾਕਟਰ' ਮਾਨ ਸਰੋਵਰ ਗਾਰਡਨ ਨਵੀਂ ਦਿਲੀ ਦੀ ਜ਼ੁਬਾਨੀ ਵਰਾਂ ਦੇ ਦਾਤੇ ਮਹਾਰਾਜ ਜੰਗ ਸਿੰਘ ਜੀ :

ਮੈਂ ਮਾਣ ਕਰਦਾ ਆਪਣੇ ਆਪ ਤੇ ਹੁਣ,
ਗੁਰੂ ਰਾਮ ਸਿੰਘ ਜੇਹਾ ਗੁਰੂ ਪਾਇਆ ਸੀ।
ਕਿਰਪਾ ਗੁਰੂ ਦੀ ਮੇਰਾ ਪ੍ਰੀਵਾਰ ਸਾਰਾ,
ਮੇਹਰ ਓਸਦੀ ਤੇ ਵਰੋਂ ਸਾਇਆ ਸੀ।
ਮੈਂ ਓਸ ਪ੍ਰੀਵਾਰ ਦਾ 'ਕੰਵਲ' ਖਿਲਿਆਂ,
ਚੀਨੀ ਵਾਲੜੇ ਨੂੰ ਜੇਹੜਾ ਭਾਇਆ ਸੀ।
ਸਦਾ ਹੁਕਮ ਦੀ ਪਾਲਣਾ ਰਹੇ ਕਰਦੇ,
ਚਿੱਤ ਹੋਰ ਨਾ ਕਿਤੇ ਡੁਲਾਇਆ ਸੀ।

ਸਾਡੇ ਵੱਡਿਆਂ ਨੇ ਧੌਕਲ ਦਾ ਟੱਲ ਲੇਹਣਾ :

ਕੂਕਾ ਪੰਥ ਨੇ ਜਦੋਂ ਐਲਾਨ ਕੀਤਾ,
ਮੜ੍ਹੀ, ਗੋਰ, ਮੜ੍ਹੱਲੀਆਂ ਢਾਹ ਦਿਓ ਜੀ।
ਮੇਰੇ ਵੱਡਿਆਂ ਹੁਕਮ ਤਾਮੀਲ ਕਰਕੇ,
ਟੱਲ ਧੌਂਕਲ ਦਾ ਜਾ ਕਿਹਾ ਲਾਹ ਦਿਓ ਜੀ।
ਲਿਆਕੇ ਡਸਕੇ ਠੱਠਿਆਰਾਂ ਨੂੰ ਆਖਓ ਸੂ,
ਇਸਨੂੰ ਢਾਲ਼ ਵਲਟੋਹਾਂ ਬਣਾ ਦਿਓ ਜੀ।
ਮਗਰੋਂ ਭੇਜ ਦਿੱਤਾ ਭੈਣੀ ਸਾਹਿਬ ਜੀ,
ਕਿਹਾਂ 'ਕੰਵਲ' ਵਿਚ ਦਾਲਾ ਧਰਾ ਦਿਓ ਜੀ।

ਹੁਣ ਤੀਕ ਵਲਟੋਹਾ ਭੈਣੀ ਸਾਹਿਬ ਹੈਸੀ,
ਦਾਲਾ ਲੰਗਰ ਦਾ ਵਿਚ ਪਕਾਂਵਦੇ ਹੈ।
ਏਹੁ ਯਾਦ ਹੈ ਸਾਡੇ ਵਡਿਕਿਆਂ ਸੀ,
ਸਦਾ ਸੰਗਤ ਨੂੰ ਲੰਗਰ ਛਕਾਂਵਦੇ ਹੈ।



Sri Satguru Jagjit Singh Ji Elibrary NamdhariElibrary@gmail.com

ਕਿਰਪਾ ਸਾਰੀ ਏਹੁ ਗੁਰੂ ਰਾਮ ਸਿੰਘ ਜੀ ਦੀ,
ਜਦੋਂ ਓਹੁ ਘਰ ਮੇਹਰਾਂ ਦੇ ਆਂਵਦੇ ਹੈ।
ਵਿਗੜੇ ਕੰਮ ਵੀ ਸੌਰਦੇ ਆਪ ਜਾਂਦੇ,
ਜਦ 'ਕੰਵਲ' ਹੋਰੀ ਝਾਤਿ ਪਾਂਵਦੇ ਹੈ।

**ਭਾਈ ਮੰਗਲ ਸਿੰਘ ਜੀ ਗੁਰੂ ਪ੍ਰਤਾਪ ਸਿੰਘ ਜੀ ਦਾ ਲਾਂਗਰੀ :**

ਉਥੇ ਸੇਵਕ ਨੇ ਸਾਡੇ ਪ੍ਰੀਵਾਰ ਵਿਚੋਂ,
ਮੰਗਲ ਸਿੰਘ ਦਾ ਨਾਮ ਮਸ਼ਹੂਰ ਭਾਈ।
ਰਿਹਾ ਲਾਂਗਰੀ ਸਿੰਘ ਪ੍ਰਤਾਪ ਗੁਰੂ ਦਾ,
ਸੇਵਾ ਕੀਤੀ ਸੀ ਨਾਲ ਦਸਤੂਰ ਭਾਈ।
ਭਾਈ ਲਾਲੋ ਦਾ ਓਹਨੂੰ ਖਤਾਬ ਮਿਲਿਆ,
ਗੁਰੂ ਪ੍ਰਤਾਪ ਸਿੰਘ ਦਿੱਤਾ ਹਜ਼ੂਰ ਭਾਈ।
ਭੋਲੀ ਸੂਰਤ ਤੇ ਮਿੱਠੀ ਜ਼ੁਬਾਨ ਵਾਲਾ,
ਨਾਮ ਜੱਪਣ ਵਿਚ 'ਕੰਵਲ' ਭਰਪੂਰ ਭਾਈ।

ਗੁਰੂ ਪ੍ਰਤਾਪ ਸਿੰਘ ਜੀ ਦੇ ਸੁਰਗਵਾਸ ਪਿਛੋਂ,
ਡੇਰਾ ਹੁਣ ਹੁਸ਼ਿਆਰ ਪੁਰ ਲਾਇਆ ਹੈ।
ਭਾਵੇ ਜ਼ੋਰ ਬੁਢੇਪੇ ਨੇ ਪਾਲਿਆ ਹੈ,
ਰੰਗਣ ਨਾਮਦੀ ਦਾ ਉਸਤੇ ਸਾਇਆ ਹੈ।
ਕਿਰਆ ਆਪਣੀ ਸੋਧਣ ਦਾ ਬਲ ਉਸ ਵਿਚ,
ਗੁਰ ਪ੍ਰਤਾਪ ਸਿੰਘ ਜੀ ਤੋਂ ਉਸ ਪਾਇਆ ਹੈ।
ਮੈਂ, 'ਕੰਵਲ' ਨੇ ਭੀ ਉਸਦੇ ਦਰਸ਼ਣ ਕੀਤੇ,
ਮਾਨੋ ਰੂਪ ਭਗਵਾਨ ਵਟਾਇਆ ਹੈ।

**ਸਾਡੇ ਦੂਜੇ ਪ੍ਰੀਵਾਰ ਵਿਚੋਂ :**

ਭਾਈ ਗੋਪਾਲ ਸਿੰਘ ਦੂਜੇ ਪ੍ਰੀਵਾਰ ਵਿਚੋਂ,
ਕਰਦੇ ਗੁਰੂ ਸੇਵਾ ਹੋ ਹੁਸ਼ਿਆਰ ਭਾਈ।



Sri Satguru Jagjit Singh Ji Elibrary NamdhariElibrary@gmail.com

ਸੁਰਸੱਤੀ ਗਾਰਡਨ ਵਿਚ ਹੁਣ ਵਸਦੇ ਨੇ,
ਨਵੀਂ ਦਿੱਲੀ ਦੇ ਵਿਚ ਸ਼ੁਮਾਰ ਭਾਈ।
ਮਹਾਰਾਜ ਜੰਗ ਸਿੰਘ ਜੀ ਨਾਲ ਪਿਆਰ ਚੰਗਾ,
ਮੇਹਰ ਏਹਨਾ ਤੇ ਰਹੇ ਹਰਿ ਵਾਰ ਭਾਈ।
ਮੁਰਾਦਾਂ ਮੰਗੀਆਂ 'ਕੰਵਲ' ਨੂੰ ਮਿਲਦੀਆਂ ਸੀ,
ਹੋਣਾ ਪੈਂਦਾ ਨਾ ਕਿਤੇ ਖੁਆਰ ਭਾਈ।

**ਚਾਚੇ ਜੀਉਣ ਸਿੰਘ ਦਾ ਹਾਲ :**

ਬਜ਼ੁਰਗਾਂ ਵਿਚੋਂ ਸਾਡੇ ਚਾਚਾ ਜੀਉਣ ਸਿੰਘ ਜੀ,
ਨਾਮ ਧਾਰੀਆਂ ਨਾਲ ਪਿਆਰ ਭਾਈ।
ਹਰ ਸਾਲ ਓ ਪਾਠ ਅਖੰਡ ਕਰਦੇ,
ਮੇਲਾ ਕਰਨ ਨੂੰ ਰਹਿਣ ਤਿਆਰ ਭਾਈ।
ਹਜ਼ੂਰੀ ਆਣਕੇ ਗੁਰੂ ਪ੍ਰਤਾਪ ਸਿੰਘ ਦੀ,
ਓਥੇ ਕਰਦੇ ਸਭ ਕਾਰ ਵਿਹਾਰ ਭਾਈ।
'ਕੰਵਲ' ਸਿਲਸਿਲਾ ਪਿੰਡ ਗਲੋਟੀਆਂ ਤੋਂ,
ਤਸੀਲ ਡਸਕਾਂ ਤੋਂ ਭਲੀ ਪ੍ਰਕਾਰ ਭਾਈ।

ਆ ਕੇ ਯੂਸਫ ਸਰਾਇ ਨਵੀਂ ਦਿਲੀ,
ਜਾਰੀ ਰੱਖਿਆ ਸਿਦਕ ਨਿਭਾਇਆ ਸੀ।
ਬੜੀ ਸ਼ਰਧਾ ਸੀ ਮ, ਜੰਗ ਸਿੰਘ ਜੀਤੇ,
ਗਲੋਟੀ ਕਈ ਵਾਰੀ ਘਰ ਆਇਆ ਸੀ।
ਮਹਾਰਾਜ ਜੀ ਜਦੋਂ ਦਿੱਲੀ ਆਂਵਦੇ ਸਨ,
ਗਿਆਨ ਸਿੰਘ ਘਰ ਡੇਰਾ ਲਾਇਆ ਸੀ।
ਓਥੋਂ ਚਰਨ ਪੌਂਦੇ ਘਰੀ ਸੇਵਕਾਂ ਦੇ,
ਨਾਮ ਦਾਨ ਦੇਇ 'ਕੰਵਲ' ਰੀਝਾਇਆ ਸੀ।



Sri Satguru Jagjit Singh Ji Elibrary NamdhariElibrary@gmail.com

**ਸਤ ਬਲਦੇਵ ਸਿੰਘ ਜੀ ਆਪਣੀ ਟੈਕਸੀ ਤੇ ਰੋਜ਼ ਲੈ ਕੇ ਜਾਂਦਾ :**

ਬਲਦੇਵ ਸਿੰਘ ਜੀ ਆਪਣੀ ਟੈਕਸੀ ਤੇ,
ਮਹਾਰਾਜ ਨੂੰ ਰੋਜ਼ ਲਿਜਾਂਵਦਾ ਸੀ।
ਸ਼ਰਧਾ ਵਾਨ ਘਰੀ ਸਿੱਖਾਂ ਸਾਰਿਆਂ ਦੇ,
ਏਦਾਂ ਰੋਜ਼ ਓਹ ਚਰਨ ਪੁਵਾਵਦਾ ਸੀ।
ਉਨੀ ਸੌ ਛਿਪੰਜਾ ਦੀ ਗੱਲ ਹੈ ਏਹ,
ਜਦ ਦਿੱਲੀ ਮਹਾਰਾਜ ਜੀ ਆਂਵਦਾ ਸੀ।
ਬਾਬਾ ਜੀਉਣ ਸਿੰਘ ਦੇ ਘਰ ਚਰਨ ਪਾਏ,
'ਕੰਵਲ' ਜਲ ਪਾਣੀ ਦੀ ਸੇਵ ਕੁਮਾਵਦਾ ਸੀ।

**ਬਾਬਾ ਜੀਉਣ ਸਿੰਘ ਨੇ ਪੋਤ੍ਰੇ ਦੀ ਦਾਤ ਮੰਗਣੀ :**

ਜੋੜ ਹੱਥ ਖਲੋ ਗਿਆ ਮਹਾਰਾਜ ਅਗੇ,
ਨਾਲ ਨਿੰਮ੍ਰਤਾਂ ਅਰਜ਼ ਗੁਜ਼ਾਰੀਆਂ ਜੀ।
ਮੇਰੇ ਵਡੇ ਪੁੱਤ੍ਰ ਘਰ ਲੜਕੀਆਂ ਹਨ,
ਦਾਤ ਪੁੱਤ੍ਰ ਲਈ ਬਿਨੈ ਉਚਾਰੀਆਂ ਜੀ।
ਮਹਾਰਾਜ ਪ੍ਰਸੰਨਤਾ ਨਾਲ ਕਹਿੰਦੇ,
ਹੁਣ ਹੋਊ ਪੁੱਤ੍ਰ ਵਾਰੀ ਵਾਰੀਆਂ ਜੀ।
'ਕੰਵਲ' ਭਰ ਗਿਆ ਘਰੁ ਖੁਸ਼ੀਆਂ ਨਾਲ ਓਦੋਂ,
ਜਦੋਂ ਬਾਲਕ ਨੇ ਜਨਮ ਧਾਰੀਆਂ ਜੀ।

ਅੱਜ ਓਹ ਲੜਕਾ ਦੇਵਿੰਦ੍ਰ ਸਿੰਘ ਨਾਮ ਉਸਦਾ,
ਬੱਚਿਆਂ ਨਾਲ ਸੀ ਭਰੇ ਪ੍ਰੀਵਾਰ ਰਹਿੰਦਾ।
ਯੂਸਫ ਸਰਾਂ ਤੋਂ ਹੁਣ ਰੁਮੇਸ਼ ਨਗਰ ਆਯਾ,
ਫੈਕਟਰੀ ਕੀਰਤੀ ਨਗਰ ਸੰਭਾਲ ਰਹਿੰਦਾ।



Sri Satguru Jagjit Singh Ji Elibrary NamdhariElibrary@gmail.com

ਏਹ ਮੇਹਰ ਮਹਾਰਾਜ ਜੰਗ ਸਿੰਘ ਜੀ ਦੀ,
ਦਾਤੇ ਵਰਾਂ ਦੇ ਨੂੰ ਸਦਾ ਖਿਆਲ ਰਹਿੰਦਾ।
'ਕੰਵਲ' ਤਨੋਂ, ਮਨੋਂ, ਜੋ ਗੁਰੂ ਦਾ ਹੋ ਜਾਂਦਾ,
ਧਨ, ਧਾਮ ਨਾਲ ਸਦਾ ਮਾਲੋ ਮਾਲ ਰਹਿੰਦਾ।

**ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੁਕਮ :**

## ਜ਼ੁਬਾਨੀ ਸ੍ਰ: ਤਾਰਾ ਸਿੰਘ ਟਿੱਬੀ ਵਾਲੇ ਦੀ

ਸੰਮਤ ੧੯੪੮–੪੯ ਵਿਚ ਸਹੇਵਾ ਸਾਹਿਬ ਵਿਖੇ ੧੦੧ ਅਖੰਡ ਪਾਠ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਿਗਰਾਨੀ ਹੇਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਮਿੱਤ ਕਰਵਾਏ ਗਏ ਸਨ। ਓਥੇ ਸਾਧ ਸੰਗਤ ਵਿਚ ਵਚਨ ਕਰਦਿਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਿਹਾ ਸੀ ਕਿ ਜੋ ਸਿੱਖ ਨਾਮਧਾਰੀ ਅੰਮ੍ਰਿਤ ਵੇਲੇ ਸਣੇ 'ਕੇਸ਼ੀ' ਇਸ਼ਨਾਨ ਕਰਕੇ ਆਪਣੇ ਨਿੱਤ ਨੇਮ ਤੋਂ ਬਾਦ ਅਰਦਾਸੇ ਵਿਚ ਦੋਹਾਂ ਮਾਤਾ ਜੀਆਂ (ਮਾਤਾ ਜੀਵਨ ਕੌਰ, ਤੇ ਮਾਤਾ ਫਤਹ ਕੌਰ) ਦਾ ਨਾਮ ਲੈ ਕੇ ਅਰਦਾਸ ਸੋਧੇਗਾਂ, ਓਹ ਚੌਰਾਸੀ ਦੇ ਗੇੜ ਵਿਚ ਨਹੀਂ ਆਵੇਗਾ, ਓਹ ਸਦਾ ਲਈ ਮੁਕਤਿ ਹੋ ਜਾਵੇਗਾ।

ਤੇਰੀ ਮੇਹਰ ਤੂੰ ਬੇਅੰਤ ਹੈ।

**ਮਹਾਰਾਜ ਜੰਗ ਸਿੰਘ ਜੀ ਦਾ ਹਰਿਦੁਆਰ ਸੂਰਜ-ਗ੍ਰਹਿਣ ਤੇ ਜਾਣਾ :**

ਸੰਮਤ ਉਨੀ ਸੌ ਛਪੰਜਾਜੂਨ-ਜੁਲਾਈ ਹੈ ਸੀ,
ਮਹਾਰਾਜ ਜੰਗ ਸਿੰਘ ਜੀ ਦਿੱਲੀ ਆਏ ਹੋਏ ਸਨ।
ਮੇਰੇ ਚਿੱਤ ਵਿਚ ਸੀ ਫੁਰਨਾ ਇਹ ਫੁਰਿਆ;
ਪੁਤ੍ਰ ਮੇਲਾ ਸਿੰਘ ਮਾਮੇਂ ਦਾ ਬੀਮਾਰ ਹੋਏ ਹੋਏ ਸਨ।



Sri Satguru Jagjit Singh Ji Elibrary NamdhariElibrary@gmail.com

ਨਾਮ ਓਸ ਦਾ ਵੀ ਗਿਆਨ ਸਿੰਘ ਹੈ ਸੀ,
ਵਿਚ ਜਗਾਧਰੀ ਦੇ ਉਹ ਵਸੇ ਹੋਏ ਸਨ।
ਜੋ ਕਿਰਪਾ ਮਹਾਰਾਜ ਜੀ ਕਰਨ ਉਸ ਤੇ,
ਬਾਹਰੋਂ ਇਲਾਜ ਕਰਵਾ 'ਕੰਵਲ' ਥੱਕੇ ਹੋਏ ਸਨ।

ਮੈਂ ਇਨ੍ਹਾਂ ਵਿਚਾਰਾਂ ਵਿਚ ਰੁੱਝਿਆ ਸਾਂ,
ਮਹਾਰਾਜ ਗੰਗਾ ਜਾਣ ਦਾ ਮਨ ਬਣਾ ਲਿਆ ਸੀ।
'ਕੰਵਲ' ਹੋਰ ਸਿੱਖ ਵੀ ਨਾਲ ਤਿਆਰ ਹੋ ਗਏ,
ਹੁਕਮ ਮੈਨੂੰ ਵੀ ਜਾਣ ਦਾ ਲਾ ਲਿਆ ਸੀ।

ਜਗਤ ਸਿੰਘ ਨਾਰੋ, ਬਲਦੇਵ ਸਿੰਘ ਟੇਕਸੀ ਦਾ,
ਭੈਣ ਗੁਰਦਿਆਲੋ ਵੀ ਨਾਲ ਤਿਆਰ ਹੋ ਗਈ।
ਮੈਂ ਬੀ ਜਾਣ ਲਈ ਤਿਆਰ ਹੋਇਆ,
(ਪਰ) ਭਾਈਆਂ ਮੇਰੇ ਨਾਲ ਤਕਰਾਰ ਹੋ ਗਈ।
ਕਹਿੰਦੇ ਤੇਰੇ ਜਾਣ ਪਿਛੋਂ ਕੰਮ ਬੰਦ ਹੋ ਜਾਊ,
'ਕੰਵਲ' ਕੰਮ ਤਾਂ ਸਾਡੀ ਰੁਜ਼ਗਾਰ ਹੋ ਗਈ।
ਏਦਾਂ ਫਿਰਦਿਆਂ ਕੰਮ ਨਹੀਂ ਮੂਲ ਮਿਲਦੇ,
ਬਿਨਾਂ ਕੰਮਾਂ ਤੋਂ ਵੇਹਲ ਸਰਕਾਰ ਹੋ ਗਈ।

**ਮਹਾਰਾਜ ਜੀ ਬਚਨ ਕਰਨਾ :**

ਮਹਾਰਾਜ ਕਹਿੰਦੇ ਕੰਮ ਹੋਰ ਮਿਲ ਜਾਊ,
ਸਤਿਪੁਰਖ ਇਹੁ ਬਚਨ ਉਚਾਰਿਆ ਸੀ।
ਮੈਂ ਰੁੱਕਿਆ ਨਾ ਭਾਈਆਂ ਕਹਿਣ ਤੇ ਵੀ,
ਨਾਲ ਜਾਣ ਦਾ ਹੰਭਲਾ ਮਾਰਿਆ ਸੀ।



Sri Satguru Jagjit Singh Ji Elibrary NamdhariElibrary@gmail.com

**ਪਿੰਡ ਰਸੌਲੀ ਸੰਤ ਹਜ਼ਾਰਾ ਸਿੰਘ ਦੇ ਘਰ ਪਹੁੰਚਣਾ :**

ਰਾਤ ਸਿੰਘ ਹਜ਼ਾਰਾ ਦੇ ਘਰ ਕੱਟੀ,
ਅਗਲੇ ਰੋਜ ਸਵੇਰੇ ਹਰਿਦੁਆਰ ਪਹੁੰਚੇ।
ਓਥੇ ਕਰ ਇਸ਼ਨਾਨ ਰਿਖੀ-ਕੇਸ ਪੁੱਜੇ,
ਦਰਸ਼ਨ ਕਰ ਰੁੜਕੀ ਮੁੜਿ ਆਣ ਪਹੁੰਚੇ।
ਏਥੇ ਨਾਮਧਾਰੀ ਸਿੰਘ ਘਰ ਆਣ ਠਹਿਰੇ,
ਲੰਗਰ ਪਾਣੀ ਦਾ ਕਰ ਇੰਤਜ਼ਾਮ ਪਹੁੰਚੇ।
'ਕੰਵਲ' ਸੇਵਾ ਪਰਿਵਾਰ ਇਸ ਰੱਜ ਕੀਤੀ,
ਮਹਾਰਾਜ ਨੂੰ ਅਰਜ਼-ਗੁਜ਼ਾਰ ਪਹੁੰਚੇ।
ਕਹਿੰਦੇ ਦੋ ਛਿਨ ਹੋਰ ਬਿਸਰਾਮ ਕਰ ਲਉ,
ਇਹ ਬੇਨਤੀ ਅਸਾਂ ਦੀ ਮੰਨਣੀ ਜੀ।
ਮਹਾਰਾਜ ਆਖਿਆ ਅਸਾਂ ਹੈ ਬਚਨ ਦਿੱਤਾ,
ਇਹੋ ਸੁਗੰਧ ਨਾ 'ਕੰਵਲ' ਨੇ ਭੰਨਣੀ ਜੀ।

ਫਿਰ ਆਵਾਂਗੇ ਕਹਿ ਓਥੋਂ ਚਾਲੇ ਪਾਏ,
ਛੇ-ਵਜੇ ਸ਼ਾਮ ਅਬਿਦੁੱਲਾ-ਪੁਰੀ ਆ ਗਏ ਨੇ।
ਜਦ ਨਹਿਰ ਦੇ ਪੁਲ ਕੋਲ ਜਾ ਪਹੁੰਚੇ,
ਨਾਮਧਾਰੀ ਸ਼ਬਦ ਪੜ੍ਹਦੇ ਆ ਗਏ ਨੇ।
ਪਹੁੰਚੇ ਸੰਗਤ ਸੁਮੇਤ ਘਰ ਗਹਿਣਾ ਸਿੰਘ ਦੇ,
ਲੰਗਰ ਸ਼ਾਮ ਦਾ ਓਥੇ ਬਣਾ ਗਏ ਨੇ।
ਦੀਵਾਨ ਰਾਤ ਦੇ ਸ਼ਬਦ ਘਨਘੋਰ ਮੱਚ ਗਈ;
ਮਾਨੋਂ ਭੌਰੇ 'ਕੰਵਲ' ਤੇ ਪੰਖ ਫੈਲਾ ਗਏ ਨੇ।

**ਸੰਤ ਗਿਆਨ ਸਿੰਘ ਜੀ ਨੇ ਆਪਣੇ ਮਾਮੇ ਘਰ ਜਾਣਾ :**

ਸੂਬ੍ਹਾ ਗਿਆ ਜਗਾਧਰੀ ਘਰ ਮਾਮਿਆਂ ਦੇ,
ਖਬਰ ਸਾਰਿਆਂ ਦਿੱਤੀ ਸੁਣਾਏ ਕੇ ਤੇ।



Sri Satguru Jagjit Singh Ji Elibrary NamdhariElibrary@gmail.com

ਮਹਾਰਾਜ ਜੰਗ ਸਿੰਘ ਜੀ ਏਥੇ ਆ ਗਏ ਨੇ,
ਦਰਸ਼ਨ ਕਰ ਲਵੋ ਓਥੇ ਜਾਏ ਕੇ ਤੇ।
ਚਰਨ ਪੁਆ, ਕਰ ਲਉ ਘਰ ਪਵਿੱਤ੍ਰ ਆਪਣਾ,
ਦਿਲੋਂ ਈਰਖਾ, ਦੂਈ ਗਵਾਏ ਕੇ ਤੇ।
'ਕੰਵਲ' ਮੈਲਾ ਕਪੜਾ ਤਾਹੀਓਂ ਸਾਫ ਹੋਵੇ,
ਜਦ ਧੋਵੋਗੇ ਸਾਬਣ ਲਗਾਏ ਕੇ ਤੇ।
ਮੈਂ ਖਬਰ ਦੇ ਅਬਦੁੱਲਾ-ਪੁਰੀ ਆ ਪਹੁੰਚਾ,
ਮਹਾਰਾਜ ਅੰਬਾ ਦੇ ਬਾਗ ਵਿਚ ਬੈਠੇ ਹੋਏ ਸਨ।
ਤਿੰਨ ਵਜੇ ਸੰਗਤ ਜਗਾਧਰੀ ਆਣ ਪਹੁੰਚੀ,
ਸਿੱਖ ਸੰਗਤ ਹੋਰ ਬੀ ਅਗੇ ਬੈਠੇ ਹੋਏ ਸਨ।

ਮੈਂ ਅਰਜ ਕੀਤੀ ਮਹਾਰਾਜ ਜੀ ਨੂੰ,
ਪੁਤ ਮਾਮੇ ਦਾ ਗਿਆਨ ਸਿੰਘ ਬੀਮਾਰ ਹੈ ਹੁਣ।
ਕੋਈ ਵੈਦ ਡਾਕਟਰ ਓਹਨੀ ਛੱਡਿਆ ਨਹੀਂ,
ਦਰ ਆਪਣੇ ਕੀਤੀ ਪੁਕਾਰ ਹੈ ਹੁਣ।
ਕਰੋ ਮੇਹਰ ਅਪਣੀ ਬਖਸ਼ਣਹਾਰ ਹੋ ਤੁਮ,
ਜਿਵੇਂ ਕਹੋ ਉਹ ਕਰਨ ਤਿਆਰ ਹੈ ਹੁਣ।
ਹੱਥ ਬੰਨ੍ਹ ਮੈਂ ਅਰਜ਼ ਤਿੰਨ ਵਾਰ ਕੀਤੀ,
'ਕੰਵਲ' ਅੱਛਾ ਵਈ ਚਲ ਤਿਆਰ ਹੈਂ ਹੁਣ।

ਅਸੀਂ ਦੁਖੀਆਂ ਦੇ ਦੁਖ ਮਿਟਾਉਣ ਦੇ ਲਈ,
ਜਨਮ ਦੇਸ ਸੰਸਾਰ ਤੇ ਧਾਰਿਆ ਹੈ।
ਕਈ ਕਸ਼ਟ ਸਰੀਰ ਤੇ ਝੱਲਦੇ ਹਾਂ,
ਦੁਖੀ 'ਕੰਵਲ' ਨੇ ਸਾਨੂੰ ਪੁਕਾਰਿਆ ਹੈ।



Sri Satguru Jagjit Singh Ji Elibrary NamdhariElibrary@gmail.com

ਦੁਖੀ ਮਾਂ ਬਚਾਉਣ ਲਈ ਬੱਚਿਆਂ ਨੂੰ;
ਸੌ ਸੌ ਵਾਰ ਰੁਪਈਆ ਸਿਰ ਤੇ ਵਾਰ ਦੀਏ।
ਆ ਕੇ ਸਾਡੇ ਅਗੇ ਮੱਥਾ ਟੇਕ ਦੇਂਦੀ,
ਦੁਖ ਸਾਨੂੰ ਸੁਖ ਉਹ ਸਵਾਰਦੀ ਏ।
ਅਸੀਂ ਤਾਂ ਭਲਾ ਗਰੀਬਾਂ ਦਾ ਮੰਗਦੇ ਹਾਂ,
ਕਰੀਏ ਗੱਲ ਸਦਾ ਪਰ-ਉਪਕਾਰਦੀ ਏ।
ਚਲ ਵਈ ਗਿਆਨ ਸਿੰਘਾ ਜਿਵੇਂ ਰਜ਼ਾ ਤੇਰੀ,
ਓਥੇ ਚੋਰ ਦੀ ਚੋਰੀ ਪੁਕਾਰਦੀ ਏ।

ਬਾਗ ਅੰਬਾਂ ਚੋਂ ਉਠ ਸਾਢੇ ਚਾਰ ਵਜੇ,
ਗਿਆਨੀ ਤੇਜਾ ਸਿੰਘ ਘਰ ਚਰਨ ਪਾਂਵਦੇ ਸਨ।
ਫੇਰ ਸਿੰਘ ਮੱਲਾ ਘਰ ਪਹੁੰਚਦੇ ਨੇ,
ਡੇਰਾ ਆਸਨ ਤੇ 'ਕੰਵਲ' ਜਮਾਂਵਦੇ ਸਨ।

ਮਾਈ ਭਾਈ ਆ ਕੇ ਮੱਥਾ ਟੇਕਦੇ ਨੇ,
ਅਸੀਸਾਂ ਦੇ ਗੁਰੂ ਜੀ ਸਭ ਨੂੰ ਤਾਰਦੇ ਨੇ।
ਨਜ਼ਰ ਕਰ ਉੱਚੀ ਮੁਖੋਂ ਬਚਨ ਕੀਤਾ,
ਓਹ ਕੋਨੇ ਵਿਚ ਕੀ ਹੈ ਪੁਕਾਰਦੇ ਨੇ।
ਚੋਰ ਪਕੜਿਆ ਗਿਆ ਗਿਆਨ ਸਿੰਘਾ;
ਕੁੱਕੜ ਵਿਚ ਖੁੱਡੇ ਓਹ ਤਾੜਦੇ ਨੇ।
ਮਹਾਰਾਜ ਆਖਿਆ ਏਹ ਨੇ ਮਾਸ ਖਾਏ,
ਤੁਸੀਂ ਵੈਸ਼ਨੂੰ ਪੁਤ੍ਰ ਉਚਾਰਦੇ ਨੇ।

ਮੈਂ ਅਰਜ਼ ਕੀਤੀ ਹੱਥ ਜੋੜ ਅਗੇ,
ਕਿਰਪਾ ਕਰੋ ਇਸ ਤੇ ਭੁੱਲ ਮਾਫ ਕਰਕੇ।



Sri Satguru Jagjit Singh Ji Elibrary NamdhariElibrary@gmail.com

ਮੈਂ ਮਾਮੇ ਦੇ ਪੁਤ ਨੂੰ ਕਿਹਾ ਦੋਨੋਂ,
ਛੱਡੋ ਕੁੱਕੜ ਏਥੋਂ ਨੀਯਤ ਸਾਫ ਕਰਕੇ।

ਓਸ ਕਿਹਾ ਹੌਲੀ ਹੌਲੀ ਛੱਡ ਦਿਊ,
ਮਹਾਰਾਜ ਉਠ ਬਾਹਰ ਝੱਬ ਆ ਗਏ ਸੀ।
ਮੈਂ ਮਿੰਨਤਾਂ ਕੀਤੀਆਂ ਬਖਸ਼ ਲਉ ਹੁਣ,
ਬਖਸ਼ਣਹਾਰ ਤੁਸੀਂ ਧੁਰੋਂ ਆ ਗਏ ਸੀ।
ਮਹਾਰਾਜ ਕਿਹਾ ਜੇ ਕੁੱਕੜ ਹੁਣੇ ਛੱਡ ਦੇਂਦਾ,
ਤਾਂ ਆਰਾਮ ਵੀ ਹੁਣੇ ਏ ਪਾ ਗਏ ਸੀ।
ਇਨ੍ਹਾਂ ਕਿਹਾ ਹੌਲੀ ਹੌਲੀ ਛੱਡਣੇ ਹਨ,
ਅਰਾਮ ਵੀ ਹੌਲੀ ਹੌਲੀ ਪਾ ਗਏ ਸੀ।

**ਇਥੋਂ ਉਠਣ ਤੇ ਕਈਆਂ ਸਿੰਘਾਂ ਨੇ ਘਰੀ ਚਰਨ ਪੁਆਏ :**

ਹੋਰ ਸਿੰਘਾ ਨੇ ਆਪਣੇ ਘਰਾਂ ਦੇ ਵਿਚ,
ਮਹਾਰਾਜ ਦੇ ਚਰਨ ਪਰਸਾਏ ਭਾਈ।
ਵਿਸ਼ਕਰਮਾ ਕਾਲੋਨੀ ਕਿਸ਼ਨ ਸਿੰਘ ਹਜਾਰਾ ਸਿੰਘ ਨੇ,
ਕਰਮ ਸਿੰਘ ਨੇ ਚਰਨ ਪੁਆਏ ਭਾਈ।

ਤਿੰਨ ਦਿਨ ਦੀਵਾਨ ਦੀ ਰਹੀ ਰੌਣਕ,
ਮਹਾਰਾਜ ਖੁਸ਼ੀਆਂ ਸਭ ਨੂੰ ਦਿੱਤੀਆਂ ਸੀ।
ਓਥੋਂ ਉਠ ਰਸੇਂਣਾ ਫਿਰ ਆ ਗਏ ਸੀ,
ਅਰਜ਼ਾਂ ਮੈਂ ਗਿਆਨ ਸਿੰਘ ਕੀਤੀਆਂ ਸੀ।
ਮੈਨੂੰ ਛੁੱਟੀ ਬਖਸ਼ੋ ਘਰ ਜਾਵਣੇ ਦੀ ਹੁਣ,
ਕਿਹਾ ਪਰਸੋਂ, (ਪਰ) ਮਿੰਨਤਾਂ ਫਿਰ ਮੈਂ ਕੀਤੀਆਂ ਸੀ।
ਆਖਿਆ ਚੰਗਾ ਜਾਹ, ਤੇਰੀ ਮਰਜ਼ੀ,
ਅਗੋਂ ਦਸਾਂ ਜੋ 'ਕੰਵਲ' ਨਾਲ ਬੀਤੀਆਂ ਸੀ।



Sri Satguru Jagjit Singh Ji Elibrary NamdhariElibrary@gmail.com

ਆਪ ਆਖਿਆ ਪਰਸੋਂ ਅਸੀਂ ਚਾਰ ਵਜੇ,
ਸ਼ਾਮ ਪਹੁੰਚਾਂਗੇ ਦਿੱਲੀ ਆਏ ਕੇ ਜੀ।
ਸਾਧ ਸੰਗਤ ਨੂੰ ਫਤੇ ਬੁਲਾਦਿ ਦੇਣੀ,
ਹੱਥ ਬੰਨ੍ਹ ਕੇ ਅਰਜ਼ ਸੁਣਾਦਿ ਕੇ ਜੀ।

**ਮੇਰੇ ਸਫਰ ਦਾ ਹਾਲ :**

ਮੈਂ ਤੁਰਿਆਂ ਓਥੋਂ ਸ਼ਾਮ ਦੇ ਤਿੰਨ ਵਜੇ;
ਮੁਜਫਰ ਨਗਰ ਭਾਨ ਸਿੰਘ ਜੀ ਦੇ ਘਰ ਆਇਆ ਸੀ।
ਓਥੋਂ ਛੱਕ ਲੰਗਰ ਛੇਤੀ ਟੁਰ ਪਿਆ ਮੈਂ,
ਫੁਰਤੀ ਨਾਲ ਸਟੇਸ਼ਨ ਤੇ ਆਇਆ ਸੀ।
ਆ ਕੇ ਪਤਾ ਕੀਤਾ ਗੱਡੀ ਨਿਕਲ ਗਈ ਸੀ,
ਛੇ ਵਜੇ ਦਾ ਸਮੇਂ ਬਤਾਇਆ ਸੀ।
ਦੂਜੀ ਗੱਡੀ ਸੁਵੇਰ ਨੂੰ ਜਾਏਗੀ ਜੀ,
ਫਿਰ ਮੈਂ ਬੱਸ-ਅੱਡੇ ਚਲ ਆਇਆ ਸੀ।

ਓਥੋਂ ਆਖਰੀ ਬੱਸ ਵੀ ਨਿਕਲ ਗਈ ਸੀ,
ਮੈਂ ਮਾਯੂਸ ਹੋ ਕੇ ਵਾਪਸ ਮੁੜਿ ਆਇਆ।
ਦੋ ਸੌ ਕਦਮ ਜਦ ਮੈਂ ਪਿਛਾਂਹ ਮੁੜਿ ਆਇਆ,
ਤੇਜ਼ ਦੌੜਦਾ ਟਰੱਕ ਮੇਰੇ ਪਾਸ ਆਇਆ।
ਮੇਰੀ ਦੇਖ ਮਾਯੂਸੀ ਉਹ ਪੁਛਦਾ ਹੈ,
ਐਸਾ ਮੂਡ ਕਿਉਂ ਬੁਰਾ ਬਣਾਇਆ।
ਮੈਂ ਕਿਹਾ ਕਿਵੇਂ ਪਛਾਣਿਆਂ ਮੂਡ ਮੇਰਾ ?
ਮੂਹ ਤੇਰੇ ਦਾ ਪਿਆ ਮੈਨੂੰ ਸਾਇਆ।

ਮੈਂ ਆਖਿਆ ਗੱਲ ਤੂੰ ਠੀਕ ਆਖੀ;
ਦਿੱਲੀ ਜਾਣ ਲਈ ਮੈਂ ਏਥੇ ਆਇਆ ਸੀ।



Sri Satguru Jagjit Singh Ji Elibrary NamdhariElibrary@gmail.com

ਬੱਸ ਗੱਡੀਓਂ 'ਕੰਵਲ' ਮਜਬੂਰ ਹੋਇਆ,
ਇਸ ਲਈ ਮੈਂ ਕਦਮ ਪਿਛੇ ਪਰਤਾਇਆ ਸੀ।

ਸੁਣ ਕੇ ਗੱਲ ਮੇਰੀ ਡਰਾਈਵਰ ਆਖਿਆ ਸੀ,
ਚਲੋ ਅਸੀਂ ਬੀ ਦਿੱਲੀ ਨੂੰ ਜਾਵਣਾ ਈ।
ਓਹਨਾਂ ਨਾਲ ਮੈਂ ਬੈਠ ਕੇ ਦਿੱਲੀ ਪਹੁੰਚਾ,
ਸ਼ੁਕਰ ਓਸ ਦਾ ਪਿਆ ਵਜਾਵਣਾ ਈ।
ਘਰ ਇਸ਼ਨਾਨ ਕਰਕੇ ਕੀਤਾ ਨਾਸ਼ਤਾ ਮੈਂ,
ਇਰਾਦਾ ਚਾਂਦਨੀ ਚੌਕ ਨੂੰ ਧਾਵਣਾ ਈ।
ਓਥੇ ਕੰਮ ਲਈ ਕਿਸੇ ਨਾ ਹਾਂ ਕੀਤੀ,
'ਕੰਵਲ' ਪਿਆ ਫਿਰ ਕੇ ਦਿਨ ਬਿਤਾਵਣਾ ਈ।

ਅਗਲੇ ਦਿਨ ਮੈਂ ਉਠ ਕੇ ਫੇਰ ਗਿਆ,
ਖਾਲੀ ਬੈਠ ਗਿਆ ਘਰ ਆਏ ਕੇ ਮੈਂ।
ਪੂਰੇ ਚਾਰ ਵਜੇ ਮਹਾਰਾਜ ਜੀ ਪਹੁੰਚ ਗਏ ਨੇ,
ਮੱਥਾ ਟੇਕਿਆ ਚਰਨਾਂ ਤੇ ਜਾਇ ਕੇ ਮੈਂ।

**ਬਚਨ ਨਾ ਮੰਨਣ ਦੀ ਭੁਲ ਮੰਗੀ :**

ਮੈਂ ਆਖਿਆ ਜੀ ਬੜੀ ਭੁਲ ਹੋਈ,
ਹੁਕਮ ਆਪ ਜੀ ਦਾ ਨਹੀਂ ਮੰਨਿਆ ਸੀ।
ਬੜੇ ਰਸਤੇ ਦੇ ਵਿਚ ਖੁਆਰ ਹੋਇਆ,
ਏਹ ਹੰਕਾਰ ਮੇਰਾ ਰੱਬ ਭੰਨਿਆ ਸੀ।
ਸਦਾ ਮੰਨਾਂਗਾ ਸਿਰ ਮੱਥੇ ਹੁਕਮ ਤੇਰਾ,
ਇਹ ਪ੍ਰਣ ਮੈਂ ਦਿਲ ਵਿਚ ਮੰਨਿਆ ਸੀ।
'ਕੰਵਲ' ਦੇਹੋ ਮੈਨੂੰ ਤੁਸੀਂ ਏਹੁ ਵਰ ਜੀ,
ਸਭ ਤੋੜ ਦਿਓ ਦਿਲੋਂ ਭਰੰਮਿਆ ਸੀ।



Sri Satguru Jagjit Singh Ji Elibrary NamdhariElibrary@gmail.com

ਮਹਾਰਾਜ ਜੀ ਅਗੋਂ ਜਵਾਬ ਦਿੱਤਾ,
ਉੱਠਾਂ ਵਾਲਿਆਂ ਨਾਲ ਲਾ ਕੇ ਯਾਰੀਆ ਵਈ।
ਦਰ ਬਿਨਾਂ ਵਿਚਾਰਦੇ ਰੱਖ ਨੀਵੇਂ,
'ਕੰਵਲ' ਮਿਲਣ ਨਾ ਬਰਕਤਾਂ ਭਾਰੀਆਂ ਵਈ।

**ਮਹਾਰਾਜ ਜੀ ਨੇ ਹਰਭਜਨ ਸਿੰਘ ਕਲਸੀ ਦੀ ਬੇਨਤੀ ਪ੍ਰਵਾਨ ਕਰਨੀ :**

ਸੰਮਤ ਉਨੀ ਸੌ ਸਤਾਹਠ ਮਹੀਨਾ ਜਨਵਰੀ ਦਾ,
ਸਰਦਾਰ ਜੰਗ ਸਿੰਘ ਜੀ ਦਿੱਲੀ ਪਧਾਰ ਆਏ।
ਘਰ ਗਿਆਨ ਸਿੰਘ ਜੀ ਬਲੋਂਵਾਲੀਏ ਦੇ,
ਸੁੱਖ ਸ਼ਾਂਤੀ ਦੇਣ ਪ੍ਰੀਵਾਰ ਆਏ।
ਕਲਸੀ ਹਰਭਜਨ ਸਿੰਘ ਵੀ ਏਥੇ ਘਰ ਹੁੰਦਾ,
ਮਹਾਰਾਜ ਨਾਲ ਵੀ ਜਿਸ ਨੇ ਪਿਆਰ ਪਾਏ।
ਇਕ ਦਿਣ ਕਲਸੀ ਮਹਾਰਾਜ ਨੂੰ ਗੱਲ ਦਸੀ,
ਹਰ ਸਾਲ ਇਕ ਆਦਮੀ ਦੀ ਘਰੋਂ ਜਾਨ ਜਾਏ।

**ਕਲਸੀ ਨੇ ਆਪਣੇ ਮਿਤ੍ਰ ਨਿਰੰਜਣ ਸਿੰਘ ਦਾ ਹਾਲ ਦਸਣਾ :**

ਮੇਰਾ ਮਿਤ੍ਰ ਨਿਰੰਜਣ ਸਿੰਘ ਚੋਆ ਪਿੰਡ ਵੱਸੇ,
ਉਸਦਾ ਹੋਰ ਭਾਈ ਵੀ ਉਸ ਨਾਲ ਹੁੰਦਾ।
ਹਰ ਸਾਲ ਪੰਦਰਾ ਜਨਵਰੀ ਨੂੰ,
ਇਕ ਭਾਈ ਦਾ ਹੈ ਇੰਤਕਾਲ ਹੁੰਦਾ।
ਕੇਹੜੀ ਬਲਾ ਉਸਨੂੰ ਆਣ ਮਾਰਦੀ ਏ,
ਪਤਾ ਨਹੀਂ ਕਿਉਂ ਉਸਦਾ ਕਾਲ ਹੁੰਦਾ।
ਆਪ ਪੂਰਣ ਅਕਾਲ ਦਾ ਰੂਪ ਬਾਬਾ,
ਰਿੱਧਾ ਸਿੱਧਾਂ ਵਿਚ ਤੂੰ ਮਾਲਾ ਮਾਲ ਹੁੰਦਾ।



Sri Satguru Jagjit Singh Ji Elibrary NamdhariElibrary@gmail.com

**ਮਹਾਰਾਜ ਨੇ ਅਖੰਡ ਪਾਠ ਕਰੌਣ ਦਾ ਹੁਕਮ ਕਰਨਾ :**

ਮਹਾਰਾਜ ਬਚਨ ਕੀਤਾ ਅਖੰਡ ਪਾਠ ਕਰ ਲੌ,
ਉਸਦੇ ਅਸੀਂ ਮਾਨੋ ਜ਼ੁੰਮੇਵਾਰ ਹੋ ਗਏ ।
ਉਸਦੀ ਰੱਖਿਆ ਆਪ ਅਕਾਲ ਕਰਸੀ.
ਨਾਲ ਅਸੀਂ ਭੀ ਮੱਦਦਗਾਰ ਹੋ ਗਏ ।
ਕਲਸੀ ਦੱਸਿਆ ਜਾ ਨਿਰੰਜਣ ਸਿੰਘ ਨੂੰ,
ਉਹ ਬੋਲਿਆ ਅਸੀਂ ਤਾਂ ਖੁਆਰ ਹੋ ਗਏ ।
ਚਲੋ ਪੂਜੀਏ ਜਾ ਸਤਿਪੁਰਖ ਤਾਈ;
ਝੱਬ ਉਠ ਕੇ ਕੰਵਲ ਤਿਆਰ ਹੋ ਗਏ ।

ਚਰਨੀ ਆ ਗੁਰੂ ਦੇ ਮੱਥਾ ਟੇਕਿਆ ਸੂ,
ਪਿੰਡ ਜਾਣ ਦੀ ਬੇਨਤੀ ਕਰੀ ਭਾਈ ।
ਭੇਟਾ ਚਰਨ ਪੂਜਾ ਜੇਹੜੀ ਆਂਦੀ ਹੋਈ ਸੀ,
ਅਗੇ 'ਕੰਵਲ' ਮਹਾਰਾਜ ਦੇ ਧਰੀ ਭਾਈ ।

ਦਤਾਰ ਪਾਤਿਸ਼ਾਹ ਕੀਤੀ ਮਨਜ਼ੂਰ ਅਰਜੀ,
ਚੋਏ ਪਿੰਡ ਨੂੰ ਜਾਣ ਤਿਆਰ ਹੋਏ ।
ਮਹਾਰਾਜ ਨਾਲ ਮਸਤਾਨੇ ਗੁਰਦਿਆਲ ਸਿੰਘ ਦੇ,
ਕਾਰ ਓਹਨਾਂ ਦੀ ਵਿਚ ਅਸਵਾਰ ਹੋਏ ।
ਹਰਭਜਨ ਕਲਸੀ ਗਿਆਨ ਸਿੰਘ ਬਲੋਂਵਾਲੀ,
ਨਾਲ ਜਾਣ ਲਈ ਏਹ ਖਬਰਦਾਰ ਹੋਏ ।
ਰਾਤ ਢਾਈ ਵਜੇ ਪਿੰਡ ਚੋਆਂ ਪਹੁੰਚੇ,
ਸਰਦੀ ਅੱਤ ਦੀ ਹੱਥ ਨਾ ਬਾਹਰ ਪਸਾਰ ਹੋਏ ।

ਰਾਤ ਸਾਰਿਆਂ ਘਰ ਬਿਸਰਾਮ ਕੀਤਾ,
ਸੁਭਾ ਜੰਗਲ ਪਾਣੀ ਬਾਹਰ ਚਲੀਦੇ ਜੀ ।



Sri Satguru Jagjit Singh Ji Elibrary NamdhariElibrary@gmail.com

ਫਾਰਮ ਸਿੰਘ ਦੇ ਸਭਨੇ ਇਸ਼ਨਾਨ ਕੀਤਾ,
ਮੁੜ ਕੇ 'ਕੰਵਲ' ਘਰ ਦਾ ਰਾਹ ਮੱਲੀਏ ਜੀ।

**ਮਹਾਰਾਜ ਨੇ ਰਾਤ ਦੀ ਗਲ ਦਸਣੀ :**

ਰਸਤੇ ਵਿਚ ਮਹਾਰਾਜ ਜੀ ਬਚਨ ਕੀਤਾ,
ਰਾਤੀ ਮਿਲਿਆਂ ਇਕ ਮੁਸਲਮ ਫ਼ਕੀਰ ਭਾਈ।
ਉਸਨੇ ਪੁਛਿਆਂ ਤੁਸੀਂ ਕਾਸਨੂੰ ਆਏ ਬਾਬਾ,
ਮੇਰਾ ਇਥੇ ਦਾ ਰਹਿਣ ਅਖੀਰ ਭਾਈ।
ਪੰਦਰਾਂ ਜਨਵਰੀ ਸਾਲ ਵਿਚ ਇਕ ਵਾਰੀ,
ਬਲੀ ਚਹੁਨਾ ਹਾਂ ਇਕ ਸਰੀਰ ਭਾਈ।
ਹੁਣ ਬੀ ਆ ਗਿਆਂ ਵਕਤ ਉਸ ਮਾਰਨੇ ਦਾ;
ਤੂੰ ਅੱਲਾ ਦਾ ਆਇਆ ਵਜੀਰ ਭਾਈ।

ਮਹਾਰਾਜ ਆਖਿਆਂ ਤੂੰ ਚਲਾ ਜਾਹੁ ਏਥੋ,
ਬੰਦੇ ਮਾਰਨੇ ਨਹੀਂ ਸ਼ੋਭ ਨੀਕ ਮੀਆਂ,
ਮੈਂ ਹੁਣ ਨਹੀਂ ਕਿਸੇ ਨੂੰ ਮਰਨ ਦੇਣਾ,
ਜ਼ੁਮੇਵਾਰੀ ਮੇਰੀ ਹੋ ਗਈ ਹੁਣ ਠੀਕ ਮੀਆ।

**ਫ਼ਕੀਰ ਨੇ ਅਰਜ਼ ਕਰਨੀ :**

ਜਿਵੇਂ ਮੇਹਰ ਤੂੰ ਇਹਨਾ ਤੇ ਆਣ ਕੀਤੀ,
ਤਿਵੇ ਮੇਰੀ ਵੀ ਅਰਜ ਤੂੰ ਸੁਣੀ ਬਾਬਾ।
ਮੈਂ ਭੱਟਕਦਾ ਹਾਂ ਮੁਕਤਿ ਕਰੁ ਮੇਰੀ,
ਤੂੰ ਦਿਲੋਂ ਦਰਿਯਾ ਵਡਾ ਗੁਣੀ ਬਾਬਾ।
ਤੇਰੇ ਦਰ ਤੋਂ ਖਾਲੀ ਕੋਈ ਗਿਆ ਨਾਹੀ,
ਸੂਰਤ ਤੇਰੀ ਅਕਾਲ ਨੇ ਚੁਣੀ ਬਾਬਾ।
'ਕੰਵਲ' ਮੁਕਤਿ ਦਾ ਦਾਨ ਤੂੰ ਦੇਹ ਮੈਨੂੰ,
ਅਗੋਂ ਰਹਾਗਾਂ ਸਦਾ ਤੇਰਾ ਰਿਣੀ ਬਾਬਾ।



Sri Satguru Jagjit Singh Ji Elibrary NamdhariElibrary@gmail.com

**ਮਹਾਰਾਜ ਜੀ ਨੇ ਫਕੀਰ ਨੂੰ ਮੁਕਤਿ ਕਰਨਾ :**

ਮਹਾਰਾਜ ਧਰਮ ਦਾ ਉਸ ਉਪਦੇਸ਼ ਦਿਤਾ,
ਮੁਕਤਿ ਬਖਸ਼ੀ ਸੀ ਹੋ ਦਿਆਲ ਭਾਈ।
ਨਿਰੰਜਣ ਸਿੰਘ ਦਾ ਸੁਖੀ ਪ੍ਰਵਾਰ ਹੋਇਆ,
ਬੋਲੀ 'ਕੰਵਲ' ਨੇ ਫਤੇ ਅਕਾਲ ਭਾਈ।

**ਸਾਖੀ ਮਾਨ ਸਿੰਘ ਲਾਂਬੇ ਨਾਲ ਹੋਈ**
**ਬਲੋਵਾਲੀਏ ਗਿਆਨ ਸਿੰਘ ਦੀ ਜ਼ਬਾਨੀ :**

ਮਾਨ ਸਿੰਘ ਲਾਂਬਾ ਮਸ਼ਹੂਰ ਭਾਈ,
ਮਹਾਰਾਜ ਜੰਗ ਸਿੰਘ ਜੀ ਦਾ ਸਿੱਖ ਹੋ ਗਿਆ ਸੀ।
ਘਰ ਅਰਜ਼ ਕਰਕੇ ਆਪਣੇ ਲੈ ਗਿਆ ਸੀ,
ਆਸਣ ਡਾਹ ਚਰਨਾਂ ਨੂੰ ਧੋ ਗਿਆ ਸੀ।
ਲੰਗਰ ਸ਼ਰਧਾ ਦੇ ਨਾਲ ਤਿਆਰ ਕਰਕੇ,
ਮਹਾਰਾਜ ਜੀ ਅਗੇ ਖਲੋ ਗਿਆ ਸੀ।
ਕਰ ਅਰਦਾਸ ਮਹਾਰਾਜ ਜੀ ਭੋਗ ਲਾਇਆ,
ਹੋਰ ਸੰਗਤਾਂ ਲਈ ਹੁਕਮ ਹੋ ਗਿਆ ਸੀ।

ਹੱਥ ਜੋੜ ਗਲ ਪੱਲਾ ਪਾ ਅਰਜ ਕੀਤੀ,
ਸੌ ਤੋਲਾ ਸੋਨਾ ਕਸਟਮ ਵਾਲੇ ਲੈ ਗਏ ਨੇ।
ਕੇਸ ਕੋਰਟ ਦੇ ਵਿਚ ਹੁਣ ਚਲਦਾ ਹੈ,
'ਕੰਵਲ' ਗਲ ਮੇਰੇ ਐਂਵੇ ਪੈ ਗਏ ਨੇ।

ਮਹਾਰਾਜ ਸਹਜ ਸੁਭਾ ਸੀ ਬਚਨ ਕੀਤਾ,
ਸੋਨਾ ਸਣੇ ਬਿਆਜ ਮਿਲ ਜਾਏਗਾ ਜੀ।
ਤੈਨੂੰ ਕੋਈ ਘਬਰੋਣ ਦੀ ਲੋੜ ਨਾ ਹੀ;
ਆਪੇ ਆਣ ਕੇ ਘਰ ਦੇ ਜਾਏਗਾ ਜੀ।



Sri Satguru Jagjit Singh Ji Elibrary NamdhariElibrary@gmail.com

ਸਹੀ ਵਾਕ ਤੂੰ ਜਾਣ ਅਸਾਡੜਾ ਏਹ,
ਕੇਸ ਹੱਕ ਤੇਰੇ ਵਿਚ ਆਏਗਾ ਜੀ।
ਘਰ ਦੌਲਤਾਂ ਨਾਲ ਭਰਪੂਰ ਹੋਊ;
ਸਾਡਾ ਵਚਨ ਐਵੇ ਨਹੀਂ ਜਾਏਗਾ ਜੀ।

'ਕੰਵਲ' ਭਾ ਸੋਨੇ ਦਾ ਵਧ ਗਿਆ ਡੂਢਾ ਦੂਣਾ,
ਨਫਾ ਬਿਆਜ ਤੋਂ ਵੀ ਵਧ ਪਾਇਆ ਜੀ।
ਜੰਗ ਸਿੰਘ ਮਹਾਰਾਜ ਨੂੰ ਧੰਨ ਆਖਣ,
ਦਰਸ਼ਣ ਕਰਨ ਪ੍ਰੀਵਾਰ ਸਭ ਆਇਆ ਜੀ।

**ਵਾਕ ਕਵੀ :**

ਧਰਤੀ ਧਰਮ ਦੀ ਸਾਧ ਬਿਨ ਦਿਸੇ ਸੁੰਞੀ,
ਕੱਟੇ ਕੋਈ ਨਾ ਦੁਖਾਂ ਦੇ ਜਾਲ ਭਾਈ।
ਮਿੱਤ੍ਰ-ਮਿਤ੍ਰਾਂ ਨਾਲ ਸਹਾਈ ਹੁੰਦੇ,
ਸਦਾ ਰਹੀ ਜ਼ਮਾਨੇ ਦੀ ਚਾਲ ਭਾਈ।
ਧਨ ਦੌਲਤਾਂ ਨੂੰ ਸਾਰਾ ਜੱਗ ਚਾਹੇ,
ਭਾਵੇਂ ਨਹੀਂ ਲਿਜਾਵਣਾ ਨਾਲ ਭਾਈ।
ਪੂਰਨ ਸੰਤ ਜੋ ਬਖਸ਼ਸ਼ ਦਾ ਘਰ ਹੁੰਦੇ,
ਨਹੀਂ ਓਹਨਾਂ ਸੰਤਾਵਦਾ ਕਾਲ ਭਾਈ।

ਪੂਰਾ ਸਿੱਦਕ ਮਹਾਰਾਜ ਤੇ ਮਾਨ ਸਿੰਘ ਦਾ,
ਜਦੋਂ ਭੀੜ ਬਣਦੀ ਤਦੋਂ ਯਾਦ ਕਰਦੇ।
ਦਰਸ਼ਣ ਕਰਨ ਨੂੰ ਸਾਰਾ ਪ੍ਰੀਵਾਰ ਐਂਦਾ;
ਜੀਵਨ ਬਾਗ ਨੂੰ 'ਕੰਵਲ' ਆਬਾਦ ਕਰਦੇ।



Sri Satguru Jagjit Singh Ji Elibrary NamdhariElibrary@gmail.com



ਮੁਹਿੰਦਰ ਸਿੰਘ ਪਿਤਾ ਸ੍ਰ. ਫੱਗਾ ਸਿੰਘ ਮਾਤਾ
ਬੀਬੀ ਗੁਰਚਰਨ ਕੌਰ, ਪਤਨੀ
ਬੀਬੀ ਗੁਰਨਾਮ ਕੌਰ ਪੁਤ੍ਰ- ਸਾਧੂ ਸਿੰਘ,
ਅਜੀਤ ਸਿੰਘ, ਦਰਸ਼ਣ ਸਿੰਘ ਅਤੇ
ਕਰਨੈਲ ਸਿੰਘ ਬੇਟੀ ਚਰਨ ਕੌਰ, ਪਿੰਡ ਕੋਟ ਧਰਮੂ



ਸ੍ਰ. ਬਖਸ਼ੀਸ਼ ਸਿੰਘ ਬੇਟਾ ਸ੍ਰ. ਬਸੰਤ ਸਿੰਘ ਦੀ ਮਾਤਾ
ਕ੍ਰਿਸ਼ਨ ਕੌਰ, ਪਿੰਡ ਚੱਪੀਆਣ, ਮਹਾਰਾਜ ਜੰਗ ਸਿੰਘ
ਜੀ ਦੇ ਨਿਜੀ ਸੇਵਕ ਸਨ ਕੋਟ ਧਰਮੂ ਵਿਖੇ ਰਹੇ ਹਨ
ਇਲਾਕਾ ਜੀਵਨ ਨਗਰ (ਸਿਰਸਾ)



ਸੰਤ ਮਹੌਣ ਸਿੰਘ ਜੀ ਰੋਣੂ ਸ੍ਰ: ਗਿਆਨ ਸਿੰਘ ਜੀ ਦੇ ਬੜੇ ਭਾਈ ਹਨ, ਆਪ ਜੀ ਤੋਂ ਛੋਟੇ ਚਾਰ ਭਾਈ ਹੋਰ ਹਨ, ਆਪ ਜੀ ਦਾ ਸਾਰਿਆਂ ਨਾਲ ਅਤੂਕ ਪ੍ਰੇਮ ਹੈ, ਆਪ ਬੜੇ ਮਿਲਣਸਾਰ ਤੇ ਦਾਨੀ ਹਨ।



ਇਹ ਫੋਟੋ ਸ੍ਰ. ਜਗਦੀਸ਼ ਸਿੰਘ ਦੀ ਹੈ। ਇਸਦੇ ਤਾਇਆ ਜੀ ਸ੍ਰ ਮਹੌਣ ਸਿੰਘ ਜੀ ਹੈ, ਇਸਨੂੰ ਗੋਦੀ ਲਿਆ ਹੈ ਤੇ ਇਹ ਦੋਵੇ ਇਕੱਠੇ ਰਹਿੰਦੇ ਹਨ ਪ੍ਰਵਾਰ ਦੇ ਨਾਲ।

Sri Satguru Jagjit Singh Ji Elibrary NamdhariElibrary@gmail.com



ਸ੍ਰ. ਹਾਕਮ ਸਿੰਘ ਜੀ ਪਿੰਡ ਦਮਦਮੇ ਵਾਲੇ
ਇਹਨਾਂ ਦੀ ਸਾਖੀ ਇਸ ਪੁਸਤਕ ਦੇ ਅੰਦ੍ਰ
ਆਈ ਹੈ। ਬਾਬਾ ਜੈਮਲ ਸਿੰਘ ਜੀ ਦੇ ਨਾਮ
ਅਤੇ ਤੇਰੇ ਸਿੰਘ ਨਾਮ



ਸੰਤ ਪ੍ਰੀਤਮ ਸਿੰਘ ਜੀ ਬਲਵਾ... ਮਹਾਰਾਜ
ਜੰਗ ਸਿੰਘ ਦੇ ਪੂਰਣ ਸ਼ਰਧਾ ਵ... ਪਾਂ ਵਿੱਚੋਂ
ਇੱਕ ਹਨ ਅਤੇ ਮਹਾਰਾਜ ਜੰਗ ... ਕਮੇਟੀ ਦੇ
ਪ੍ਰਾਪੇਗੰਡਾ ਸੱਕਤ੍ਰ ਹਨ।



ਸ੍ਰ. ਬਲਦੇਵ ਸਿੰਘ ਜੀ ਟੈਕਸੀ ਵਾਲਾ, ਬੇਟਾ ਸ੍ਰ.
ਸਰਮੁਖ ਸਿੰਘ ਵਾਸੀ ਗੁਰੂ ਨਾਨਕ ਨਗਰ,
ਦਿੱਲੀ। ਏਹ ਸੰਤ ਜੀ ਆਪਣੀ ਟੈਕਸੀ ਤੇ
ਮਹਾਰਾਜ ਜੰਗ ਸਿੰਘ ਜੀ ਨੂੰ ਸੇਵਕਾਂ ਦੇ ਘਰੀਂ
ਚਰਨ ਪਵੌਣ ਲੈ ਕੇ ਜਾਂਦੇ ਸਨ ਤੇ ਮੁਫਤ ਸੇਵਾ
ਕਰਦੇ ਸਨ।



ਏਹ ਫੋਟੋ ਸ੍ਰ. ਮਾਨ ਸਿੰਘ ਜੀ ਲਾਂਬਾ ਦੀ
ਹੈ, ਏਹਨਾਂ ਦੀ ਸਰਾਫੀ ਦੀ ਦੂਕਾਨ
ਕਰੋਲ ਬਾਗ ਦਿੱਲੀ ਵਿਖੇ ਹੈ ਏਹਨਾਂ
ਦੀ ਮਹਾਰਾਜ ਜੰਗ ਸਿੰਘ ਜੀ ਤੇ ਪੂਰਨ
ਸਰਧਾ ਹੈ, ਇਨਾਂ ਦੀ ਸਾਖੀ ਇਸ

# ਸੰਤ ਕੀ ਮਹਿਮਾ ਬੇਦ ਨਾ ਜਾਣੇ

ਕਥਨੀ ਕਰਨੀ ਦੇ ਸੂਰੇ, ਮੁਕਤੀ ਦਾਤਾ, ਮਹਾਨ ਤਪਸਵੀ ਤੇ ਮਹਾਨ ਤਿਆਗੀ ਸ੍ਰੀ ਮਹਾਰਾਜ ਜੰਗ ਸਿੰਘ ਜੀ ਮਹਾਰਾਜ ਜੀ ਦੀਆਂ ਮੇਰੇ ਤੇ ਮਹਾਨ ਕ੍ਰਿਪਾ ਦ੍ਰਿਸ਼ਟੀ ਸੀ, ਓਹ ਜਦੋਂ ਵੀ ਦਿਲੀ ਨੂੰ ਭਾਗ ਲਾਉਣ ਲਈ ਦਿੱਲੀ ਆਂਵਦੇ ਤਾਂ ਸੰਤ ਗਿਆਨ ਸਿੰਘ ਨੂੰ ਹੁਕਮ ਦੇਂਦੇ ਕਿ ਭਾਈ ਮਾਨ ਸਿੰਘ ਨੂੰ ਸਾਡੇ ਆਵਣ ਦੀ ਖਬਰ ਕਰ ਦਿਓ, ਜਦੋਂ ਮੈਂ ਜਾਂਦਾ, ਤਾਂ ਮੈਨੂੰ ਆਪਣੇ ਚਰਨਾਂ ਵਿਚ ਬੇਠਾ ਕੇ, ਅਤੇ ਸਿਰ ਤੇ ਹਥ ਰਖ ਕੇ ਬਖਸ਼ਸ਼ਾਂ ਕਰਦੇ। ੧੯੬੪ ਵਿਚ ਮੇਰੇ ਘਰ ਦਾ ੨੨ ਕੇਰਟ ਸੋਨੇ ਦੇ ਜ਼ੇਵਰ ਐਕਸਾਈਜ਼ ਦਾ ਸਟਾਫ ਜਬਤ ਕਰਕੇ ਲੈ ਗਿਆ, ਮੈਂ ਮਹਾਰਾਜ ਜੀ ਅਗੇ ਬੇਨਤੀ ਕੀਤੀ, ਤੇ ਨਾਲ ਹੀ ਕਿਹਾ, ਕਿ ਮਹਿਕਮਾ ਐਕਸਾਈਜ਼ ਸਖਤੀ ਕਰਦਾ ਹੈ, ਮੈਂ ਸਰਾਫੀ ਦਾ ਕੰਮ ਛੋੜ ਦਿਆਂ, ਯਾਂ ਕਰਦਾ ਰਵਾਂ; ਮਹਾਰਾਜ ਜੀ ਕਿਹਾ, ਤੇਰਾ ਗਿਆ ਜੇਵਰ ਸਮੇਤ ਵਿਆਜ ਦੇ ਘਰ ਵਾਪਸ ਆ ਜਾਇਗਾ ਤੇਰੇ ਲਈ ਦਰਵਾਜੇ ਖੁਲ ਗਏ ਹਨ। ਉਨ੍ਹਾਂ ਦੇ ਫਰਮਾਏ ਕਾਰਨ ਸਾਡਾ ਸਾਰਾ ਜ਼ੇਵਰ ਬਧਾ ਬਧਾਇਆ ਵਾਪਸ ਮਿਲ ਗਿਆ; ਜਦੋਂ ਜੇਵਰ ਲੇ ਗਏ ਸਨ ਓਸ ਵੇਲੇ ਸੋਨੇ ਦਾ ਨਿਰਖ ੧੧੨/- ਸੀ ਜਦੋਂ ਵਾਪਸ ਮਿਲਿਆ ਉਸ ਵੇਲੇ ੧੪੮/– ਸੀ, ਮੈਨੂੰ ੩੬ ਰੁਪਏ ਤੋਲਾ ਵਿਆਜ ਮਿਲ ਗਈ।

ਮੈਨੂੰ ਇਕ ਸੱਜਣ ਨੇ ਦਸਿਆ ਕਿ ਮਹਾਰਾਜ ਦੇ ਸੇਵਕ ਦਾ ਲੜਕਾ ਪੰਜਾਬ ਵਿਚ ਸਖਤ ਬੀਮਾਰ ਹੋ ਗਿਆ ਤਾਂ ਲੜਕੇ ਦੇ ਪਿਤਾ ਨੇ



Sri Satguru Jagjit Singh Ji Elibrary NamdhariElibrary@gmail.com

ਮਹਾਰਾਜ ਜੀ ਦੀ ਮੂਰਤਿ ਦਾ ਧਿਆਨ ਕਰਕੇ ਬੇਨਤੀ ਕੀਤੀ ਕਿ ਕ੍ਰਿਪਾ ਕਰੋ, ਬਚੇ ਨੂੰ ਅਰੋਗਤਾ ਬਖਸ਼ੋ, ਉਸ ਵੇਲੇ ਮਹਾਰਾਜ ਜੀ ਪੰਜਾਬ ਤੋਂ ਬਾਹਰ ਦੂਰ ਸ਼ਾਇਦ ਕਲਕੱਤੇ ਸਨ, ਓਸ ਸੱਜਣ ਦਸਿਆ ਕਿ ਮੇਰਾ ਲੜਕਾ ਥੋੜੀ ਦੇਰ ਵਿਚ ਰਾਜ਼ੀ ਹੋ ਗਿਆ ਤੇ ਉਧਰ ਮਹਾਰਾਜ ਜੀ ਨੇ ਬੀਮਾਰੀ ਆਪਣੇ ਉਪਰ ਲੈ ਲਈ, ਗੁਰਬਾਣੀ ਫਰਮਾ ਦੀ ਹੈ—

ਸਤਿਗੁਰ ਪੂਰੇ ਤਾਪ ਗੱਵਾਇਆ ਅਪਣੀ ਕ੍ਰਿਪਾ ਧਾਰੀ ।
ਪਾਰ ਬ੍ਰਹਮ ਪ੍ਰਭ ਭਏ ਦਇਆਲਾ ਦੁਖ ਮਿਟਿਆ ਸਭ ਪ੍ਰਕਾਰੀ ।

ਅਜ ਸਾਨੂੰ ਸਾਰਿਆਂ ਨੂੰ ਮਹਾਰਾਜ ਜੀ ਦੀ ਅਤੀ ਲੋੜ ਹੈ, ਉਹ ਆਪਣੇ ਸੇਵਕਾਂ ਉਪਰ ਬਖਸ਼ਸ਼ਾਂ ਕਰਦੇ ਰੈਹਣ ।

ਦਾਸ

ਮਾਨ ਸਿੰਘ ਲਾਂਬਾ, ਸਰਾਫ
ਕਰੋਲ ਬਾਗ, ਨਵੀਂ ਦਿੱਲੀ



Sri Satguru Jagjit Singh Ji Elibrary NamdhariElibrary@gmail.com

**ਸਾਖੀ-ਸਮਤ ੧੯੧੫ ਜੇਠ ਵਿਚ ਦੋਈ ਸ੍ਰੀ ਖੜਗ ਸਿੰਘ ਲੱਲੂਆਲੀ**
**ਜ਼ਿਲਾ ਬਠਿੰਡਾ, ਤਹਿਸੀਲ ਮਾਨਸਾਂ ਦੀ ਜ਼ੁਬਾਨੀ**

ਖੜਗ ਸਿੰਘ ਗਿਆ ਮਿਲਣ ਨਰੈਣ ਸਿੰਘ ਨੂੰ,
ਬੱਪੀਆਣੇ ਸੀ ਉਹ ਨਿਵਾਸ ਕਰਦਾ।
ਦਿਲਾਂ ਵਿਚ ਖਿਆਲ ਸੀ ਦੋਨੋਂ ਭਾਈ ਮਿਲ ਕੇ,
ਕਰੀਏ ਦਰਸ ਗੁਰੂ ਦਾ ਮਨ ਕਿਆਸ ਕਰਦਾ।
ਨਰੈਣ ਸਿੰਘ ਬੀਮਾਰ ਸੀ ਨਾਲ ਟੀ. ਵੀ.,
ਬੜੀ ਮੁਸ਼ਕਲਾਂ ਨਾਲ ਦਿਨ ਪਾਸ ਕਰਦਾ।
ਅਜ ਮੋਇਆ ਮੈਂ ਜਾਂ ਕਲ ਮੋਇਆ,
ਏਦਾਂ ਰੋਜ਼ ਕਰ ਦਿਲ ਉਦਾਸ ਕਰਦਾ।
ਵੈਦ ਆਪ ਵੀ ਸੀ; ਬੜਾ ਇਲਾਜ ਕੀਤਾ;
ਕਿਤੋਂ ਹੋਰ ਆਰਾਮ ਵੀ ਆਇਆ ਨਾ।
ਅੰਤ ਹੋ ਦੁਖੀ ਦਿਲ ਧਾਰ ਲਿਆ,
ਘਰ ਵਿਚ ਹੋਰ ਪਵੇ ਕਿਸੇ ਤੇ ਛਾਇਆ ਨਾ।

ਇਹ ਸੋਚ ਕੇ ਨਿਕਲਣ ਨੂੰ ਘਰੋਂ ਬਾਹਰ,
ਜਾ ਕੇ ਮਰਨ ਦਾ 'ਕੰਵਲ' ਖਿਆਲ ਹੋਇਆ।
ਓਥੇ ਮਰਾਂ ਜਿੱਥੇ ਕੋਈ ਦੇਖੇ ਨਾਹੀ;
ਮਾਸ ਕਾਵਾਂ, ਕੁੱਤਿਆਂ ਨੂੰ ਦੇਣ ਤਿਆਰ ਹੋਇਆ।
ਓਧਰ ਪਹੁੰਚ ਗਿਆ ਖੜਗ ਸਿੰਘ ਬੱਪੀਆਣੇ।
ਮਿਲ ਕੇ ਭਾਈ ਨੂੰ ਬੜਾ ਨਿਢਾਲ ਹੋਇਆ।
ਮੁਰਦਾ ਦੇਖ ਕੇ ਉਹਦੇ ਸਰੀਰ ਨੂੰ ਜੀ,
ਓਸ ਅੱਖੀਆਂ ਦਾ ਨੀਰ ਲਾਲ ਹੋਇਆ।

ਰੂਪਾਣੇ ਟੁਰ ਗਿਆ ਭਾਈ ਨੂੰ ਨਾਲ ਲੈ ਕੇ,
ਦਰਸ਼ਨ ਜਾ ਮਹਾਰਾਜ ਦਾ ਪਾਇਆ ਸੀ।



Sri Satguru Jagjit Singh Ji Elibrary NamdhariElibrary@gmail.com

ਦੋਹਾਂ ਭਾਈਆਂ ਨੇ ਚਰਨੀ ਸੀਸ ਲਾਇਆ,
ਮਹਾਰਾਜ ਨੇ 'ਕੰਵਲ' ਫੁਰਮਾਇਆ ਸੀ।
ਪਹਿਲਾਂ ਛਕੋ ਪ੍ਰਸ਼ਾਦ ਤਿਆਰ ਹੋਇਆ,
ਗੱਲਾਂ ਕਰਨ ਦਾ ਵਕਤ ਨਾ ਆਇਆ ਸੀ।
ਬੁੱਕ ਬੁੱਕ ਥਾਲੀ ਸ਼ੱਕਰ ਦਾ ਪਾ ਦਿੱਤਾ,
ਧਾਰਾ-ਬੰਨ੍ਹ ਉਪਰ ਘਿਉ ਪਾਇਆ ਸੀ।

ਛੰਨੇ ਭਰ ਲੱਸੀ ਮੂਹਰੇ ਰਖ ਦਿਤੇ,
ਕਿਹਾ 'ਕੰਵਲ' ਨੂੰ ਅਜ ਪਿਲਾਵਣੀ ਜੀ।
ਨਰੈਣ ਸਿੰਘ ਕਹਿੰਦਾ ਅਜ ਮਰ ਜਾਣਾ,
ਜ਼ਿੰਦ ਮਹਾਰਾਜ ਦੀ ਭੇਟ ਚੜ੍ਹਾਵਣੀ ਜੀ।

ਮਹਾਰਾਜ ਆਖਿਆ ਪੀਲਾ ਨਰੈਣ ਸਿੰਘਾ,
ਦਿਲ ਰਖ, ਨਾ ਸੋਚ ਵਿਚਾਰ ਵੀਰਾ।
ਤੈਨੂੰ ਮਰਨ ਨਹੀਂ ਦੇਣਾ ਸਾਡੀ ਇਹ ਮਰਜ਼ੀ,
ਧਰਮ ਰਾਜ ਨੇ ਕਿਹਾ ਉਚਾਰ ਵੀਰਾ।

ਪ੍ਰਸ਼ਾਦ ਛੱਕ ਬੈਠੇ ਦੋਨੋਂ ਭਾਈ ਸੀ ਜਦ,
ਮਹਾਰਾਜ ਨੇ ਬਚਨ ਉਚਾਰਿਆ ਸੀ।
ਘੋਗੜ-ਸਰ ਗੁਰਦੁਆਰੇ ਦੋਨੋਂ ਭਾਈ ਜਾ ਕੇ,
ਕਰ ਇਸ਼ਨਾਨ ਆਵੋ ਮੈਂ ਵਿਚਾਰਿਆ ਸੀ।
ਬਚਨ ਮੰਨ ਕੇ ਕਰਨ ਇਸ਼ਨਾਨ ਤੁਰ ਪਏ,
ਹੁਕਮ ਗੁਰੂ ਦਾ ਮਨਾਂ ਵਿਚ ਧਾਰਿਆ ਸੀ।
'ਕੰਵਲ' ਆਏ ਜਦ ਮੁੜਿ ਇਸ਼ਨਾਨ ਕਰਕੇ,
ਚਰਨੀ ਗੁਰੂ ਦੀ ਸੀਸ ਨਿਵਾਰਿਆ ਸੀ।



Sri Satguru Jagjit Singh Ji Elibrary NamdhariElibrary@gmail.com

ਨੌਂ-ਬਰ-ਨੌਂ ਨਰੈਣ ਸਿੰਘ ਇਵੇਂ ਹੋਇਆ;
ਜਿਵੇਂ ਕਾਲੇ ਕਾਂ ਨਹਾ ਕੇ ਚਿੱਟੇ ਹੋ ਗਏ ਸਨ।
ਧੰਨ ਆਖਦੇ ਮਹਾਰਾਜ ਜੰਗ ਸਿੰਘ ਜੀ ਨੂੰ;
ਕਰਕੇ ਦਰਸ 'ਕੰਵਲ' ਪਾਪ ਧੋ ਗਏ ਸਨ।

ਘੋਗੜ-ਪੰਜਾਬੀ ਵਿਚ ਇਸ ਨੂੰ ਬੱਗੀ-ਇੱਲ ਵੀ ਆਖਦੇ ਹਨ, ਇਸ ਦੀ ਮਦੀਨ ਦਾ ਰੰਗ ਕਾਲਾ ਹੁੰਦਾ ਹੈ। ਇਹੋ ਜੇਠ-ਹਾੜ ਵਿਚ ਦਰੱਖਤਾਂ ਉਤੇ ਆਲਣਾ ਬਣਾ ਕੇ ਅੰਡੇ ਦੇਂਦੀ ਹੈ। ਘੋਗੜ ਪਿੰਡ ਦੀ ਗੰਦਗੀ ਖਾ ਕੇ, ਨਿਰਬਾਹ ਕਰਦਾ ਹੈ। ਇਹ ਮਸਤੀ ਦੀ ਮੌਸਮ ਬਿਨਾਂ ਕਦੇ ਨਹੀਂ ਬੋਲਦਾ; ਸਦਾ ਮੌਨ ਵਰਤ ਰਖਦਾ ਹੈ।

(ਮਹਾਨ ਕੋਸ਼)

ਨੋਟ: ਘੋਗੜ ਸਰ ਗੁਰਦੁਆਰਾ ਨਾਮ ਓਦੋਂ ਪਿਆ; ਜਦ ਦਸਵੇਂ ਗੁਰੂ ਜੀ ਨੇ ਏਥੇ ਘੋਗੜ ਜਾਨਵਰ ਮਾਰ ਕੇ ਉਸ ਦੀ ਕਲਿਆਣ ਕੀਤੀ ਸੀ। ਇਹ ਗਿਰਝ ਦੀ ਸਕਲ ਦਾ ਹੁੰਦਾ ਹੈ-ਚਿੱਟਾ।

**ਸੰਮਤ ਬਿਕ੍ਰਮੀ ਦੋ ਹਜ਼ਾਰ ਦੋ ਵਿਚ ਫਲੇੜੇ ਪਿੰਡ ਚਾਲ੍ਹੀ ਦਿਨ ਦਾ ਪ੍ਰੋਗਰਾਮ ਤੇ ਅਖੰਡ ਪਾਠ ਕਰਨਾ :**

**ਇਹ ਪਿੰਡ ਜ਼ਿਲਾ ਸੰਗਰੂਰ, ਤਹਿਸੀਲ ਸੁਨਾਮ ਵਿਚ ਹੈ :**

ਜੰਗ ਸਿੰਘ ਮਹਾਰਾਜ ਜੀ ਕਰੀ ਕਿਰਪਾ;
ਫਲੇੜੇ ਪਿੰਡ ਦੇ ਵਿਚ ਚਰਨ ਪਾਏ ਕੇ ਜੀ।
ਸਾਧ ਸੰਗਤ ਵਿਚ ਬਚਨ ਉਚਾਰਿਆ ਸੀ,
ਚਾਲ੍ਹੀ ਦਿਨ ਭਜਨ ਕੌਰ ਏਥੇ ਆਏ ਕੇ ਜੀ।



Sri Satguru Jagjit Singh Ji Elibrary NamdhariElibrary@gmail.com

ਅਖੰਡ ਪਾਠ ਦਾ ਕਰੋ ਅਰੰਭ ਪਹਿਲਾ;
ਪਾਠੀ ਸੋਧ ਵਾਲੇ ਲਿਆਓ ਜਾਏ ਕੇ ਜੀ।
ਪਹਿਲਾਂ ਕਰਾਓ ਇਸ਼ਨਾਨ ਸਾਰੇ ਪਾਠੀਆਂ ਦਾ,
ਫਿਰ ਅੰਮ੍ਰਿਤ ਛਕੋ ਬਣਾਏ ਕੇ ਜੀ।

ਹੁਕਮ ਮੰਨ ਹਜ਼ੂਰ ਦਾ ਸਾਰਿਆਂ ਨੇ,
ਜੱਥਾ ਬਣ ਕੇ 'ਕੰਵਲ' ਤਿਆਰ ਹੋ ਗਏ।
ਇੰਦਰ ਸਿੰਘ, ਪ੍ਰੀਤਮ ਸਿੰਘ, ਕੇਹਰ ਸਿੰਘ ਜੀ;
ਦਲਬਾਰਾ ਸਿੰਘ, ਪ੍ਰਿਥੀ ਸਿੰਘ ਨਾਲ ਹੋ ਗਏ।

ਕੱਠੀ ਕਰ ਸਮੱਗਰੀ ਲਈ ਪੂਰੀ,
ਪੰਜਾਂ ਪਾਠੀਆਂ ਲਿਆ ਬੁਲਾ ਭਾਈ।
ਸਣੇ ਕੇਸ ਇਸ਼ਨਾਨ ਕਰਾ ਸਾਰਿਆਂ ਨੂੰ,
ਦਿੱਤਾ ਅੰਮ੍ਰਿਤ ਦਾ ਘੁੱਟ ਪਿਲਾ ਭਾਈ।
ਉੱਦਮ ਪਾਠੀਆਂ ਦਾ ਕੱਠੇ ਕਰਨ ਦਾ ਜੀ,
ਸਿੰਘ ਕਰਨੈਲ, ਹਮੀਰ ਮਿਲਾ ਭਾਈ।
ਪਾਠੀ ਲਏ ਦੋ ਬੱਪੀਆਂ ਪਿੰਡ ਦੇ ਜੀ,
ਅੱਤਰ ਸਿੰਘ, ਨਰੈਣ ਅਲਾ ਭਾਈ।

ਤੀਜਾ ਪਾਠੀ ਅੱਕਾਂਵਾਲੀ ਪਿੰਡ ਦਾ ਜੀ,
ਜੰਗ ਸਿੰਘ ਜੀ ਓਸਦਾ ਨਾਮ ਵੀਰੋ।
ਇਹਨਾਂ ਨਾਲ ਰਲ ਗਏ ਦੋ ਹੋਰ ਪਾਠੀ,
ਨਿਹਾਲ ਸਿੰਘ ਭਜਨ ਸਿੰਘ ਆਮ ਵੀਰੋ।

**ਮਹਾਰਾਜ ਜੀ ਦਾ ਹੁਕਮ :**

ਮਹਾਰਾਜ ਜੀ ਨੇ ਫਿਰ ਹੁਕਮ ਕੀਤਾ,
ਗਊਆਂ ਦੁੱਧ-ਭਰੀਆਂ ਦੋ ਲਿਆਵਣੀ ਜੀ।



Sri Satguru Jagjit Singh Ji Elibrary NamdhariElibrary@gmail.com

ਆਟਾ ਪੀਹਣ ਲਈ ਦੋ ਚੱਕੀਆਂ ਵੀ,
ਭਾਵੇਂ ਘਰੋਂ, ਭਾਵੇਂ ਮੁਲ ਪਾਵਣੀ ਜੀ।
ਰੋਟੀ ਚੱਕੀ ਦੇ ਆਟੇ ਦੀ ਦੁਧ ਗੋਕਾ,
ਰੋਜ਼ ਪਾਠੀਆਂ ਤਾਈਂ ਛਕਾਵਣੀ ਜੀ।
ਸੇਵਾ ਕਰਨ ਤੋਂ ਹੀ ਮੇਵਾ ਲਭਦਾ ਹੈ,
ਰੱਜ ਰੱਜ ਕੇ ਸੇਵ ਕਮਾਵਣੀ ਜੀ।

ਪਾਠ ਅਜ ਹੀ ਕਰੋ ਆਰੰਭ ਸਿੰਘੋ,
ਮਹਾਰਾਜ ਜੀ ਬਚਨ ਉਚਾਰਿਆ ਸੀ।
ਨਰੈਣ ਸਿੰਘ ਕਹਿੰਦਾ ਪਾਠੀ ਇਕ ਕਲ੍ਹ ਆਉਣਾ,
ਦਿਨ ਭਲਕ ਦਾ ਅਸਾਂ ਵਿਚਾਰਿਆ ਸੀ।

ਜੋਗ ਸਿੰਘ ਮਹਾਰਾਜ ਜੀ ਹੁਕਮ ਕੀਤਾ,
ਇਕ ਪਾਠੀ ਕਰਨੈਲ ਸਿੰਘ ਪਾਈਏ ਜੀ।
ਕਰਨੈਲ ਸਿੰਘ ਆਖੇ ਮੈਂ ਨਹੀਂ ਪਾਠ ਜਾਣਾ,
ਮੇਰੀ ਥਾਂ ਕੋਈ ਦੂਸਰਾ ਲਾਈਏ ਜੀ।
ਮਹਾਰਾਜ ਕਰਨੈਲ ਨੂੰ ਸੱਦ ਕਹਿੰਦੇ,
ਤੈਨੂੰ ਪਾਠੀਆਂ ਵਿਚ ਲੁਆਈਏ ਜੀ।
ਹੱਥ ਜੋੜ ਕਰਨੈਲ ਸਿੰਘ ਆਖਿਆ ਸੂ,
ਪਾਠ ਨਹੀਂ ਆਉਂਦਾ ਐਵੇਂ ਨਾ ਫਸਾਈਏ ਜੀ।

ਅੰਤਰ ਧਿਆਨ ਮਹਾਰਾਜ ਜੀ ਕਹਿਣ ਲਗੇ,
ਜ਼ੁਮੇਂਵਾਰ ਅਸੀਂ ਤੇਰੇ ਪਾਠ ਦੇ ਜੀ।
ਅੱਠਵੇਂ ਗੁਰੂ ਜਿਵੇਂ ਮੂਰਖ ਨੂੰ ਗਿਆਨ ਦਿੱਤਾ,
ਤਿਵੇਂ ਕਰਨੈਲ ਸਿੰਘ ਵੀ ਅੱਖਰ ਉਠਾਲ ਦੇ ਜੀ।



Sri Satguru Jagjit Singh Ji Elibrary NamdhariElibrary@gmail.com

ਸੰਤ ਪ੍ਰੀਤਮ ਸਿੰਘ ਨੇ ਮਹਾਰਾਜ ਅਗੇ ਅਰਜ਼ ਕਰਨੀ :

ਸਰਨੀ ਪੈ ਪ੍ਰੀਤਮ ਸਿੰਘ ਅਰਜ਼ ਕੀਤੀ,
ਤਿੰਨਾਂ ਪੀਹੜੀਆਂ ਦੇ ਨਾਮ ਧਾਰੀਏ ਜੀ।
ਤੁਹਾਡੇ ਚਰਨਾ ਨੂੰ ਸਦਾ ਹੀ ਪੂਜਦੇ ਹਾਂ;
ਮੇਰੇ ਦਾਦੇ ਤੋਂ ਹੁਣ ਤੀਕ ਵਿਚਾਰੀਏ ਜੀ।
ਵਾਧਾ ਨਹੀ ਹੋਇਆਂ ਸਾਡੀ ਵੰਸਦਾ ਜੀ;
ਤੁਸੀਂ ਮੇਹਰ ਦੀ ਨਜ਼ਰ ਉਸਾਰੀਏ ਜੀ।
ਦਾਦੇ ਬਾਬਿਓ ਲੈ ਮੈਂ ਥੀ ਹੁਣ ਕਲਾ;
ਅਰਸ਼ੋਂ ਤਰਸ ਦਾ ਮੀਂਹ ਉਤਾਰੀਏ ਜੀ।

ਮਹਾਰਾਜ ਦਿਆਲ ਨੇ ਬਚਨ ਕੀਤੇ,
ਆਖੰਡ ਪਾਠ ਜਿੰਨੇ ਤੂੰ ਕਰਾਂਏਗਾ ਵਈ।
ਓਨੇਂ ਪੁਤ੍ਰ ਤੇਰੇ ਘਰ ਪੈਦਾ ਹੋਵਣ,
ਬਚਨ ਸਾਡਾ ਜੇ ਸਹੀ ਨਿਭਾਏਂਗਾ ਵਈ।

ਪ੍ਰੀਤਮ ਸਿੰਘ ਕਰਨੇ ਤਿੰਨ ਪਾਠ ਮੰਨੇ,
ਵਰ ਪੁਤ੍ਰਾਂ ਤਿੰਨਾਂ ਦਾ ਪਾਇਆ ਜੀ।
ਬਚਨ ਸਾਧ ਦਾ ਜਾਏ ਨਾ ਕਦੇ ਖਾਲੀ,
ਭਾਵੇ ਪੰਖ ਲਾ ਪ੍ਰਬਤ ਉਡਾਇਆ ਜੀ।
ਨਦੀਆਂ ਲੇਹਿਦਿਓ ਚੜਦੇ ਦਾ ਰੁਖ ਲੇਵਣ,
ਸੂਰਜ ਪੱਛਮੋਂ ਪੂਰਬ ਨੂੰ ਆਇਆ ਜੀ।
ਰਹੇ ਸਾਧ ਦਾ ਬਚਨ ਅਟੱਲ ਏਦਾਂ,
ਜਿਵੇਂ ਤਾਰਾ ਧਰੂ ਨਾ ਕਿਸੇ ਹਲਾਇਆ ਜੀ।

ਜੰਗ ਸਿੰਘ ਦੇ ਵਾਕ ਸਭ ਸਿੱਧ ਹੁੰਦੇ,
ਜਿਵੇਂ ਤੀਰ ਨਿਸ਼ਾਨੇ ਤੇ ਲੱਗਦਾ ਈ।



Sri Satguru Jagjit Singh Ji Elibrary NamdhariElibrary@gmail.com

ਮਹਾਪੁਰਖ ਸੰਸਾਰ ਤੇ 'ਕੰਵਲ' ਔਂਦੇ,
ਭਲਾ ਕਰਨ ਸਰਬੱਤ ਓ ਜੱਗਦਾਈ।

**ਕਰਤਾਰ ਸਿੰਘ ਨੂੰ ਕਤਲ ਕੇਸ ਚੋ ਬਚੌਣਾ :**

ਕਰਨੈਲ ਸਿੰਘ ਹੱਥ ਬੰਨ੍ਹਕੇ ਅਰਜ਼ ਕੀਤੀ;
ਕਤਲ ਕੇਸ ਵਿਚ ਮੇਰਾ ਭਾਈ ਫੱਸਿਆ ਹੈ।
ਗ਼ਰੀਬ ਨਿਵਾਜ ਕਿਹਾ ਕਰਨੈਲ ਸਿੰਘਾ,
ਤੈਂ ਅਗੇ ਕਿਓ ਨਹੀਂ ਸਾਨੂੰ ਦੱਸਿਆ ਹੈ।
ਉਸਦੇ ਨਾਲ ਕਿੰਨ੍ਹੇ ਹੋਰ ਫਸੇ ਹੋਏ ਨੇ;
ਚਾਰ ਹੋਰ ਹੈ ਗੋਝ ਸਮੱਸਿਆ ਹੈ।
ਅਖੰਡ ਪਾਠ ਕਰੌਣਾ ਇਕ ਪਊ ਤੈਨੂੰ,
ਰੱਬ ਕਦੇ ਨਾ ਭਗਤ ਤੋਂ ਨੱਸਿਆ ਹੈ ?

ਅਸੀਂ ਓਹਨਾਂ ਤੋਂ ਕੁਛ ਨਹੀਂ ਮੰਗਣਾ ਹੈ,
ਕਰ ਅਰਦਾਸ ਤੇਰੀ ਆਸ ਪੂਰੀ ਹੋਏ।
ਬਚਨ ਪੂਰਾ ਹੋਇਆ ਮਹਾਰਾਜ ਜੀ ਦਾ,
ਸਣੇ ਕਕਤਾਰ ਪੰਜੇ ਸਾਥੀ ਬਰੀ ਹੋਏ।

**ਮਹਾਰਾਜ ਜੰਗ ਸਿੰਘ ਜੀ ਬਚਨ ਕੀਤਾ :**

ਚਾਲੀ ਦਿਨ ਜਿਥੇ ਭਜਨ ਜਾਪ ਹੋਵੇ,
ਓਹੋ ਧਰਤੀ ਸੁਹਾਵਣੀ ਹੋ ਜਾਂਦੀ।
ਓਥੋਂ ਭੂਤ ਪ੍ਰੇਤ ਕਲ ਜੋਗਣਾਂ ਦੀ;
ਸਦਾ ਲਈ ਸੁਫਾਈ ਹੈ ਹੋ ਜਾਂਦੀ।
ਓਥੇ ਨਾਮ ਦਾ ਸਦਾ ਪ੍ਰਭਾਓ ਰਹਿੰਦਾ,
ਗੰਦੀ ਬੂ ਮਨ ਮੁਖਾਂ ਦੀ ਖੋ ਜਾਂਦੀ।



Sri Satguru Jagjit Singh Ji Elibrary NamdhariElibrary@gmail.com

ਭਾਈ ਭਾਈਆਂ ਦਾ ਸਦਾ ਪਿਆਰ ਵਧਦਾ,
'ਕੰਵਲ' ਉਡ ਅਭਿਮਾਨ ਦੀ ਥੋ ਜਾਂਦੀ।

ਦੁਆਲੇ ਗਾਂਓ ਦੇ ਨਾਮ ਦੀ ਵਾੜ ਹੁੰਦੀ,
ਉਹ ਤੋੜੀ ਨਾ ਕਿਸੇ ਤੋਂ ਟੁੱਟਦੀ ਏ।
ਦੁੱਧ, ਪੁਤ, ਧੰਨ ਦੀ ਨਹੀਂ ਘਾਟ ਆਉਂਦੀ,
ਕਾਰ ਧਰਮ ਦੀ ਨਹੀਂ ਨਿਖੁੱਟ ਦੀ ਏ।

**ਪਾਕਿਸਤਾਨ ਦੀ ਵੰਡ ਵੇਲੇ ਮਹਾਰਾਜ ਨੇ ਆਪਣੇ ਸਿੰਘਾਂ ਨੂੰ ਬਚਾਉਣਾ :**

ਮੁਸਲਮਾਨ ਸਰਦਾਰਾਂ ਦਾ ਪਿੰਡ ਭਸਕਾਂ,
ਤਿੰਨ ਮੀਲ ਫਲੇਰਿਓਂ ਦੂਰ ਲੋਕੋ।
ਦਸ ਲੱਖ ਮੁਸਲਮ ਅਕੱਠਾ ਆਣ ਹੋਇਆ
ਸਭ ਨੂੰ ਪਾਕਿਸਤਾਨ ਗਰੂਰ ਲੋਕੋ।
ਕਰਨ ਰਹਿਮ ਨਾ ਉਹ ਹਿੰਦੂ ਸਿੱਖ ਉਤੇ,
ਜਿਥੇ ਮਿਲੇ ਕਰਨ ਕਤਲ ਜ਼ਰੂਰ ਲੋਕੋ।
ਜੰਗ ਸਿੰਘ ਜੀ ਰਖਿਆ ਕਰੀਂ ਸਾਡੀ,
ਹੋਈ ਗੱਲ ਇਹ ਜੱਗ ਮਸ਼ਹੂਰ ਲੋਕੋ।

ਬਸੰਤ ਪੰਚਮੀ ਮਾਘ ਦੀ ਭੋਗ ਪਾ ਕੇ,
ਮਹਾਰਾਜ ਫਲੇਤੇ ਨੂੰ ਤਾਰ ਗਏ ਜੀ।
ਖੁਸ਼ੀਆਂ ਬਖਸ਼ੀਆਂ ਨਗਰ ਨਿਵਾਸੀਆਂ ਨੂੰ,
'ਕੰਵਲ' ਆਪ ਉਹ ਏਥੋਂ ਪਧਾਰ ਗਏ ਜੀ।



Sri Satguru Jagjit Singh Ji Elibrary NamdhariElibrary@gmail.com

ਸੰਮਤ ਤ੍ਰੇਸਠ ਚੌਸਠ ਵਿਚ ਮਹਾਰਾਜ ਜੰਗ ਸਿੰਘ ਜੀ ਸਿੱਖਾਂ ਸੰਤਾਂ ਨੂੰ ਨਾਲ ਲੈਕੇ ਮੱਥਰਾ ਪੁੱਜ ਕੇ ਯੱਗ ਹੋਮ ਕੀਤਾ ਕਿਹਾ ਦੁਆਪਰ ਦੀ ਸੋਗੀ ਜਨਮ ਭੂਮੀ ਹੈ। (ਏਥੇ ਦੀ ਫੋਟੋ ਨਹੀਂ ਮਿਲੀ)

ਏਹ ਥਾਂ ਅਲਾਹਾਬਾਦ ਦੇ ਇਲਾਕੇ ਜਮਨਾ ਨਦੀ ਦੇ (ਸੱਜੇ ਕਿਨਾਰੇ ਬ੍ਰਿਜ ਭੂਮੀ ਵਿਚ ਮਥਰਾ ਪ੍ਰਸਿੱਧ ਸ਼ਹਿਰ ਹੈ, ਲਿਖਿਆ ਹੈ ਕਿ ਏਹ ਹਿੰਦੂਆਂ ਦੀ ਸੱਤ ਪਵਿੱਤਰ ਨਗਰੀਆਂ ਵਿੱਚੋਂ ਇਕ ਹੈ, ਭਗਵਾਨ ਕ੍ਰਿਸ਼ਨ ਜੀ ਨੇ ਏਥੇ ਹੀ ਜਨਮ ਲਿਆ, ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਿਸ਼ਨਾ ਅਵਤਾਰ ਦਸਮ ਗ੍ਰੰਥ ਵਿੱਚ ਲਿਖਿਆ ਹੈ।

"ਮਥਰਾ ਮੰਡਲ ਕੇ ਵਿਖੇ ਜਨਮ ਧਰਿਯੋ ਹਰਿ ਰਾਇ।"

ਵਿਸ਼ਨੂ ਪੁਰਾਣ ਵਿੱਚ ਲਿਖਿਆ ਹੈ ਕਿ ਏਥੇ ਇਕ ਦੈਂਤ ਮਧੁ ਨਾਮੀ ਰਾਜ ਕਰਦਾ ਸੀ। ਜਿਸ ਤੋਂ ਇਸ ਨਗਰੀ ਦਾ ਨਾਮ ਮਧਪੁਰੀ ਹੋਇਆ ਜਦ ਮਧੁ ਦੇ ਪੁਤ੍ਰ ਲਵਣ ਨੂੰ ਸ੍ਰੀ ਰਾਮ ਚੰਦ੍ਰ ਜੀ ਦੇ ਭਾਈ ਸ਼ੱਤ੍ਰਘਨ ਨੇ ਮਾਰ ਦਿੱਤਾ ਤਾਂ ਉਸਨੇ ਇਸ ਸ਼ਹਿਰ ਦਾ ਨਾਮ 'ਮਧੁਰਾ' ਰੱਖ ਦਿੱਤਾ ਜਿਸਤੋਂ ਮਥਰਾ ਬਣ ਗਿਆ।

ਬਾਦਸ਼ਾਹ ਔਰੰਗਜੇਬ ਨੇ ਰਮਜਾਨ ਸਨ ਹਿਜਰੀ ੧੦੮੦ ਤੇ ਸਨ ੧੬੬੯. ਵਿੱਚ ਇਸ ਪੁਰੀ ਦਾ ਨਾਮ "ਇਸਲਾਮਾਬਾਦ" ਰੱਖਿਆ ਸੀ ਅਤੇ ਕੇਸ਼ਵਦੇਵ ਮੰਦਰ ਨੂੰ ਢਾਹ ਕੇ ਮਸੀਤ ਬਣਵਾਈ ਸੀ। ਇਸ ਸ਼ਹਿਰ ਵਿੱਚ ਛੇਵੇਂ ਗੁਰ ਹਰਿਗੋਬਿੰਦ ਜੀ ਨੌਵੇਂ ਗੁਰੂ ਤੇਗਬਹਾਦਰ ਅਤੇ ਗੁਰੂ ਨਾਨਕ ਦੇਵ ਜੀ ਵੀ ਪਧਾਰੇ ਸਨ ਵੇਖੋ ਨਾਨਕ ਪ੍ਰਕਾਸ਼ ਦਾ ਉਤਰਾਰਧ ਅਧਿਆਇ ੯।



ਹ ਫੋਟੋ ੧੯੫੫ ਵਿਚ ਮਥਰਾ ਇਕ ਸਿੱਖ ਦਾ ਦੁਖ ਨਿਵਾਰਨ ਗਏ, ਵਾਪਸੀ ਦਿੱਲੀ ਾਉਂਦਿਆਂ ਪਿੰਡ ਚੋਮਾ ਵਿਖੇ ਗਏ ਓਥੇ ਮਹਾਰਾਜ ਜੰਗ ਸਿੰਘ ਜੀ ਹਾਥੀ ਦੀ ਸਵਾਰੀ ਰ ਰਹੇ ਹਨ ਨਾਲ ਸੰਤ ਗਿਆਨ ਸਿੰਘ ਜੀ ਤੇ ਸੰਤ ਪੂਰਨ ਸਿੰਘ ਜੀ ਅਤੇ ਭਾਈ ਨਿਹਾਲ ਿੰਘ ਜੀ ਖੜੇ ਹਨ।

Sri Satguru Jagjit Singh Ji Elibrary NamdhariElibrary@gmail.com





ਸ੍ਰ. ਜੀਵਣ ਸਿੰਘ ਰੈਣੂ
ਦਿਲਾਵਰ ਇਲੈਕਟ੍ਰਿਕ ਕੰਪਨੀ
ਕੀਰਤੀ ਨਗਰ ਨਵੀ ਦਿੱਲੀ -15
ਫੋਨ - 536817

ਸ੍ਰ. ਗੁਰਬ[illegible] ਸਿੰਘ
ਮਾਲਕ ਰੈਣੂ ਇਨ[illegible]ਰਿੰਗ ਵਰਕਸ਼
ਫੋਨ - 5[illegible]37



ਸ੍ਰ. ਵੰਜਾ ਸਿੰਘ ਜੀ ਵੱਡੇ ਭਰਾਤਾ ਸ੍ਰ. ਗਿਆਨ ਸਿੰਘ ਬਲੋਂਵਾਲੀ ਦੇ ਹਨ । ਆਪਣੀ ਪਿਆਰੀ ਗਊ ਦੀ ਧਾਰ ਕੱਢ ਰਹੇ ਹਨ ਤੇ ਸੁਪਤਨੀ ਪੂਰਨ ਕੌਰ ਸਾਥ ਖੜੀ ਹੈ । ਸੰਤ ਵੰਜਾ ਸਿੰਘ ਜੀ ਨੂੰ ਪਹਿਲਾਂ ਤੋਂ ਹੀ ਗਊਆਂ ਰੱਖਣ ਦਾ ਸ਼ੌਕ ਸੀ । ਪਰ ਜਦ ਏਹ ਦਿੱਲੀ ਆਏ ਸਨ ਤਾਂ ਗੁਰੂ ਪ੍ਰਤਾਪ ਸਿੰਘ ਮਹਾਰਾਜ ਦੀ ਛੋਹ ਅਤੇ ਉਹਨਾਂ ਦਾ ਗਊਆਂ ਪਾਲਣ ਪ੍ਰਤੀ ਉਪਦੇਸ਼ ਸੁਣ ਕੇ ਗਊਆਂ ਰੱਖਣ ਦਾ ਉਦਮ ਹੋਰ ਉਮੜਿਆ । ਇਹ ਗਊ ਵਲੈਤੀ ਨਸਲ ਦੀ ਹੈ ਰੱਜਵਾਂ ਦੁੱਧ ਮਖਣ ਦੇਂਦੀ ਹੈ ਖਰਚਾ ਵੀ ਦੇਸੀ ਨਸਲ ਨਾਲੋਂ ਬਹੁਤ ਘਟ ਹੈ, ਏਹ ਆਪਣੇ ਸਾਰੇ ਪ੍ਰੀਵਾਰ ਦਾ ਪਾਲਣ ਪੋਸ਼ਣ ਇਸਦੇ ਦੁੱਧ ਘਿਉ ਮੱਖਣ ਨਾਲ ਕਰਦੇ ਆਏ ਹਨ, ਹੋਰ ਗਊ, ਮੱਝ, ਬਕਰੀ, ਊੱਟਨੀ ਦੁੱਧ ਆਦਿ ਗੁਣ ਇਸ ਪੁਸਤਕ, ਅੰਦ੍ਰ ਪੰਨਾ ੧੬੭ ਤੋਂ ੧੭੪ ਪੜ੍ਹੋ ।

Sri Satguru Jagjit Singh Ji Elibrary NamdhariElibrary@gmail.com

# ਗੁਰੂ ਹਰੀ ਸਿੰਘ ਜੀ ਦਾ ਹੁਕਮ

ਮਾਤਾ ਸਾਹਿਬ ਕੌਰ ਦੇ ਮਹਾਰਾਜ ਜੰਗ ਸਿੰਘ ਜੀ ਨੂੰ ਗੋਦੀ ਲੈਣ ਤੋਂ ਪਹਿਲਾਂ, ਗੁਰੂ ਹਰੀ ਸਿੰਘ ਜੀ ਦਾ ਹੁਕਮ ਸੀ ਕਿ ਜੇਹੜੀ ਮਾਈ ਬੀਬੀ ਸਤ ਅੱਠ ਸਾਲ ਆਪਣਾ ਜੱਤ-ਸੱਤ ਕਾਇਮ ਰਖ ਸਕੇ, ਉਹੋ ਬੀਬੀ ਬਾਲਕ ਨੂੰ ਆਪਣਾ ਦੁਧ ਪਿਲਾ, ਪਰਵਰਸ਼ ਕਰ ਸਕਦੀ ਹੈ। ਸੋ ਇਹ ਨਿਯਮ ਬੀਬੀ ਸਾਹਿਬ ਕੌਰ ਸੁਪਤਨੀ ਸਰਦਾਰ ਬਿਸ਼ਨ ਸਿੰਘ, (ਕੋਟ ਧਰਮੂ ਰਿਆਸਤ ਪਟਿਆਲਾ, ਨਜ਼ਾਮਤ ਬਰਨਾਲਾ, ਤਹਿਸੀਲ ਮਾਨਸਾ) ਨੇ ਪੂਣ ਪੂਰਾ ਕੀਤਾ ਅਤੇ ਅੱਠ ਸਾਲ ਮਹਾਰਾਜ ਬਾਲਕ ਨੂੰ ਆਪਣਾ ਦੁਧ ਚੁੰਘਾ ਕੇ ਗੁਰੂ ਹਰੀ ਸਿੰਘ ਜੀ ਦਾ ਵਾਕ ਸੱਤਿ ਕੀਤਾ। ਮਹਾਰਾਜ ਜੰਗ ਸਿੰਘ ਜੀ ਵੀ ਸਿਆਣੇ ਹੋ ਕੇ ਆਖਦੇ ਹੁੰਦੇ ਸਨ। (ਹਿੱਕ ਤੇ ਹੱਥ ਮਾਰ ਕੇ) ਕਿ ਮੈਂ ਅੱਠ ਸਾਲ ਮਾਂ ਦਾ ਦੁਧ ਚੁੰਘਿਆ ਹੈ। ਇਸ ਲਈ ਮਹਾਰਾਜ ਸਰੀਰ ਕਰਕੇ ਜੋਧੇ, ਸੂਰਬੀਰ ਅਤੇ ਸਾਰੀ ਉਮਰ ਬਾਲ-ਜੱਤੀ ਰਹੇ। ਔਰ ਰਿੱਧੀਆਂ-ਸਿੱਧੀਆਂ ਦੇ ਮਾਲਕ ਹੋ, ਆਪਣੇ ਸੇਵਕਾਂ ਦੇ ਸੁਖ-ਦੁਖ ਵਿਚ ਸਹਾਈ ਹੁੰਦੇ ਰਹੇ।

'ਕੰਵਲ'

ਅਗੇ ਮਾਂ ਦੇ ਦੁਧ ਦੇ ਗੁਣ ਲਿਖਦੇ ਹਾਂ

ਵਾਕ ਕਵੀ :

ਬੈਂਤ :

(੧) ਮਾਂ ਦੇ ਦੁਧ ਵਿਚ ਬੜੀ ਬਲਵਾਨ ਸ਼ਕਤੀ,
ਸਾਰੇ ਰੋਗਾਂ ਤੋਂ ਬਾਲਕ ਬਚਾਂਵਦੀ ਏ।



Sri Satguru Jagjit Singh Ji Elibrary NamdhariElibrary@gmail.com

ਮਾਂ ਪੁਤ੍ਰ ਉਹ ਸਦਾ ਅਰੋਗ ਰਹਿੰਦੇ,
ਬੀਮਾਰੀ ਕੋਈ ਨਾ ਉਹਨਾਂ ਸਤਾਂਵਦੀ ਏ।
ਜਿਤਨੀ ਦੇਰ ਰਹੇ ਬੱਚਾ ਦੁਧ ਪੀਂਦਾ,
ਕਾਮ ਵਾਸ਼ਨਾ ਮੂਲ ਨਾ ਆਂਵਦੀ ਏ।
ਬਾਲਕ 'ਕੰਵਲ' ਦੇ ਵਾਂਗ ਰਹੇ ਸਦਾ ਖਿੜਿਆ,
ਭੈੜੀ ਵਾਦੀ ਵੀ ਉਸ ਤੋਂ ਸ਼ਰਮਾਂਵਦੀ ਏ।

(੨) ਪ੍ਰਾਣ ਵਿਚ ਸਰੀਰ ਦੇ ਕਾਇਮ ਰਖਦਾ,
ਰਿਸ਼ਟ-ਪੁਸ਼ਟ ਏ ਬੱਚੇ ਨੂੰ ਰੱਖਦਾ ਈ।
ਰਕਤ ਪਿੱਤ ਰੋਗਾਂ ਵਿਚ ਨਸਵਾਰ ਦੇਣਾ,
ਨਾਲੇ ਰੋਗ ਕਰਦਾ ਦੂਰ ਅੱਖ ਦਾ ਈ।
ਦੁਧ ਥਣਾਂ ਦਾ ਜੇਠਾ ਮੁਫੀਦ ਬਹੁਤਾ,
ਜ਼ਿੰਦ ਜੰਮਦੇ ਬੱਚੇ ਦੀ ਰੱਖਦਾ ਈ।
'ਕੰਵਲ' ਦੁਧ ਰਸੈਣ ਹੈ ਕਿਹਾ ਮਾਂ ਦਾ,
ਸੁਖੀ ਰਹੇ ਜੋ ਏਸ ਨੂੰ ਚੱਖਦਾ ਈ।

**ਵੈਦਕ ਅਨੁਸਾਰ ਗਊ ਦੁਧ ਦੇ ਗੁਣ :**

ਮਿੱਠਾ ਚੀਕਣਾ ਠੰਢਾ ਹੈ ਬਲ ਕਾਰਕ;
ਧਾਂਤੂ ਕਰੇ ਪੈਦਾ ਪਿੱਤ ਨਾਸ਼ ਕਰਦਾ।
ਚਿੱਟੀ ਗਊ ਨਾਲੋਂ ਉਤਮ ਹੋਰ ਦੁਧ ਹੈ;
ਕਾਲੀ ਗਊ ਦਾ ਅਸਰ ਅਪਾਰ ਕਰਦਾ।
ਦੁਧ ਗਊ ਦਾ ਅੰਮ੍ਰਿਤ ਸਮਾਨ ਜਾਣੋਂ,
ਨਿਰਘੰਟੂ ਮੱਤ ਹੈ; ਏਸ ਨੂੰ ਜ਼ਾਹਰ ਕਰਦਾ।
ਕਰੇ ਪਾਲਣਾ ਬੱਚਿਆਂ ਬੁੱਢਿਆਂ ਦੀ,
'ਕੰਵਲ' ਦੁਧ ਏ ਗਊ ਦਾ ਪਿਆਰ ਕਰਦਾ।



Sri Satguru Jagjit Singh Ji Elibrary NamdhariElibrary@gmail.com

**ਭੈਂਸ ਦੁਧ ਦੇ ਗੁਣ-ਵੈਦਕ ਅਨੁਸਾਰ :**

ਬਲ–ਵੀਰਜ ਨੂੰ ਏਹੋ ਵਧਾਉਣ ਵਾਲਾ,
ਮਿੱਠਾ ਭਾਰੀ ਤੇ ਕਫ ਨੂੰ ਧਾਰਦਾ ਈ।
ਭੁੱਖ ਦੂਰ ਕਰਦਾ ਗਾੜ੍ਹੀ ਨੀਂਦ ਆਵੇ,
ਜ਼ੋਰ ਅਤਿ ਦਾ ਵੈਰੀ ਲਲਕਾਰਦਾ ਈ।
ਇਹੋ ਮਿੱਤਰ ਹੈ ਪਹਿਲਵਾਨ ਘੋਲੂਆਂ ਦਾ,
ਐਰੇ-ਗੈਰੇ ਨੂੰ ਪਿੜ 'ਚ ਪਛਾੜਦਾ ਈ।
ਜੇਹੜਾ ਵਰਤਦਾ ਹੈ ਢੰਗ ਨਾਲ ਇਸ ਨੂੰ,
ਜੁੱਧ–ਸੂਰਮਾ 'ਕੰਵਲ' ਨਾ ਹਾਰਦਾ ਈ।

**ਬੱਕਰੀ ਦੇ ਦੁਧ ਦੇ ਗੁਣ**

**ਬੈਂਤ :**

ਦੁਧ ਬੱਕਰੀ ਦੇ ਗੁਣ ਕਹੇ ਵੈਦਾਂ;
ਇਹ ਨਾਸਕ ਤ੍ਰੈ ਦੋਖ ਦਾ ਪਾਇਆ ਈ।
ਵਿਖਮ ਜ੍ਵਰ (ਤਾਪ) ਦਾ ਨਾਸ ਏ ਕਰਣਹਾਰਾ,
ਤ੍ਰਿੱਖਾ ਸੁਆਦ ਹੈ ਏਸ ਦਾ ਗਾਇਆ ਈ।
ਛੋਟਾ ਹੋਣ ਦਾ ਏਸ ਵਜੂਦ ਕਰਕੇ,
ਜ਼ਲ ਪਾਣੀ ਬੀ ਥੋੜ੍ਹਾ ਕਰਾਇਆ ਈ।
'ਕੰਵਲ' ਸਾਰੇ ਏਹੁ ਰੋਗਾਂ ਲਈ ਗੁਣਕਾਰੀ,
ਮਹਾਤਮਾ ਗਾਂਧੀ ਵੀ ਏਸ ਅਪਨਾਇਆ ਈ।

**ਊਂਠਣੀ ਦੁਧ ਦੇ ਗੁਣ**

**ਬੈਂਤ :**

ਹਲਕੀ ਗਰਮ ਤਸੀਰ ਇਸ ਦੁੱਧ ਦੀ ਏ,
ਪੀਣ ਨਾਲ ਸਾਲੂਣਾ ਸੁਆਦ ਆਵੇ।
ਬਵਾਸੀਰ ਦੇ ਰੋਗਾਂ ਨੂੰ ਹਰਨ ਵਾਲਾ,
ਰੋਗ ਪੇਟ ਦਿਆਂ ਕਿਰਮਾਂ ਦਾ ਘਾਤ ਪਾਵੇ।



Sri Satguru Jagjit Singh Ji Elibrary NamdhariElibrary@gmail.com

ਸੋਜਾਂ ਬਲਗਮੀ ਰਹੇ ਨਾ ਮੂਲ ਕਾਈ,
ਅਫਾਰਾ ਪੇਟ ਦਾ ਦੂਰ ਤੁਰੰਤ ਜਾਵੇ।
ਵਿਦਵਾਨਾਂ ਨੇ 'ਕੰਵਲ' ਪਹਿਚਾਣ ਦੱਸੀ,
ਦੁਧ ਉਠਣੀ ਦਾ ਰੋਗੀ ਜੋ ਪਾਵੇ।

### ਗਊ ਦਹੀਂ ਗੁਣ

**ਦਵੈਯਾ ਛੰਦ :**

ਦਹੀਂ ਗਊ ਵਿਚ ਗੁਣ ਜੋ ਦੱਸੇ,
ਕੀਤਾ ਵਰਨਣ ਮੈਂ ਏਹੁ ਯਾਰ।
ਸੁਆਦ ਆਮਲੇ ਜੇਹਾ ਖੱਟਾ,
ਪਾਚਨ ਸ਼ਕਤਿ ਬੜੀ ਅਪਾਰ।
ਕਫ ਧਾਤੂ ਦੇ ਮੱਲ ਔ-ਰਸਨੂ,
ਏ ਹੈ ਜਿੱਤਣਹਾਰ ਸਾਰ।
ਬੀਰਜ ਪੁਸ਼ਟੀ ਮੋਟਾ-ਪਨ ਦੀ,
ਕਰੇ ਛਿਨਾਈ ਪਲ ਵਿਚ ਖਾਰ।
ਰਕਤ ਪਿੱਤ ਦਾ ਰੋਗ ਮਿਟਾਵੇ,
ਪੁਰਖ ਮਨਾਵੇ ਖੁਸ਼ੀ ਅਪਾਰ।
ਰੁਚੀ ਕਾਰਕ ਏਹੁ ਦਹੀਂ ਕਹੀਦਾ;
ਸਭ ਦਾ ਬਲ ਵਧਾਵਣ ਹਾਰ।
'ਕੰਵਲ' ਹੋਰ ਕਈ ਰੋਗ ਨਿਵਾਰਕ,
ਦਹੀਂ ਗਊ ਦਾ ਪਿਆਰਾ ਯਾਰ।

**ਭੈਂਸ ਦਹੀਂ ਗੁਣ :**

ਗਾਹੜਾ ਅਤੇ ਚੀਕਣਾ ਮਿੱਠਾ,
ਮਲ ਰਕਤ ਦਾ ਨਾਸਕ ਯਾਰ।



Sri Satguru Jagjit Singh Ji Elibrary NamdhariElibrary@gmail.com

ਬਾਤ ਪਿੱਤ ਦੇ ਰੋਗ ਮਿਟਾਵੇ;
ਦਹੀਂ ਭੇਂਸ ਦਾ 'ਕੰਵਲ' ਵਿਚਾਰ।

**ਬੱਕਰੀ ਦਹੀਂ ਗੁਣ :**

ਤਸੀਰ ਏਸ ਦੀ ਗਰਮ ਬਤਾਈ,
ਖਈ ਰੋਗ ਏਹੁ ਹਰਦਾ ਹੈ।
ਵਾਯੂ ਨੂੰ ਭੀ ਦੂਰਣ ਕਰਦਾ,
ਬਵਾਸੀਰ ਨੂੰ ਟਰਦਾ ਹੈ।
ਅਗਨਿ ਮੇਧੇ ਨੂੰ ਤਾਕਤ ਦੇਵੇ,
ਬਾਤ ਪਿੱਤ ਨੂੰ ਹਰਦਾ ਹੈ।
'ਕੰਵਲ' ਬੱਕਰੀ ਦਾ ਦਹੀਂ ਐਸਾ,
ਆਖਣ ਮੇਰਾ ਸਰਦਾ ਹੈ।

**ਗਊ ਲੱਸੀ ਗੁਣ :**

**ਬੈਂਤ :**

ਮਨ ਭਾਵਨੀ ਹੈ ਇਹ ਰੁਚੀ ਕਾਰਕ,
ਅਤੇ ਨਾਸ ਤ੍ਰੇ ਦੋਖਦਾ ਕਰੇ ਪਿਆਰੇ।
ਮੰਦ ਅਗਨਿ ਨੂੰ ਦਿਪਤ ਪ੍ਰਚੰਡ ਕਰਦੀ,
ਹਿਰਦੇ ਰੋਗਨੂੰ ਹੈ ਗੁਣਕਾਰ ਪਿਆਰੇ
ਬਵਾਸੀਰ ਦੀ ਨਾਸਕ ਹੈ ਗੋਕਾ ਲੱਸੀ,
ਦੋਖ ਪੇਟ ਦੇ ਅਨਕ ਇਹੋ ਹਰੇ ਪਿਆਰੇ।
ਏਹੁ 'ਕੰਵਲ' ਦੀ ਜਾਣ ਅਕਸੀਰ ਬੂਟੀ,
ਵੈਦ ਵਿਸ਼ਾਰਦਾ ਤੱਤ ਏਹੁ ਭਰੇ ਪਿਆਰੇ।

**ਭੈਂਸ ਲੱਸੀ ਗੁਣ :**

ਇਹ ਭੀ ਕਈ ਬੀਮਾਰੀਆਂ ਦੂਰ ਕਰਦੀ,
ਸੰਗ੍ਰੈਹਣੀ ਲਿੱਫ ਤੇ ਬਵਾਸੀਰ ਭਾਈ।



Sri Satguru Jagjit Singh Ji Elibrary NamdhariElibrary@gmail.com

ਲੱਗੇ ਦਸਤਾਂ ਤੋਂ ਲਾਭ ਪੁਚਾਂਵਦੀ ਏ,
ਸੁਖੀ ਕਰੇ ਏਹੁ ਪੁਰਖ ਸਰੀਰ ਭਾਈ।
ਜਿਹਨਾਂ ਰੱਖੀਆਂ ਘਰਾਂ ਵਿਚ ਗਊ ਭੈਸਾਂ,
ਸਾਰੇ ਜਾਣਦੇ ਉਹ ਤਦਵੀਰ ਭਾਈ।
ਗੁਣ ਭੈਂਸ ਦੀ ਲੱਸੀ ਦੇ ਕਹੇ ਵੈਦਾਂ,
ਮੰਨਿਆਂ 'ਕੰਵਲ' ਵੀ ਏਸ ਅਕਸੀਰ ਭਾਈ।

ਅਜਾ ਬੱਕਰੀ ਲੱਸੀ ਗੁਣ :

ਬੋਝਲ-ਹੀਣ ਏਹ ਚੀਕਣੀ ਅਜਾ ਲੱਸੀ,
ਨਾਸਕ ਕਹੀ ਤ੍ਰੈ ਦੋਖ ਦੀ ਸਾਰਿਆਂ ਨੇ।
ਗੋਲਾ ਪੇਟ ਦਾ ਖਾਰਦੀ ਇਹ ਲੱਸੀ,
ਅਫਾਰਾ ਸੂਲ ਜਾਵੇ ਮੰਨੀ ਸਾਰਿਆਂ ਨੇ।
ਬਵਾਸੀਰ ਸੰਗ੍ਰਹਿਣੀ ਦੀ ਨਾਸਕ ਹੈ ਇਹ,
ਪਾਂਡੂ ਕਿਰਮ ਮਾਰੂ ਜਾਣੀ ਸਾਰਿਆਂ ਨੇ।
'ਕੰਵਲ' ਹੋਰ ਕਈ ਰੋਗਾਂ ਦੀ ਘਾਤਕ ਹੈ ਇਹ,
ਦੱਸੀ ਵਿਦਵਾਨਾਂ ਇਕੋ ਸਾਰਿਆਂ ਨੇ।

ਗਊ ਘਿਉ ਦੇ ਗੁਣ :
ਬੈਂਤ :

ਮਿੱਠਾ ਰਸ ਸੁਖ ਦੇਂਦਾ ਸਰੀਰ ਤਾਈਂ,
ਸੀਘਰ ਬੀਰਜ ਦੇ ਲਈ ਗੁਣਕਾਰ ਹੈ ਜੀ।
ਬਾਤ ਪਿੱਤ ਦੇ ਸਦਾ ਇਹ ਹਰਨ-ਹਾਰਾ,
ਰੋਗੀ ਨੇਤਰਾਂ ਲਈ ਤੱਤ-ਸਾਰ ਹੈ ਜੀ।
ਬੁਧਿ ਤੇਜ ਤੇ ਸ਼ਕਤਿ ਬਲਵਾਨ ਕਰਦਾ,
ਹਿਕਮਤ ਵਾਲਿਆਂ ਡਿੱਠਾ ਵਿਚਾਰ ਹੈ ਜੀ।



Sri Satguru Jagjit Singh Ji Elibrary NamdhariElibrary@gmail.com

'ਕੰਵਲ' ਹੈ ਉਤਮ ਸਭ ਤੋਂ ਘਿਓ ਗੋਕਾ,
ਨਿਰਘੰਟੂ ਮੱਤ ਨੇ ਕਿਹਾ ਉਚਾਰ ਹੈ ਜੀ।

**ਭੈਂਸ ਘਿਊ ਦੇ ਗੁਣ :**

**ਬੈਂਤ :**

ਬਾਤ ਪਿੱਤ ਦੇ ਰੋਗ ਨੂੰ ਨਾਸ਼ ਕਰਦਾ,
ਠੰਢਾ ਮਿੱਠਾ ਭਾਰੀ ਬਲ ਧਾਰਦਾ ਹੈ।
ਕਬਜੀ-ਕਾਰਕ ਇਸ ਨੂੰ ਵੈਦਾਂ ਮੰਨਿਆ ਹੈ,
ਪੁਸ਼ਟੀ ਲਈ ਸਰੀਰ ਸੁਵਾਰਦਾ ਹੈ।
ਇਸ ਦੇ ਗੁਣ ਕਹੇ ਰਿਸ਼ੀ ਅੱਤ੍ਰੀ ਨੇ,
ਗ੍ਰੰਥ ਆਪਣੇ ਵਿਚ ਵਿਚਾਰਦਾ ਹੈ।
'ਕੰਵਲ' ਸੌ-ਸਿਆਣਿਆਂ ਮਤ ਇਕੋ,
ਸਹੀ ਹਿਕਮਤ ਗ੍ਰੰਥ ਉਚਾਰਦਾ ਹੈ।

**ਬੱਕਰੀ ਘਿਓ ਦੇ ਗੁਣ :**

**ਬੈਂਤ :**

ਨੇਤ੍ਰ ਰੋਗਾਂ ਦੇ ਲਈ ਮੁਫੀਦ ਗਿਣਿਆਂ,
ਖਾਂਸੀ ਦੰਮੇ ਨੂੰ ਵੀ ਛੇਤੀ ਮਾਰਦਾ ਈ।
ਹੋਈ ਬਲਗਮ ਦਾ ਕਰੇ ਇਹ ਨਾਸ਼ ਛੇਤੀ,
ਬਵਾਸੀਰ ਨੂੰ ਮੁਢੋਂ ਉਖਾੜਦਾ ਈ।
ਅਨੇਕ ਰੁੱਖਾਂ ਦੀਆਂ ਪੱਤੀਆਂ ਖਾ ਬੱਕਰੀ,
ਮਾਨੋਂ ਰਸੈਣ ਇਹੁ 'ਕੰਵਲ' ਉਚਾਰਦਾ ਈ।
ਗੁਣ ਬੱਕਰੀ ਘਿਉ ਦੇ ਕਹੇ ਏਥੇ;
ਨਿਰਘੰਟੂ ਮੱਤ ਵੀ ਇਹੀ ਪੁਕਾਰਦਾ ਈ।



Sri Satguru Jagjit Singh Ji Elibrary NamdhariElibrary@gmail.com

**ਸਰਬ-ਮੱਖਣ ਗੁਣ :**

**ਦਵੈਯਾ ਛੰਦ :**

ਮਿੱਠ ਠੰਢਾ ਬੁਧੀ ਵਰਧਿਕ,
ਬਾਤ ਪਿੱਤ ਨੂੰ ਹਰਦਾ ਯਾਰੋ।
ਨੈਣ-ਜਿਯੋਤੀ ਲਈ ਹਿਤਕਾਰੀ,
ਪਾਚਿਨ ਸ਼ਕਤੀ ਭਰਦਾ ਯਾਰੋ।
ਬਵਾਸੀਰ, ਖਾਂਸੀ ਲਈ ਚੰਗਾ,
ਭੁੱਖ ਵਧਾਏ ਨਰਦਾ ਯਾਰੋ।
ਬੇਹਾ ਮੱਖਣ ਚਿਰਦਾ ਰਿੜਕਿਆ;
'ਕੰਵਲ' ਮੋਟਾਪਾ ਕਰਦਾ ਯਾਰੋ।

ਬਾਲਕ ਲਈ ਉੱਤਮ ਗੁਣਕਾਰੀ;
ਛੇਤੀ ਬਲ ਵਧਾਉਂਦਾ ਹੈ।
'ਕੰਵਲ' ਕਹੇ ਮੱਖਣ ਦੇ ਗੁਣ ਇਹੋ,
ਕਹਿ ਕੇ ਫਤੇ ਬੁਲਾਉਂਦਾ ਹੈ।

### ਮਹਾਰਾਜ ਜੰਗ ਸਿੰਘ ਜੀ ਦਾ ਅੰਤਮ ਸਮਾਂ

**ਸਾਖੀ ਸੁਰੈਣ ਸਿੰਘ ਸੱਬੇਦਾਰ ਨਾਮਧਾਰੀ ਕਲੋਨੀ ਦੀ ਜ਼ੁਬਾਨੀ :**

**ਬੈਂਤ :**

ਸੇਜਾ ਮੌਤ ਦੀ ਤੇ ਮਹਾਰਾਜ ਪੈ ਗਏ,
ਮਸਤਾਨਾਂ ਨੈਣਾਂ ਤੋਂ ਨੀਰ ਬਹਾਉਣ ਲੱਗਾ।
ਮਹਾਰਾਜ ਮਸਤਾਨੇ ਨੂੰ, ਕਹਿਣ ਲਗੇ,
ਕੀ ਤੈਂ ਚਲਣਾ ਹੈ ਸਾਡੇ ਨਾਲ ? ਕਿਉਂ ਤੂੰ ਰੋਣ ਲੱਗਾ ?



Sri Satguru Jagjit Singh Ji Elibrary NamdhariElibrary@gmail.com

**ਉਤਰ ਮਸਤਾਨਾ :**

ਜੇ ਮੈਂ ਨਾਲ ਤੁਹਾਡੇ ਹੁਣ ਉਠ ਚੱਲਾਂ,
ਮਸਤਾਨਾ ਗਲਾ ਭਰ ਕੇ ਸੀ ਅਲੋਉਣ ਲੱਗਾ।
ਤੁਹਾਡੇ ਕਾਰਨਾਮੇ ਦੱਸੂ ਕੌਣ ਪਿਛੋਂ ?
ਧਾਹੀਂ-ਮਾਰ ਮਸਤਾਨਾ ਸੁਣਾਉਣ ਲੱਗਾ।
ਮਹਾਰਾਜ ਪ੍ਰਸੰਨ ਹੋ ਆਖਿਆ ਸੀ,
ਚੰਗਾ ਰਹੁ ਪਿੱਛੋਂ ਤੈਨੂੰ ਥਾਪਿਆ ਮੈਂ।
ਗੱਲ 'ਕੰਵਲ' ਦੀ ਮੈਨੂੰ ਪਸੰਦ ਆਈ,
ਸਮਝ ਲਈ ਦਿਲ ਤੇਰੇ ਦੀ ਭਾਖਿਆ ਮੈਂ।

ਧਰਮੂ ਕੋਟ ਮਹਾਰਾਜ ਬਿਰਾਜਦੇ ਸਨ,
ਅੰਤ ਸਮੇਂ ਦਾ ਵਕਤ ਹੁਣ ਆਇਆ ਸੀ।
ਮਹੀਨਾ ਹਾੜ ਸੰਗਰਾਂਦ ਦਾ ਦਿਨ ਜਾਣੋਂ,
ਬੀਹ-ਸੌ ਛੱਬੀ ਦਾ ਸੰਮਤ ਸੁਹਾਇਆ ਸੀ।
ਵੀਰਵਾਰ ਮਿਤੀ ਤੇਰ੍ਹਾਂ ਜੂਨ ਦਾ ਦਿਨ,
ਇਸ ਤਰ੍ਹਾਂ ਇਹ ਕੰਵਲ ਬਿਤਾਇਆ ਸੀ।
ਏਸ ਭਰੇ ਸੰਸਾਰ ਨੂੰ ਛੱਡਣੇ ਲਈ,
ਮਹਾਰਾਜ ਨੇ ਮਨ ਬਣਾਇਆ ਸੀ।

**ਦਿੱਲੀ ਦੀ ਸੰਗਤ ਨੂੰ ਖਬਰ ਮਿਲਣੀ :**

ਸੰਗਤ ਦਿੱਲੀ ਦੀ ਨੂੰ ਸੀ ਖਬਰ ਹੋਈ,
ਮਾਈ ਭਾਈ ਇਕੱਤ੍ਰ ਸਭ ਹੋ ਗਏ ਸੀ।
ਲੈ ਬੱਸਾਂ ਕਰਾਏ ਤੇ ਭਰ ਲਈਆਂ,
ਕੋਟ ਧਰਮੂ ਰਵਾਨ ਸਭ ਹੋ ਗਏ ਸੀ।
ਨੈਣੋਂ ਨੀਰ ਬਹਾਂਵਦੇ ਸ਼ਬਦ ਗਾਉਂਦੇ,
ਮਾਨੋਂ ਪੂਰਬਲੇ ਪਾਪ ਸਭ ਧੋ ਗਏ ਸੀ।



Sri Satguru Jagjit Singh Ji Elibrary NamdhariElibrary@gmail.com

ਦਰਸ਼ਨ ਸੰਗਤਾਂ ਜਾਂ ਮਹਾਰਾਜ ਕੀਤੇ,
ਹਾਰ 'ਕੰਵਲ' ਦੇ ਚਰਨੀ ਪਰੋ ਗਏ ਸੀ।

ਓਥੇ ਪਹੁੰਚ ਸੁਰੈਣ ਸਿੰਘ ਬਚਨ ਕੀਤਾ,
ਮਹਾਰਾਜ ਸੰਗਤ ਨੂੰ ਕੀ ਉਪਦੇਸ਼ ਦਿਤਾ।
ਮਸਤਾਨਾ ਸਿੰਘ ਗੁਰਦਿਆਲ ਅਲੋਣ ਲਗਾ,
ਧੀਮੀ-ਗਤੀ ਸੀ ਇਹ ਸੰਦੇਸ਼ ਦਿਤਾ।
ਸਦਾ ਨਾਮ ਅਕਾਲ ਦਾ ਯਾਦ ਰਖਣਾ,
ਗੁਰੂ ਰਾਮ ਸਿੰਘ ਸਾਨੂੰ ਏਹੁ ਵੇਸ ਦਿਤਾ।
ਹੁਮੇਸ਼ ਰਹਿਣ ਦਾ ਏਹੁ ਅਸਥਾਨ ਨਾਹੀ,
'ਕੰਵਲ' ਛੱਡਣਾ ਅੰਤ ਨੂੰ ਦੇਸ਼ ਦਿਤਾ।

ਹੋਰ ਆਖਿਆ ਸੀ ਮੈਨੂੰ ਲੈਣ ਖਾਤਰ,
ਚੜ੍ਹ ਘੋੜਿਆਂ ਰਾਮ ਦਸਮੇਸ਼ ਆਏ।
ਮੇਰੇ ਬੈਠਣੇ ਲਈ ਨਾਲ ਹੋਰ ਘੋੜਾ,
ਜੀਨ-ਜੜਤ ਹੀਰੇ ਕਰਨ ਪੇਸ਼ ਆਏ।
ਕਿਹਾ ਚਲੋ ਮਹਾਰਾਜ ਜੀ ਕਰੋ ਛੇਤੀ,
ਗੁਰੂ ਪ੍ਰਤਾਪ ਵੀ ਨਾਲ ਦਿਸ ਵੇਸ਼ ਆਏ।
ਕੀਤੇ ਚੋਜ ਬਹੁਤੇ ਚਲੋ ਨਾਲ ਸਾਡੇ,
ਧਰਮ ਰਾਜ ਦੇ 'ਕੰਵਲ' ਪ੍ਰਵੇਸ਼ ਪਾਏ।

ਏਨਾ ਆਖ ਦੋਨੋਂ ਨੇਤ੍ਰ ਬੰਦ ਹੋ ਗਏ;
ਭੌਰ ਪਿੰਜਰੇ ਵਿਚੋਂ ਉਡਾਰ ਹੋਇਆ।
ਜਿਹਨਾਂ ਬਚਨਾਂ ਨਾਲ ਜਗਤ ਨੂੰ ਤਾਰਦੇ ਸਨ,
'ਕੰਵਲ' ਸ਼ਬਦ ਨਾ ਹੋਰ ਉਚਾਰ ਹੋਇਆ।



Sri Satguru Jagjit Singh Ji Elibrary NamdhariElibrary@gmail.com

**ਅੰਤ ਨੂੰ :**

ਚਿੱਖਾ ਚੰਦਨ ਦੇ ਵਿਚ ਅਗਨੀ ਦੇਵ ਜਗ ਪਈ;
ਸੁਗੰਧ ਸੁਮੱਗਰੀ ਫੈਲੀ ਅਕਾਸ਼ ਸਾਰੇ।
ਲੱਗੇ ਦੇਵਤੇ ਫੁੱਲ ਬਰਸਾਣ ਉੱਤੋਂ,
ਚੱਕਰ ਫਿਰ ਰਿਹਾ ਸੀਸ ਉਦਾਲ ਵਾਰੇ।
ਨਿਹਾਲ ਸਿੰਘ, ਪਤਨੀ ਸਤਵੰਤ ਕੌਰ ਮਾਤਾ,
ਉੱਚੀ ਸੰਗਤ ਨੂੰ ਕਿਹਾ ਪੁਕਾਰ ਸਾਰੇ।
ਕੌਤਕ ਦੇਖ ਕੇ ਮੈਂ ਹੈਰਾਨ ਹੋਈ,
ਕਿਹਾ 'ਕੰਵਲ' ਨੂੰ ਓਸ ਉਚਾਰ ਸਾਰੇ।

ਧਰਮੂ ਕੋਟ ਸੰਗਤ ਹੁਮ-ਹੁਮਾ ਪਹੁੰਚੀ;
ਘਿਉ ਧੂਪ ਸਮੱਗ੍ਰੀ ਪਾਈ ਆ ਕੇ।
(ਮਾਨੋਂ) ਟਿੱਲੇ ਨੈਣਾਂ ਦੇਵੀ ਦਸਮੇਸ਼ ਜੀ ਨੇ,
ਡੋਹਲ ਦਿੱਤੀ ਸਮੱਗ੍ਰੀ ਆਪ ਜਾ ਕੇ।

ਪੱਥਰਾਂ ਵਾਲਾ ਕਰਤਾਰ ਸਿੰਘ; ਮੰਗਲ ਸਿੰਘ ਜੀ,
ਨਿਹਾਲ ਸਿੰਘ, ਸੁੰਦਰ ਸਿੰਘ ਖੜੇ ਸਾਰੇ।
ਵੇਖ ਰਹੇ ਇਸ ਅਧਿਭੁੱਤ ਕੌਤਕਾਂ ਨੂੰ,
ਪਤਵੰਤੇ ਹੋਰ ਸਜਣ ਸੁਰੈਣ ਸਿੰਘ ਸਾਰੇ।
ਸ਼ਬਦ ਮਿਲ ਵੈਰਾਗ ਦੇ ਗਾਣ ਲਗ ਪਏ;
ਨਰ ਨਾਰੀ ਤੇ ਸਾਧ ਸਭ ਸਿੰਘ ਸਾਰੇ।
ਜੱਸ-ਕਿਰਤੀ ਦੇ 'ਕੰਵਲ' ਹਾਰ ਲੈ ਕੇ;
ਸੰਗਤ ਕੋਟ ਧਰਮੂ ਗਿਆਨ ਸਿੰਘ ਸਾਰੇ।



Sri Satguru Jagjit Singh Ji Elibrary NamdhariElibrary@gmail.com

**ਵਾਕ ਕਵੀ :**

ਇਹੋ ਜਗਤ ਸਰਾਂ ਮੁਸਾਫਰਾਂ ਦੀ,
ਕੋਈ ਅਜ-ਕਿ ਕਲ੍ਹ ਉਠ ਜਾਵਣਾ ਈ।
ਨਾ ਕੋਈ ਪੀਰ ਫਕੀਰ ਹਮੇਸ਼ ਰਿਹਾ,
ਸਭ ਨੇ ਦਿਵਸ ਵਾਂਗੂ ਢਲ ਜਾਵਣਾ ਈ।
ਇਸ ਸੰਸਾਰ ਨੂੰ ਬ੍ਰਿਛ ਸਮਾਨ ਜਾਣੋਂ,
ਪੰਛੀ ਰਾਤ ਰਹਿ ਕੇ ਉੱਡ ਜਾਵਣਾ ਈ।
'ਕੰਵਲ' ਰਹੇ ਨੇਕੀ ਸਦਾ ਜੱਗ ਉਤੇ,
ਅੰਤ ਭੋਗ ਪਿਛੋਂ ਸਭ ਦਾ ਪੈ ਜਾਵਣਾ ਈ।

**ਗੁਰਵਾਕ :**

ਬਿਰਖੈ ਹੇਠਿ ਸਭਿ ਜੰਤ ਇਕਠੇ ॥
ਇਕਿ ਤਤੇ ਇਕਿ ਬੋਲਨ ਮਿਠੇ ॥
ਅਸਤੁ ਉਦੋਤੁ ਭਇਆ ਉਠਿ ਚਲੇ
ਜਿਉ ਜਿਉ ਅਉਧਿ ਵਿਹਾਣੀਆ ॥੧॥
( ਮਾਰੂ ਮਹਲਾ ੫ ॥ )



Sri Satguru Jagjit Singh Ji Elibrary NamdhariElibrary@gmail.com

# ਛੇਆਂ ਰੁੱਤਾਂ ਦੀ ਹਵਨ ਸਮੱਗਰੀ ਦਾ ਵਰਨਣ

ਵਿਦਵਾਨ ਮਹਾਂ ਪੁਰਖਾਂ ਨੇ ਮਾਨਵਤਾ ਦੇ ਭਲੇ ਲਈ ਆਪਣੀਆਂ ਲਿਖਤਾਂ ਵਿਚ ਜਿਵੇਂ ਰਿੱਗ ਅਤੇ ਯੁਜਰ ਵੇਦ ਵਿਚ ਹੋਮ ਦੀ ਬੜੀ ਮਹਿਮਾ ਗਾਈ ਹੈ. ਜਿਸ ਵਿਚ ਪ੍ਰਾਣੀਆਂ ਨੂੰ ਸੁਖ ਦੇਣ ਵਾਲੇ; ਅਨੇਕਾਂ ਵਿਧੀਆਂ ਦਾ ਉਚਾਰਣ ਕੀਤਾ ਹੈ। ਰਿੱਗ ਵੇਦ ਵਿਚ ਬਵੰਜਾ ਤਰੀਕੇ ਜੁਦੀ ਜੁਦੀ ਸੁਮੱਗ੍ਰੀ ਨਾਲ ਹੋਮ ਕਰਨ ਦੇ ਢੰਗ (ਤ੍ਰੀਕੇ) ਲਿਖੇ ਹਨ, ਜਿਸ ਨਾਲ ਪ੍ਰਿਕ੍ਰਿਤੀ ਭਾਵ—ਕੁਦਰਤੀ ਸੁਭਾ ਵਾਤਾਵਰਣ ਬਦਲ ਜਾਵੇ, ਤਾਂਕਿ ਇਸ ਨੂੰ ਪੜ੍ਹ ਸੁਣ ਕੇ ਪ੍ਰਾਣੀ ਆਪਣੀ ਜ਼ਿੰਦਗੀ ਦੇ ਸੁਖ ਦਾ ਲਾਭ ਪ੍ਰਾਪਤ ਕਰ ਸਕੇ। ਅਤੇ ਲੋਕ ਭਲਾਈ ਹਿੱਤ ਵਰਤ ਕੇ ਸਾਰੀ ਪਰਜਾ ਨੂੰ ਜੋ ਭਿਆਨਕ ਰੋਗਾਂ ਤੋਂ (ਦੁਖ ਭੋਗ ਰਹੀ ਹੋਵੇ) ਬਚਾਇਆ ਜਾ ਸਕੇ।

ਮਹਾਂ ਪੁਰਸ਼ਾਂ ਨੇ ਬਾਰ੍ਹਾਂ ਮਹੀਨਿਆਂ ਨੂੰ ਛੇਆਂ ਰੁੱਤਾਂ ਵਿਚ ਵੰਡ ਦਿਤਾ ਹੈ। ਅਤੇ ਹਰੇਕ ਰੁੱਤ ਵਿਚ ਜੋ ਜੋ ਦੂਸ਼ਣ ਪ੍ਰਾਣੀ ਲਈ ਹਾਨੀਕਾਰਕ ਮੰਨੇ ਗਏ ਹਨ, ਉਹਨਾਂ ਦੇ ਨਿਵਾਰਣ ਵਾਸਤੇ ਵੀ ਇਸ ਦਾ ਇਲਾਜ ਉਚਿੱਤ ਰੀਤ ਨਾਲ ਕਰਨਾ ਦਸਿਆ, ਜੋ ਸਰਬ ਪ੍ਰਾਣੀਆਂ (ਮਨੁੱਖ, ਜੀਵ, ਜੰਤ ਆਦਿ ਲਈ ਸ੍ਰੇਸ਼ਟ ਹੈ, ਉਹ ਕੇਵਲ ਤੇ ਕੇਵਲ ਹੋਮ ਹੀ ਹੈ। ਕਿਉਂਕਿ ਮਹਾਰਾਜ ਜੰਗ ਸਿੰਘ ਜੀ ਹਰੇਕ ਰੋਗ ਦਾ ਇਲਾਜ ਮੁਖਿ ਤੌਰ ਕਰਕੇ ਹੋਮ ਨੂੰ ਹੀ ਪ੍ਰਾਰਥਮਿੱਕਤਾ ਦੇਂਦੇ ਸਨ। ਇਸ ਲਈ ਅਸੀਂ ਵੀ ਇਨ੍ਹਾਂ ਛੇਆਂ ਰੁੱਤਾਂ ਵਿਚ ਅਰੋਗਤਾ ਦਾ ਸਾਧਨ



Sri Satguru Jagjit Singh Ji Elibrary NamdhariElibrary@gmail.com

ਹੋਮ ਸਮਾਂ ਕੇ ਹੇਠ ਹਰੇਕ ਰੁੱਤ ਦੀ ਸਮੱਗ੍ਰੀ ਦਾ ਵੇਰਵਾ ਲਿਖਦੇ ਹਾਂ, ਤਾਂਕਿ ਪਰਜਾ ਇਸ ਸਾਧਨ ਤੋਂ ਸੁਖ ਪ੍ਰਾਪਤ ਕਰ ਸਕੇ ਅਤੇ ਭਿਆਨਕ ਮਹਾਮਾਰੀ ਆਦਿ ਤੋਂ ਬੱਚਿਆ ਜਾ ਸਕੇ ।

**(੧) ਬਸੰਤ ਰੁੱਤਿ, ਚੇਤ੍ਰ, ਵਿਸਾਖ, ਤਥਾ ਮਾਰਚ, ਅਪ੍ਰੈਲ :**

ਇਸ ਦੀ ਸਮੱਗਰੀ-ਛਲੀਰਾ, ਤਲੀਸ ਪੱਤ੍ਰ, ਪੱਤ੍ਰਜ, ਦਾਖ-ਸੌਗੀ, ਲਜ਼ਾਵੰਤੀ, ਸੀਤਲ ਚੀਨੀ, ਸਰਦ ਚੀਨੀ, ਕਪੂਰ, ਚੀਲ੍ਹ; ਦੇਵਦਾਰ, ਗਲੋ; ਅਗਰ, ਤਗਰ, ਕੇਸਰ, ਇੰਦ੍ਰ ਜੌਂ, ਗੁੱਗਲ, ਕਸਤੂਰੀ; ਤਿੰਨੇ ਚੰਦਨ, ਚਿੱਟਾ, ਲਾਲ, ਪੀਲਾ, ਜਾਵਿੱਤ੍ਰੀ, ਜਾਇਫਲ, ਚਿੱਟੀ ਸਰ੍ਹੋਂ, ਪੁਖਕਰਮੂਲ, ਕਮਲ ਗਟਾ; ਮਜੀਠ, ਬਲ ਕਚੂਰ, ਦਾਲਚੀਨੀ; ਗੂਲਰ ਕੀ ਛਾਲ, ਤੇਜ ਫਲ, ਸੰਖ ਪੁਸ਼ਪੀ, ਚਰਾਇਤਾ, ਗੋਖਰੂ (ਭੱਖੜਾ) ਖੰਡ, ਘੀ; ਅਤੇ ਚਾਵਲਾਂ ਦਾ ਭੋਜਨ ਕਰਨਾ ਤੇ ਹੋਮ ਲਈ ਜੰਡ ਦੀ ਲਕੜੀ ਵਰਤਣੀ ।

**(੨) ਗਰਮ ਰੁੱਤਿ-ਗ੍ਰੀਖਮ-ਜੇਠ-ਹਾੜ ਤੱਥਾ ਮਈ, ਜੂਨ :**

ਇਹ ਦੀ ਸੁਮੱਗਰੀ–ਮੂਰਾ, ਵਾਇਵੜਿੰਗ, ਕਪੂਰ; ਚਰੌਂਜੀ, ਨਾਗਰ ਮੋਥਾ; ਪੀਲਾ ਚੰਦਨ, ਛਲੀਰਾ, ਨਿਰਮਲੀ, ਸਤਾਵਰ, ਖਸ, ਗੁਲੋ, ਧੂਪ, ਦਾਲਚੀਨੀ, ਲੌਂਗ, ਕਸਤੂਰੀ; ਚੰਦਨ; ਤਗਰ, ਭੋਜ ਪੱਤ੍ਰ, ਚਾਵਲ, ਕੁੱਛਾ ਦੀ ਜੜ੍ਹ, ਤਲੀਸ ਪੱਤ੍ਰ, ਪਦਮਾਖ, ਦਾਰ ਹਲਦੀ; ਲਾਲ ਚੰਦਨ, ਮਜੀਠ; ਛਿਲਾਰਸ, ਕੇਸਰ; ਜਟਾਮਾਂਸੀ; ਨੇਤ੍ਰ ਬਾਲਾ, ਲੈਚੀ ਬੜੀ, ਉਨਾਬ, ਆਮਲਾ, ਮੂੰਗ ਦੇ ਲੱਡੂ, ਰਿਤੂ ਫਲ, ਚੰਦਨ ਚੂਰਾ ।

**(੩) ਵਰਖਾ–ਰੁੱਤ ਦੀ ਸਮੱਗਰੀ ਸਾਵਣ, ਭਾਦਰੋ ਤਥਾ ਜੁਲਾਈ, ਅਗਸਤ :**

ਕਾਲਾ ਅਗੁਰ, ਪੀਲਾ ਅਗੁਰ, ਜੌਂ; ਧੂਪ, ਸਰਸੋਂ, ਤਗਰ, ਦੇਵਦਾਰ, ਗੁੱਗਲ, ਨੱਕ–ਛਿੱਕਣੀ; ਰਾਲ, ਜਾਇਫਲ, ਮੁੰਡੀ, ਗੋਲਾ,



Sri Satguru Jagjit Singh Ji Elibrary NamdhariElibrary@gmail.com

ਨਿਰਮਲੀ; ਕਸਤੂਰੀ, ਮਖਾਣੇ, ਤੇਜ ਪੱਤ੍ਰ, ਕਪੂਰ, ਬਨ ਕਚੂਰ, ਬੇਲ, ਜਟਾਮਾਸੀ, ਛੋਟੀ ਲੈਚੀ, ਵਚ ਗਲੋ, ਤੁਲਸੀ ਦੇ ਬੀਜ, ਵਾਇਵੜਿੰਗ, ਕੰਮਲ ਡੰਡੀ, ਛੋਹਦ ਚਿੱਟਾ ਚੰਦਨ, ਰਿਤੂ ਫਲ, ਨਾਗ ਕੇਸਰ, ਬ੍ਰਹੰਮੀ, ਚਰੈਤਾ; ਉੜਦ ਕੇ ਲੱਡੂ ਛੁਹਾਰੇ, ਸ਼ੰਖਾ ਹੋਲੀ, ਮੋਚਰਸ, ਵਿਸ਼ਣੂ ਕਾਂਤਾ; ਗੋਘ੍ਰਿਤ; ਖੰਡ, ਭਾਤ।

ਨੋਟ : ਵਰਖਾ ਰਿਤੂ ਵਿਚ ਹੋਮ ਸਮੱਗਰੀ, ਵਿਖੇ ਅੰਨ ਨਹੀਂ ਪਾਉਣਾ ਚਾਹੀਏ, ਕਿਉਂਕਿ ਕੀੜੇ ਪੈਣ ਨਾਲ ਹੋਮ ਦੂਸ਼ਤ ਹੋ ਜਾਂਦਾ ਹੈ।

(੪) ਸਰਦ ਰੁੱਤਿ-ਅੱਸੂ, ਕੱਤਕ ਤੱਥਾ ਸਤੰਬਰ, ਅਕਤੂਬਰ :

ਲਾਲ, ਪੀਲਾ ਚਿੱਟਾ, ਤੀਨੋ ਚੰਦਨ-ਗੁੱਗਲ, ਨਾਗ ਕੇਸਰ, ਲੈਚੀ ਬੜੀ, ਗੁਲੋ, ਚਰੌਜੀ, ਵਿਦਾਰੀ ਕੰਦ, ਗੂਲਰ ਦੀ ਛਿਲ, ਬ੍ਰਹੰਮੀ, ਦਾਲ-ਚੀਨੀ, ਕਪੂਰ, ਕਚਰੀ, ਮੋਚਰਸ, ਪਿੱਤਪਾਪੜਾ, ਅਗਰ, ਡਾਰ ਗੰਡੀ; ਇੰਦ੍ਰ ਜੌਂ, ਰੇਣਕਾ, ਮੁਨੱਕਾ, ਅਸਗੰਧ, ਸਰਦ ਚੀਨੀ, ਜਾਇਫਲ, ਪੱਤ੍ਰਜ, ਚਰੈਤਾ, ਜਟਾਮਾਸੀ, ਕੇਸਰ, ਕਸਤੂਰੀ, ਕਿਸਮਿਸ, ਖੰਡ ਤਾਲਮਖਾਨਾ, ਸਹਿਦੇਵੀ, ਢੱਕੀ ਦੀ ਲੱਕੜੀ, ਧਾਨਾਂ ਦੀਆਂ ਖਿੱਲਾਂ, ਖੀਰ, ਵਿਸ਼ਣੂ ਕਾਂਤਾ, ਰਿਤੂ ਫਲ, ਗੋਕਾ ਘੀ; ਆਦਿ।

(੫) ਹੇਮੰਤ ਰਿਤੂ-ਮਘਰ-ਪੋਹ ਤੱਥਾ ਨਵੰਬਰ, ਦਸੰਬਰ :

ਕੁੱਠ, ਮੂਸਲੀ, ਗੰਧ ਕੋਕਲਾ, ਮੁੰਡਵਾਦ, ਪਿੱਤ-ਪਾਪੜਾ, ਕਪੂਰ ਕਚਰੀ, ਨੱਕ-ਛਿੱਕਣੀ, ਗਲੋ, ਪਟੋਲ ਪੱਤ੍ਰ, ਦਾਲਚੀਨੀ, ਭਾਰਿੰਡ; ਸੌਂਫ, ਮੁਨੱਕਾ, ਕਸਤੂਰੀ, ਚੋਦ, ਗੁੱਗਲ, ਅਖਰੋਟ, ਰਾਸਨਾ, ਛੋਹਤ, ਪੁਖਕਰ ਮੂਲ, ਕੇਸਰ, ਛੁਹਾਰੇ, ਗੋਖਰੂ, ਕੌਂਚਬੀਜ, ਕਟਦਾਰ; ਗਲੋ, ਪੌਪਟੀ, ਬਦਾਮ, ਮੁਲੱਠੀ, ਕਾਲੇ ਤਿਲ, ਜਾਵਿਤਰੀ, ਲਾਲਚੰਦਨ, ਮੁਸਕ ਬਾਲਾ, ਤਲੀਸ ਪੱਤ੍ਰ ਰੇਣਕਾ, ਗਰੀ, ਬਿਨਾਂ ਲੂਣ ਦੀ ਖਿੱਚੜੀ।



Sri Satguru Jagjit Singh Ji Elibrary NamdhariElibrary@gmail.com

(੬) ਸਿਸਰ ਰਿਤੂ-ਮਾਘ, ਫਾਗੁਨ ਤੱਥਾ ਜਨਵਰੀ-ਫਰਵਰੀ ਸਾਮੱਗਰੀ :

ਅਖਰੋਟ; ਵਾਇਵੜਿੰਗ, ਕਚੂਰ, ਰਾਛ, ਮੁੰਡੀ, ਮੋਚਰਸ, ਗਲੋ, ਮੁਨੱਕਾ, ਰੇਣੂਕਾ, ਕਾਲੇ ਤਿੱਲ, ਕਸਤੂਰੀ; ਤੇਜ ਪੱਤ੍ਰ, ਕੇਸਰ, ਚੰਦਨ, ਚਰਾਇਤਾ, ਛੁਹਾਰੇ, ਬੀਜ ਤੁਲਸੀ, ਗੁੱਗਲ, ਚਿਰੌਂਜੀ, ਕਾਕੜਾ, ਸਿੰਗੋ, ਖਾਂਡ, ਸਤਾਵਰ; ਦਾਰ ਹਲਦੀ, ਸੰਖ-ਪੁਸਪੀ, ਪਦਮਾਖ; ਕੌਂਚਕੇ ਬੀਜ, ਜਟਾਮਾਸੀ, ਭੋਜ ਪੱਤ੍ਰ, ਛਕਣ ਲਈ ਮੋਹਨ ਭੋਗ ਹਲਵਾ (ਕੜਾਹ)।

**ਏਹੁ ਸਾਖੀ ਸੰਨ ੧੯੫੬ ਸੰਤ ਸੇਵਾ ਸਿੰਘ ਜੀ ਜਥੇਦਾਰ ਨਾਮਧਾਰੀ ਸੰਗਤ ਰੁਮੇਸ ਨਗਰ, ਦਿੱਲੀ ਪਾਸੋਂ ਮਿਲੀ ਹੈ। ਇਸਦਾ ਛੰਦ-ਬੱਧ ਉਲਥਾ ਇਸ ਪ੍ਰਕਾਰ ਕੀਤਾ ਗਿਆ :**

**ਬੈਂਤ :**

ਪੰਥ ਨਾਮਧਾਰੀ ਮਾਨੀ ਹੋਈ ਹਸਤੀ,
ਬਾਬਾ ਜੰਗ ਸਿੰਘ ਨਾਮ ਸੁਹਾਇਆ ਸੀ।
ਬ੍ਰਹਮ ਗਿਆਨੀ ਓਹੁ ਰੂਪ ਪ੍ਰਮੇਸਰ ਦਾਸੀ;
ਫੱਤ ਕੌਰ ਮਾਂ ਕਰਮਾਂ ਵਾਲੀ ਜਾਇਆ ਸੀ।
ਜਿਹਨਾ ਆ, ਦੁਖਿਆਰਿਆਂ ਅਰਜ਼ ਕੀਤੀ,
ਭਲਾ ਓਹਨਾਂ ਦਾ ਉਸ ਕਰਾਇਆ ਸੀ।
ਮੂੰਹੋਂ ਕਹਣ 'ਕੰਵਲ' ਹੁੰਦੀ ਗੱਲ ਪੂਰੀ,
ਰਸਨਾ ਉਤੇ ਸੁਰੱਸਤੀ ਦੀ ਛਾਇਆਂ ਸੀ।

ਜੀਵਨ ਨਗਰ ਇਲਾਕਾ ਇਕ ਰਾਣੀਆ ਦਾ,
ਪਸ਼ੂ ਨਾਲ ਬੀਮਾਰੀਆਂ ਮਰਨ ਲੱਗੇ।
ਜਿਮੀਦਾਰ ਸਾਰੇ ਘਬਰਾ ਉਠੇ,
ਏਸ ਮੌਤ ਭਿਆਨਕ ਤੋਂ ਡਰਨ ਲੱਗੇ।



Sri Satguru Jagjit Singh Ji Elibrary NamdhariElibrary@gmail.com

ਗੁਰੂ ਪ੍ਰਤਾਪ ਸਿੰਘ ਜੀ ਵੀ ਹਾਜ਼ਰ ਨਹੀਂ ਓਥੇ,
ਓਹਤਾਂ ਬਾਹਰ ਦੌਰੇ 'ਕੰਵਲ' ਕਰਨ ਲੱਗੇ।
ਲੋਕੀ ਕੱਠੇ ਹੋ ਅੰਤ ਸਲਾਹ ਕੀਤੀ,
ਜੰਗ ਸਿੰਘ ਦੀ ਲੈਣ ਓਹੁ ਸਰਣ ਲੱਗੇ।

ਦੋ ਸਿੰਘ ਰੁਪਾਣੇ ਨੂੰ ਭੇਜ ਦਿਤੇ,
ਚਰਨ ਬੰਦਨਾ ਕਰਿ ਫੁਰਮਾਨ ਲੱਗੇ।
ਅਸੀਂ ਚਲ ਆਏ ਪਿੰਡ ਰਣੀਆਂ ਤੋਂ,
ਤੇਰੀ ਮੇਹਰ ਦਾ ਮੰਗਣ ਹੁਣ ਦਾਨ ਲੱਗੇ।
ਬੀਮਾਰੀ ਮਰਨ ਦੀ ਪਈ ਪਸ਼ੂ ਸਾਂਡਿਆ ਤੇ,
ਹਜ਼ੂਰ ਅੱਗੇ ਹੁਣ ਅਰਜ਼ ਸੁਣਾਨ ਲੱਗੇ।
ਚਲੋ ਰੱਖਿਆ 'ਕੰਵਲ' ਦੀ ਕਰੋ ਛੇਤੀ,
ਪ੍ਰੋਪਕਾਰੀ ਆਪ ਸੰਤ ਸਦਾਨ ਲੱਗੇ।

ਦੂਜੇ ਦਿਨ ਮਹਾਰਾਜ ਆ ਚਰਨ ਪਾਏ,
ਦਸਾਂ ਸਿੰਘਾਂ ਨੂੰ ਸੋਧ ਰਖਾਈ ਆਕੇ।
ਹਵਨ ਕਰਨ ਦਾ ਦਿੱਤਾ ਉਪਦੇਸ਼ ਓਥੇ,
ਸੌ ਤੇ ਇੱਕ ਨਾਰੀਅਲ ਮੰਗਵਾਈ ਆਕੇ।
ਕੱਠੀ ਕਰ ਸੁਮੱਗ੍ਰੀ ਹਵਨ ਦੇ ਲਈ,
ਗੁਰਬਾਣੀ ਪਾਠਾਂ ਦੀ ਧੁਨਿ ਲਗਵਾਈ ਆਕੇ।
ਹੋਕੇ ਨਾਲ ਮਹਾਰਾਜ ਜੀ ਹੋਮ ਕੀਤਾਂ,
ਭਰ ਭਰ ਕੜਛ ਸੁਮੱਗ੍ਰੀ ਪਾਈ ਆਕੇ।

ਲਾਟਾਂ ਧੂਪ ਸਮੱਗ੍ਰੀ ਛੱਡੀਆਂ ਜਾਂ,
ਮਹਾਂ ਮਾਰੀ ਦੇ ਉਡ ਹੁਵਾਸ ਗਏ।



Sri Satguru Jagjit Singh Ji Elibrary NamdhariElibrary@gmail.com

'ਕੰਵਲ' ਸਭ ਬੀਮਾਰੀਆਂ ਦੂਰ ਹੋਈਆਂ,
ਪਰਜਾ ਸੁੱਖੀ ਤੇ ਦੁੱਖ ਸਭ ਨਾਸ ਭਏ।

ਅੰਤ ਹਵਨ ਦੀ ਜਦੋਂ ਅਰਦਾਸ ਹੋਈ,
ਮਹਾਰਾਜ ਜੈਕਾਰਾ ਫਤੇ ਛੱਡਿਆ ਸੀ।
ਗੁਰੂ ਰਾਮ ਸਿੰਘ ਦਾ ਪਹਿਰਾ ਆਣ ਲੱਗਾਂ,
ਫਸਤਾਂ ਦੁੱਖਾਂ ਤਕਲੀਫਾਂ ਦਾ ਵੱਢਿਆ ਸੀ।
ਅੱਜ ਤੋਂ ਲਾ ਪਸ਼ੂ ਮਰਨਗੇ ਨਾ,
ਸ਼ਹੀਦੀ ਝੰਡਾ ਗੁਰੂ ਰਾਮ ਨੇ ਗੱਡਿਆ ਸੀ।
'ਕੰਵਲ' ਧੰਨ ਆਖੋਂ ਜੰਗ ਸਿੰਘ ਬਾਬੇ,
ਜਿਸਨੇ ਭਰਮ ਏਥੋਂ ਭੂਤ ਕੱਢਿਆ ਸੀ।

**ਉਪ੍ਰੋਕਤ ਹਵਨ ਦੇ ਭੋਗ ਉਪ੍ਰੰਤ ਸ: ਕਪੂਰ ਸਿੰਘ ਦੀ ਬੇਨਤੀ :**

ਪਿੰਡ ਲਾਲੇ ਤੇ ਜ਼ਿਲਾ ਸਿਆਲ ਕੋਟੀ,
ਕਪੂਰ ਸਿੰਘ ਹਥ ਜੋੜ ਖਲੋ ਗਿਆ ਸੀ।
ਪੂਰਨ ਪੁਰਖ ਮਹਾਰਾਜ ਜੀ ਤੁਸੀ ਪ੍ਰਗਟੇ;
ਦਾਤਾਂ ਵੰਡੀਆਂ ਕਰਮ ਇਹੁ ਹੋ ਗਿਆ ਸੀ।
ਬਖਸ਼ੋ ਮੈਨੂੰ ਵੀ ਪੁਤ੍ਰ ਦੀ ਦਾਤ ਬਾਬਾ,
ਬਿਨਾਂ ਪੁੱਤ੍ਰਾਂ 'ਕੰਵਲ' ਜੱਗ ਰੋ ਗਿਆ ਸੀ।
ਤੇਰੇ ਵਚਨ ਹੁੰਦੇ ਕਦੇ ਨਹੀਂ ਖਾਲੀ,
ਤੇਰੀ ਰਸਨਾ ਤੋਂ ਰਸ ਜਿੱਥੇ ਚੋਗਿਆ ਸੀ।

ਮਹਾਰਾਜ ਜੀ ਹੱਸਕੇ ਆਖਿਆ ਸੂ,
ਜਿਨੇ ਪਾਠ ਅਖੰਡ ਕਰਾਏਂਗਾ ਤੂੰ।
ਓਨੇ ਪੁੱਤ੍ਰ ਤੇਰੇ ਘਰ ਪੈਦਾ ਹੋਸਨ,
ਜਸ ਕੀਰਤੀ ਦਾ ਫਲ ਪਾਏਂਗਾ ਤੂੰ।



Sri Satguru Jagjit Singh Ji Elibrary NamdhariElibrary@gmail.com

ਮਹਾਰਾਜ ਦੇ ਬਚਨ ਤੇ ਰੱਖ ਸ਼ਰਧਾ,
ਪਾਠ ਦੋ ਅਖੰਡ ਕਰਾ ਦਿਤੇ।
ਸਮੇਂ ਸਮੇਂ ਦੋ ਪੁੱਤ੍ਰਾਂ ਜਨਮ ਲਿਆਂ,
ਤਲਾ ਸੁੱਕੇ ਮਹਾਰਾਜ ਭਰਾ ਦਿਤੇ।
ਤੀਜੇ ਨੰਬ੍ਰ ਤੇ ਲੜਕੀ ਨੇ ਜਨਮ ਲਿਆਂ,
ਰਿਸ਼ਤੇਦਾਰੀ ਦੇ ਰਾਹ ਬਣਾ ਦਿਤੇ।
ਰਹੂ ਘਰਿ ਇਸ ਸਦਾ ਲਈ 'ਕੰਵਲ' ਖਿਲਿਆਂ,
ਵਾਜੇ ਖੁਸ਼ੀ ਦੇ ਬਾਬੇ ਵਜਾ ਦਿਤੇ।

**ਭੈਣੀ ਸਾਹਿਬ ਤੋਂ ਪੁਲਸ ਚੌਕੀ ਕੁੱਝ ਢਿਲੀ ਹੋਣ ਕਾਰਨ ਮਾਤਾ ਫੱਤ ਕੌਰ ਦਾ ਆਪਣੇ ਪੁੱਤ੍ਰ ਨੂੰ ਦੇਖਣ ਦੀ ਤਿਖੀ ਲਾਲਸਾ ਹੋਣੀ :**

**ਬੈਂਤ-ਬਾਕ ਕਵੀ :**

ਦੇ ਕੇ ਚੌਰ ਭੁਲਾਈ ਮਾਤਾ ਫੱਤ ਕੌਰਾਂ,
ਪੁੱਤ੍ਰ ਮਿਲਣ ਲਈ ਹੀਆਂ ਧਾਰ ਆਈ।

ਧਰਮੂ ਕੋਟ ਸਾਹਿਬ ਕੌਰ ਨੂੰ ਮਿਲੀ ਆਕੇ,
ਵਿਖਾ 'ਕੰਵਲ' ਪੁਤ੍ਰ ਮੇਰਾ ਲੈਣ ਸਾਰ ਆਈ।
ਅਜੇ ਗਲ ਮੂੰਹ ਵਿਚ ਰਹੀ ਇਸਦੇ,
ਝੱਟ ਦੇਖਣੇ ਨੂੰ ਬਾਹਰ ਵਾਰ ਆਈ।
ਮਾਤਾਂ ਦੇਖ ਪੁੱਤ੍ਰ ਲਈ ਪਾ ਜੱਫੀ,
ਘੁੱਟ ਨਾਲ ਕਲੇਜੜਾ ਠਾਰ ਆਈ।

ਪੁੱਤ੍ਰ ਬੇ-ਪਛਾਣ ਹੋ ਮਾਤ ਪਾਸੋਂ;
ਮੂੰਹ ਦੂਸਰੀ ਤ੍ਰਫ ਭੁਆਇਆ ਏ।
ਪੀੜ੍ਹੀ ਡਾਹ ਕੇ ਬੈਠ ਗਿਆ ਚੁਪ ਕਰਕੇ,
ਜਿਵੇ ਕਿਸੇ ਦਾ ਕੁੱਛ ਗੁਆਇਆ ਏ।



Sri Satguru Jagjit Singh Ji Elibrary NamdhariElibrary@gmail.com

ਮਾਤਾ ਹੋ ਪਿਛੋਂ ਜੱਫੀ ਪਾ ਬੈਠੀ,
ਘੁੱਟ ਪੁੱਤ ਛਾਤੀ ਨਾਲ ਲਾਇਆ ਏ।
'ਕੰਵਲ' ਦੱਸ ਖਾਂ ਮਾਤਾ ਦੇ ਓਸ ਵੇਲੇ,
ਦੁੱਧ ਥਣੀਂ ਕਿਵੇਂ ਭਰ ਆਇਆ ਏ।

ਬਰਸਾਂ ਬਾਦ ਆ ਪੁੱਤ ਨੂੰ ਦੇਖਆ ਸੀ,
ਰਿਦੇ ਪ੍ਰੇਮ ਬੱਦਲ ਮਾਨੋ ਛਾ ਗਏ ਸੀ।
ਪੂਰਨ ਦੇਖ ਜਿਵੇਂ ਰਾਣੀ ਇੱਛਰਾਂ ਨੂੰ,
ਨੈਣ ਪ੍ਰਾਣ ਮੁੜਕੇ ਜਿਸਮ ਆ ਗਏ ਸੀ।
ਦੁੱਧ ਉਸਦੇ ਥਣੀਂ ਵੀ ਭਰ ਗਿਆ ਸੀ,
ਧਾਰਾਂ ਵਾਂਗ ਪ੍ਰਨਾਲੜੇ ਵੇਹ ਗਏ ਸੀ।
ਹੋਵੇ ਮਾਂ ਜਿਹਾ ਜੱਗ ਕਉਣ ਕੋਈ,
ਜਿਸਦਾ ਪਿਆਰ 'ਕੰਵਲ' ਹੋਰੀ ਗਾ ਗਏ ਸੀ।

ਕਬਿੱਤ :

ਪੁਤ ਦੇਖ ਮਾਈ ਦਿਲੋਂ ਫੂਲੀ ਨਾ ਸਮਾਈ ਜਾਣੋ,
ਭੈਣੀ ਸਾਹਿਬ ਆਕੇ ਗਲ ਸਭ ਤੋਂ ਛੁਪਾਈ ਏ।
ਹੋਈ ਮੈਂ ਸਪੁੱਤੀ ਬਣੀ ਜਗ ਵਿਚ ਸਾਂਭ ਮੇਰੀ,
ਸੰਧੂਰ ਭਰੀ ਮਾਂਗ ਨੇ ਸੁਹਾਗਣ ਬਣਾਈ ਏ।
ਪੁਤਾਂ ਬਿਨਾਂ ਜੱਗ ਤੋਂ ਨਿਛਾਨ ਸਭ ਲੋਪ ਹੁੰਦੇ,
ਆਦਿ ਅੰਤ ਤੋਂ ਸਦਾ ਇਹ ਰੀਤ ਚਲੀ ਆਈ ਏ।
'ਕੰਵਲ' ਦੀ ਗਲ ਨਹੀਂ ਜੱਗ ਸਾਰਾ ਆਖਦਾ ਏ,
ਪੁੱਤਾਂ ਬਿਨਾ ਘਰ-ਵਾਰ ਦਿਸੇ ਦੁਖਦਾਈ ਏ।



Sri Satguru Jagjit Singh Ji Elibrary NamdhariElibrary@gmail.com

**ਮਾਤਾ ਫਤਹਿ ਕੌਰ ਦਾ ਦੇਹ ਅੰਤ ਭੈਣੀ ਸਾਹਿਬ ਵਿਖੇ :**

ਸੰਮਤ ਉਨੀ ਸੌ ਉਣਾਨਵੇ ਫੱਗਣ ਤਿੰਨ ਗਿਆਂ,
ਇੱਕ ਵਜ ਗਿਆਰਾ ਮਿੰਟ ਹੋਏ ਰਾਤ ਦੇ ਨੇ।
ਭੌਰ ਵਿਚੋਂ ਸਰੀਰ ਦੇ ਉਡ ਗਿਆਂ,
ਭੈਣੀ ਸਾਹਿਬ ਦੇ ਵਿਚ ਦਰਬਾਰ ਦੇ ਨੇ।
ਗੁਰੂ ਪ੍ਰਤਾਪ ਸਿੰਘ ਹੱਥੀ ਸਸਕਾਰ ਕੀਤਾ,
ਹਜ਼ਾਰਾਂ ਸੰਗਤਾਂ ਕੱਠ ਵਿਚਕਾਰ ਦੇ ਨੇ।
ਗਈ ਹੋ ਸਪੁੱਤ੍ਰੀ ਸੰਸਾਰ ਵਿਚੋਂ,
ਪੁੱਤ੍ਰ ਜੰਗ ਸਿੰਘ ਜੀ ਬੇੜੇ ਤਾਰਦੇ ਨੇ।
ਏਹੁ ਜੱਗ ਸਰਾਂ ਮੁਸਾਫਰਾਂ ਦੀ,
ਸਭੇ ਹੈਨ ਏਥੇ ਚਲਣ ਹਾਰ ਭਾਈ।
'ਕੰਵਲ' ਰਹੇ ਖਿਲਆਂ ਚਰਨੀ ਪੈ ਗੁਰਦੀ,
ਸਦਾ ਭੁੰਰਦਾ ਰਹੇ ਅੰਮ੍ਰਿਤਧਾਰ ਭਾਈ।

**ਸੰਤ ਮੋਹਨ ਸਿੰਘ ਜੀ ਦਾ ਭਗਿੰਦ੍ਰ (ਫੋੜਾ) ਰਾਜ਼ੀ ਕਰਨਾ**
**ਗਿਆਨ ਸਿੰਘ ਬਲੌਂਵਾਲੀਏ ਦੀ ਜ਼ੁਬਾਨੀ :**

**ਬੈਂਤ :**

ਸੰਮਤ ਉਨੀ ਸੌ ਛਿਆਟ ਦੀ ਗਲ ਹੈ ਏਹੁ,
ਸੰਤ ਮੋਹਣ ਸਿੰਘ ਬੜਾ ਘਬਰਾਇਆ ਸੀ।
ਭਗਿੰਦ੍ਰ ਫੋੜਾ ਜੋ ਓਸ ਸਰੀਰ ਦੇ ਵਿਚ,
ਉਸਨੇ ਉਸਨੂੰ ਬਹੁਤ ਸਤਾਇਆ ਸੀ।
ਇਲਾਜ ਕਰਨ ਦੀ ਹੱਦ ਮੁਕਾ ਦਿਤੀ,
(ਪਰ) ਅਰਾਮ ਨਾ ਜ਼ਰਾ ਬੀ ਆਇਆ ਸੀ।
ਲੋਕੀ ਉਸਨੂੰ ਬੀ ਪੂਰਨ ਸੰਤ ਕਹਿੰਦੇ,
ਨਾਮਧਾਰੀ ਪੰਥ ਵਿਚ ਓਸਦਾ ਸਾਇਆ ਸੀ।



Sri Satguru Jagjit Singh Ji Elibrary NamdhariElibrary@gmail.com

ਇਕ ਦਿਨ ਆ ਗਿਆ ਓਹ ਗਿਆਨ ਸਿੰਘ ਦੇ ਘਰ,
ਜ਼ਿਕਰ ਫੋੜੇ ਦਾ ਕਹਿ ਫੁਰਮਾਮਦਾ ਈ।
ਗਿਆਨ ਸਿੰਘ ਤੂੰ ਕਹੀ ਮਹਾਰਾਜ ਜੀ ਨੂੰ,
ਸੰਤ ਮੋਹਣ ਸਿੰਘ ਬਿਨੈ ਆਲਾਮਦਾ ਈ।
ਕਿਰਪਾ ਮੇਰੇ ਤੇ ਕਰੋ ਦੁੱਖ ਦੂਰ ਹੋਵੇ,
ਸਹਿਆਂ ਦੁੱਖ ਨਾ ਮੈਥੋਂ ਹੁਣ ਜਾਂਮਦਾ ਈ।
'ਕੰਵਲ' ਜਤੀ, ਸਤੀ; ਪੂਰਨ ਸੰਤ ਹੈ ਓਹ,
ਬਚਨ ਓਹਨਾਂ ਦਾ ਖਾਲੀ ਨਹੀਂ ਜਾਮਦਾ ਈ।

ਗਿਆਨ ਸਿੰਘ ਵਾਕ :

ਅਰਸਾ ਦਸ ਦਿਨ ਦਾ ਗਿਆ ਪੁੱਗ ਜਿਸ ਦਿਨ,
ਅੰਤ੍ਰਯਾਮੀ ਘਰ ਮੇਰੇ ਆ ਗਏ ਸਨ।
ਬਿਨੈ ਮੰਨ ਕੁੱਛ ਦਿਨ ਬਿਸਰਾਮ ਕੀਤਾ,
ਸਿੱਖ ਸੰਗਤਾਂ ਦਰਸ ਰੱਜ ਪਾ ਗਏ ਸਨ।
ਸੰਤ ਮੋਹਣ ਸਿੰਘ ਜੀ ਵਲੋਂ ਮੈਂ ਅਰਜ਼ ਕੀਤੀ,
ਜੋ ਓਹੁ ਫੋੜੇ ਦਾ ਜ਼ਿਕਰ ਅਲਾ ਗਏ ਸਨ।
ਮਹਾਰਾਜ ਖੁਸ਼ੀ ਹੋ ਹੱਸਕੇ ਕਹਿਣ ਲੱਗੇ,
ਗਿਆਨ ਸਿੰਘ ਨੂੰ ਬਚਨ ਫੁਰਮਾ ਗਏ ਸਨ।

ਮਹਾਰਾਜ ਜੀ ਦਾ ਵਾਕ :

ਸੰਤ ਮੋਹਣ ਸਿੰਘ ਨੂੰ ਏਹੁ ਆਖ ਦੇਣਾ,
ਮੰਡੀ ਸੁਕੇਤ ਓਹ ਆਂਵਦੇ ਜਾਂਵਦੇ ਜੀ।
ਓਥੋਂ ਲੋਦੀ ਚਿੱਟੀ ਤੇ ਇਕ ਧੁੱਸਾ,
ਲਿਆਕੇ ਟੇਕ ਮੱਥਾ ਸਾਨੂੰ ਜਾਂਵਦੇ ਜੀ।



Sri Satguru Jagjit Singh Ji Elibrary NamdhariElibrary@gmail.com

ਦੁੱਖ ਫੋੜੇ ਦਾ ਮਿਟੇਗਾ ਉਸੀ ਦਿਨ ਤੋਂ,
ਏਹ ਬਚਨ ਕਰਕੇ ਤੁਰ ਜਾਂਵਦੇ ਜੀ।
ਮੈਂ ਦੱਸੀ ਏਹ ਸੰਤਾਂ ਨੂੰ ਗੱਲ ਸਾਰੀ,
ਸੰਤ ਖੁਸ਼ੀ ਹੋ ਵਸਤਾਂ ਮੰਗਵਾਂਵਦੇ ਜੀ।

ਦੁਖ ਫੋੜੇ ਦਾ ਸੰਤਾਂ ਦਾ ਗਿਆ ਕਿਧਰੇ,
ਧੰਨ ਧੰਨ ਮਹਾਰਾਜ ਨੂੰ ਆਖਓ ਸੂ,
ਪਰ ਉਪਕਾਰੀ ਮਹਾਰਾਜ ਦੀ ਜੈ ਹੋਵੇ,
ਮੁਖੋਂ 'ਕੰਵਲ' ਏਹ ਸੰਤਾ ਨੇ ਭਾਖਿਓ ਸੂ।

**ਸਾਖੀ ਬਿ: ੧੯੬੦ ਦੀ ਬਲੋਵਾਲੀਏ ਗਿਆਨ ਸਿੰਘ ਜੀ ਦੀ ਜ਼ੁਬਾਨੀ :**

ਮਿੰਟ ਗੁਮਰੀ ਵਾਲੇ ਕਰਤਾਰ ਸਿੰਘ ਦਾ,
ਮਹਾਰਾਜ ਜੰਗ ਸਿੰਘ ਨਾਲ ਪਿਆਰ ਹੈਸੀ।
ਰੂਪੇਰ ਕਰਨ ਲਈ ਕਾਰ ਮਹਾਰਾਜ ਦੀ ਨੂੰ,
ਮਹਾਰਾਜ ਲੈ ਗਿਆਂ ਪ੍ਰੇਮ ਦਰਕਾਰ ਹੈਸੀ।
ਬਹੁਤੇ ਦਿਨ ਲੱਗੇ ਇਸਦੇ ਬਣਨ ਨੂੰ ਜੀ,
ਗੱਲ ਚਲਦੀ ਪਰਉਪਕਾਰ ਹੈਸੀ।
ਨਿਗਾਂ ਮੇਹਰ ਦੀ 'ਕੰਵਲ' ਮਹਾਰਾਜ ਰੱਖਦੇ,
ਸੁਖੀ ਵਸੇ ਸਾਰਾ ਪ੍ਰਵਾਰ ਹੈਸੀ।

ਏਨੇ ਦਿਨ ਬਲਦੇਵ ਦੀ ਟੈਕਸੀ ਤੇ,
ਮਹਾਰਾਜ ਚਰਨ ਸਿੱਖਾਂ ਘਰੀਂ ਪਾਵਦੇ ਰਹੇ।
ਮਹਾਰਾਜ ਭਲਾ ਸਭਦਾ 'ਕੰਵਲ' ਸਦਾ ਸੋਚਣ,
ਜੋ ਬੁਲਾਂਵਦਾ ਉਸਦੇ ਘਰ ਜਾਂਵਦੇ ਰਹੇ।

ਗਿਆਨ ਸਿੰਘ ਨੇ ਪੁੱਛਿਆ ਕਰਤਾਰ ਸਿੰਘ ਨੂੰ,
ਮਹਾਰਾਜ ਨਾਲ ਕਦੋਂ ਤੋਂ ਥੋੜਾ ਪਿਆਰ ਹੈਸੀ।



Sri Satguru Jagjit Singh Ji Elibrary NamdhariElibrary@gmail.com

ਕਰਤਾਰ ਸਿੰਘ ਨੇ ਉੱਤਰ ਵਿਚ ਦੱਸਿਆ ਸੀ,
ਪਿਤਾ ਮੋਹਣ ਸਿੰਘ ਚਰਨ ਬਰਦਾਰ ਹੈਸੀ।
ਅਸੀਂ ਅੱਤਿ ਗ੍ਰੀਬੀ ਨਾਲ ਜੂਝ ਰਹੇਸਾਂ,
ਪਿਤਾ ਜਾ ਕੀਤੀ ਅਗੇ ਪੁਕਾਰ ਹੈਸੀ।
ਮਹਾਰਾਜ ਬਚਨ ਕੀਤਾ ਪਹਲਾਂ ਦੱਸਿਆ ਨਹੀਂ,
ਜਾਹ ਅਕਾਲ ਪੁਰਖ ਭਰੂ ਭੰਡਾਰ ਹੈਸੀ।

**ਉਸ ਦਿਨ ਤੋਂ ਬਾਦ :**

ਲੰਗਰ ਪਾਣੀ ਫਕਾ ਤੋਰਿਆ ਮੋਹਣ ਸਿੰਘ ਨੂੰ,
ਉਸ ਤੋਂ ਨੌਂ ਨਿੱਧਾ ਬਾਰਾਂ ਸਿੱਧਾਂ ਹੋ ਗਈਆਂ।
ਹੁਣ ਜੋ ਕੋਠੀਆਂ, ਮੰਦਰ, ਸਾਡੇ ਦੇਖ ਰਹੇ ਹੋ,
ਕਿਰਪਾ ਮਹਾਰਾਜ ਦੀ ਨਾਲ 'ਕੰਵਲ' ਹੋ ਗਈਆਂ।

**ਪਿੰਡ ਖੁਨਨਾਂ ਤਸੀਲ ਮੁਕਤਸਰ ਦੀ ਸਾਖੀ :**

ਸੰਤ ਹਾਕਮ ਸਿੰਘ ਜੀ ਪਿੰਡ ਖੁਨਣਾ ਜ਼ਿਲਾ ਫਿਰੋਜਪੁਰ ਵਾਲੇ ਦਾ ਸਾਰਾ ਪ੍ਰੀਵਾਰ; ਬਾਬਾ ਜੇਮਲ ਸਿੰਘ ਜੀ ਦੇ ਸਪੁੱਤ੍ਰ ਸੰਤ ਭੈਰੋਂ ਸਿੰਘ ਦੀ ਸੰਤਾਨ ਹੈ।

ਬਾਬੇ ਜੇਮਲ ਸਿੰਘ ਜੀ ਦੀ ਸਾਖੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੁਣਾਇਆ ਕਰਦੇ ਸਨ, ਕਿ ਬਾਬਾ ਜੇਮਲ ਸਿੰਘ ਜੀ, ਪਿੰਡ ਖੁਨਣਾ (ਮੁਕਤਸਰ) ਦੇ ਲਾਗੇ ਦੇ ਰਹਿਣ ਵਾਲੇ ਸਨ, ਇਕ ਦਿਨ ਸਪੁੱਤ੍ਰ ਭੈਰੋ ਸਿੰਘ ਜੀ ਨੂੰ ਕਹਣ ਲਗੇ ਬੇਟਾ ਅੱਜ ਸਾਡਾ ਕੜਾਹ ਪ੍ਰਸ਼ਾਦ ਛਕਣ ਨੂੰ ਦਿਲ ਕਰਦਾ ਹੈ, ਆਗਿਆਕਾਰੀ ਪੁਤ੍ਰ ਭੈਰੋਂ ਸਿੰਘ ਜੀ ਨੇ ਕਿਹਾ ਸਤਿ ਬਚਨ ਪਿਤਾ ਜੀ, ਕੜਾਹ ਪ੍ਰਸ਼ਾਦ ਛਕਣ ਤੋਂ ਬਾਦ ਬਾਬਾ ਜੀ ਬਚਨ ਕੀਤਾ ਕਿ ਭੈਰੋ ਸਿੰਘਾਂ ਅਸੀਂ ਭਲਕੇ ਚੋਲਾ ਛੱਡ ਦੇਣਾ ਹੈ ਤੂੰ ਆਪਣੇ ਸਕੇ



Sri Satguru Jagjit Singh Ji Elibrary NamdhariElibrary@gmail.com

ਸਬੰਧੀਆਂ ਨੂੰ ਖਬਰ ਕਰਦੇ। ਭੈਰੋ ਸਿੰਘ ਜੀ ਆਪਣੇ ਪਿਤਾ ਜੀ ਦਾ ਬਚਨ ਕਦੇ ਨਾ ਮੋੜਦੇ। ਸਭ ਨੂੰ ਖਬਰ ਕਰ ਦਿੱਤੀ। ਸਕੇ ਸਬੰਧੀ ਇਕੱਠੇ ਹੋ ਗਏ। ਉਸ ਰਾਤ ਨੂੰ ਬਾਬਾ ਜੀ ਨੇ ਭੂੰਜੇ ਲੇਪਨ ਕਰਕੇ, ਲੰਮੇ ਪੈ ਗਏ। ਤੇ ਬਚਨ ਕੀਤਾ ਵਈ ਜਾ ਦੇਖੋ ਬਾਹਰ ਤਾਰਾ ਚੜ੍ਹ ਗਿਆ ਹੈ, ਉੱਤ੍ਰ ਮਿਲਿਆਂ ਤਾਰਾ ਚੜ੍ਹ ਗਿਆ ਹੈ। ਫਿਰ ਕਹਣ ਲਗੇ ਚਲੋ ਅਜ ਨਹੀਂ ਕਲ ਸਰੀਰ ਛੱਡਾਂਗੇ, ਸਪੁੱਤ੍ਰ ਭੈਰੋ ਸਿੰਘ ਜੀ ਅਰਜ਼ ਕੀਤੀ ਪਿਤਾ ਜੀ ਕੀ ਮਰਣਾ ਜੀਵਣਾ ਤੁਹਾਡੇ ਆਪਣੇ ਹੱਥ ਹੈ ? ਬਾਬਾ ਜੀ ਕਿਹਾ ਬੇਟਾ ਗੁਰੂ ਰਾਮ ਸਿੰਘ ਜੀ ਨੂੰ ਮਿਲਕੇ ਜੇ ਏਨਾ ਵੀ ਪ੍ਰਾਪਤ ਨਾ ਕੀਤਾ ਤਾਂ ਕੀ ਕੀਤਾ।

ਏਹ ਦੇਖਕੇ ਕਈ ਅਸਰੱਧਕ ਰਿਸ਼ਤੇਦਾਰ ਸੱਤਰਿਆ ਬਹੱਤਰਿਆਂ ਆਖ ਚਲੇ ਗਏ; ਤੇ ਜਿਨ੍ਹਾਂ ਨੂੰ ਬਾਬਾ ਜੀ ਦੇ ਬਚਨਾਂ ਤੇ ਭਰੋਸਾ ਸੀ ਉਹ ਬੈਠੇ ਰਹੇ। ਦੂਜੇ ਦਿਨ ਫਿਰ ਰਾਤ ਨੂੰ ਬਾਬਾ ਜੀ ਨੇ ਓਹ ਕਿਰਿਆ ਕਰਕੇ ਬੋਲੇ ਦੇਖੋ ਵਈ ਬਾਹਰ ਤਾਰਾ ਚੜ੍ਹਆ ਹੈ ? ਉਤ੍ਰ ਮਿਲਾ ਜੀ ਚੜ੍ਹ ਗਿਆ ਹੈ, ਸੁਣਕੇ ਸਤਿ ਸ੍ਰੀ ਅਕਾਲ ਕਹਿ ਕੇ ਚੋਲਾ ਛੱਡ ਗਏ।

ਏਹ ਸਾਖੀ ਸੰਤ ਹਾਕਮ ਦੇ ਪ੍ਰੀਵਾਰ ਦੀ ਸੰਖੇਪ ਹੈ।

**ਗੁਰੂ ਹਰੀ ਸਿੰਘ ਜੀ ਦਾ ਮੁਕਤਸਰ-ਵਲੀ ਦੌਰਾ :**

**ਬੈਂਤ :**

ਦੌਰਾ ਕੀਤਾ ਗੁਰੂ ਹਰੀ ਸਿੰਘ ਜੀ ਮੁਕਤਸਰ ਦਾ,
ਦਰਸ਼ਨ ਕਰਨ ਆਈ ਬੇਸ਼ੁਮਾਰ ਸੰਗਤ।
ਅੰਮ੍ਰਿਤ ਪ੍ਰਚਾਰ ਹੋਇਆ ਨਾਮ ਦਾਨ ਦਿੱਤਾ;
ਉੱਮਡ ਪਏ ਲੋਕੀ ਬੰਨ੍ਹ ਕਤਾਰ ਪੰਗਤ।



Sri Satguru Jagjit Singh Ji Elibrary NamdhariElibrary@gmail.com

ਚਾ ਚੜ੍ਹ ਗਿਆ ਸੀ ਜੈਮਲ ਸਿੰਘ ਬਾਬੇ,
ਹੋ ਹੁਸ਼ਿਆਰ ਪਹੁੰਚਾ ਦਿਲ ਚਾੜ੍ਹ ਰੰਗਤ।
ਨਾਮ ਦਾਨ ਲੈ ਕੇ ਹਰੀ ਸਿੰਘ ਗੁਰ ਤੋਂ,
'ਕੰਵਲ' ਹੋ ਗਿਆ ਨਾਨਕ ਤੋਂ ਗੁਰੂ ਅੰਗਦ।

ਚਾਲ ਸਿੱਖੀ ਦੀ ਚਲਦੀ ਗਈ ਓਵੇਂ,
ਮਹਾਰਾਜ ਜੰਗ ਸਿੰਘ ਰੁਪਾਣੇ ਨੂੰ ਤਾਰਦੇ ਸਨ।
ਓਥੋਂ ਪਿੰਡ ਖੁਨਣਾ ਦਸ ਕਿਲੋਮੀਟਰ,
ਰੁਪਾਣੇ ਜਾ ਲੋਕੀਂ ਸੀਨਾ ਠਾਰਦੇ ਸਨ।
ਹਾਕਮ ਸਿੰਘ ਜੀ ਰੋਜ਼ ਉਥੇ ਜਾਂਵਦੇ ਸਨ,
ਮਹਾਰਾਜ ਨਾਲ ਪ੍ਰੇਮ ਪਸਾਰਦੇ ਸਨ।
ਹੱਥ ਬੰਨ੍ਹ ਮਹਾਰਾਜ ਅਗੇ ਅਰਜ਼ ਕੀਤੀ;
ਜੰਗ ਸਿੰਘ ਜੀ ਬਚਨ ਉਚਾਰਦੇ ਸਨ।

ਦਮ-ਦਮੇ ਵਾਲੀ ਜ਼ਮੀਨ ਦੀ ਗੱਲ ਹੈ ਇਹ,
ਮਹਾਰਾਜ ਨੂੰ ਅਸੀਂ ਜਦ ਪੁੱਛਿਆ ਸੀ।
ਓਹਨੀ ਆਖਿਆ ਚੰਗੀ ਜ਼ਮੀਨ ਇਸ ਤੋਂ,
ਕਿਧਰੇ ਹੋਰ ਨਾ ਹੀ ਇਹ ਸਾਡੀ ਇੱਛਿਆ ਸੀ।
ਅਸੀਂ ਝੱਬ ਜ਼ਮੀਨ ਖਰੀਦ ਕਰ ਲਈ,
ਪੈਸਾ ਆਪਣਾ ਓਥੇ ਗੁਲੋਛਿਆ ਸੀ।
'ਕੰਵਲ' ਭਾਈ ਸਾਰੇ ਮੌਜਾਂ ਮਾਣਦੇ ਹਾਂ,
ਮਹਾਰਾਜ ਦੀ ਇਹੋ ਸੁਰੱਖਿਆ ਸੀ।

ਅਸੀਂ ਦਮਦਮੇਂ ਜ਼ਿਲਾ ਹਸਾਰ ਦੇ ਵਿਚ,
ਤਿੰਨ ਭਾਈ ਇਕੱਠੇ ਕਮਾਂਵਦੇ ਹਾਂ।



Sri Satguru Jagjit Singh Ji Elibrary NamdhariElibrary@gmail.com

ਬਲਵੰਤ ਸਿੰਘ ਹਾਕਮ ਗੁਰਦਿਆਲ ਸਿੰਘ ਜੀ,
ਜਸ ਜੰਗ ਸਿੰਘ ਮਹਾਰਾਜ ਦਾ ਗਾਂਵਦੇ ਹਾਂ।
ਇਕ ਹੋਰ ਭਾਈ ਮੰਗਲ ਸਿੰਘ ਸਾਡਾ,
ਮੌਜੂ ਵਾਲੀ ਐਲਣਾ ਬਾਦ ਕੌਲ ਫਰਮਾਵਦੇ ਹਾਂ।
ਕੰਵਲ' ਮਿਲ ਸਾਰੇ ਪ੍ਰੀਵਾਰ ਅਸੀਂ;
ਜਸ਼ਨ ਖੁਸ਼ੀ ਦਾ ਢੋਲ ਵਜਾਂਵਦੇ ਹਾਂ।

ਕਿਰਪਾ ਜੰਗ ਸਿੰਘ ਮਹਾਰਾਜ ਦੀ ਹੋਈ ਸਾਰੀ,
ਜਿਵੇਂ ਸਾਡਾ ਪ੍ਰੀਵਾਰ ਉਬਾਰਿਆ ਹੈ।
ਓਹਨੀ ਧਰਮੂ-ਕੋਟ ਰੁਪਾਣੇ ਦੇ ਵਿਚ ਰਹਿ ਕੇ,
ਬਿਨਾਂ ਵਿਤਕਰੇ ਜਗਤ ਨੂੰ ਤਾਰਿਆ ਹੈ।
ਬਾਲ, ਜੱਤੀ; ਸੱਤੀ; ਹੱਠੀ, ਤਪੀ ਸੀ ਓਹ,
ਕਾਮ ਕ੍ਰੋਧ ਨੂੰ ਓਸਨੇ ਮਾਰਿਆ ਹੈ।
'ਕੰਵਲ' ਧੰਨ ਉਹ ਮੂਰਤਿ ਭਗਵਾਨ ਦੀ ਹੈ,
ਜਿਹਨੇ ਭਗਤਾ ਦਾ ਕਸ਼ਟ ਨਿਵਾਰਿਆ ਹੈ।

**ਬੀਬੀ ਗੁਰੋ ਨੂੰ ਪੁਤਰ ਦੀ ਦਾਤ ਬਖਸ਼ਣੀ ਸੰਤ ਮਨ੍ਹਾ ਸਿੰਘ ਦੀ ਜ਼ੁਬਾਨੀ :**

ਸ਼ੇਰ-ਕੋਟੀਏ ਆਤਮਾ ਸਿੰਘ ਦੇ ਘਰ,
ਜੰਗ ਸਿੰਘ ਜੀ ਦਾ ਆਣ-ਜਾਣ ਹੈ ਸੀ।
ਗੁਰੋ ਨਾਮ ਲੜਕੀ ਆਤਮਾ ਸਿੰਘ ਦੀ ਸੀ,
ਕਰਤਾਰ ਸਿੰਘ ਖਾਰੇ ਵਿਆਹੀ ਆਣ ਹੈ ਸੀ।
ਆਤਮਾ ਸਿੰਘ ਘਰ ਅਸੀਂ ਸਣੇ ਗੁਰੋ ਸਾਰੇ;
ਬੈਠੇ ਮਹਾਰਾਜ ਵੀ ਨਾਲ ਪਛਾਣ ਹੈ ਸੀ।
ਮਹਾਰਾਜ ਗੁਰੋ ਬਾਰੇ ਪੁੱਛਿਆ ਸੀ,
ਕਿਤਨੇ ਬੱਚਿਆਂ ਦਾ ਇਸ ਨੂੰ ਮਾਣ ਹੈ ਸੀ।



Sri Satguru Jagjit Singh Ji Elibrary NamdhariElibrary@gmail.com

ਪੰਜਾਂ ਲੜਕੀਆਂ ਦਾ ਓਹਨੀ ਜ਼ਿਕਰ ਕੀਤਾ,
ਮਹਾਰਾਜ ਨੇ ਬਚਨ ਅਲਾਇਆ ਸੀ।
ਇਹਨਾਂ ਵਿਚ ਲੜਕਾ 'ਕੰਵਲ' ਇਕ ਚਾਹੀਏ;
ਸਾਲ ਬਾਅਦ ਹੀ ਪੁਤ੍ਰ ਹੋ ਆਇਆ ਸੀ
ਸੇਵਕ ਸਿੰਘ ਮਿਲ ਕੇ ਸਭ ਨੇ ਨਾਮ ਚੁਣਿਆ,
ਮਹਾਰਾਜ ਦਾ ਸ਼ੁਕਰ ਮਨਾਇਆ ਸੀ।
ਜਿਸ ਤੇ ਮੇਹਰ ਕੀਤੀ ਜੰਗ ਸਿੰਘ ਬਾਬੇ,
ਉਸ ਨੂੰ ਆਪਣਾ 'ਕੰਵਲ' ਬਣਾਇਆ ਸੀ।

**ਸੰਮਤ ੧੯੯੫-੨੨ ਮਾਘ ਦੀ ਸਾਖੀ ਸੰਤ ਮਨ੍ਹਾ ਸਿੰਘ ਦੀ ਜ਼ਬਾਨੀ :**

ਰੂੜ ਸਿੰਘ ਡੱਡੀਆਂ ਵਾਲਾ ਆਖਦਾ ਹੈ,
ਇਹ ਗੱਲ ਜਗਤ ਸਿੰਘ ਬਾਠਾ ਵਾਲ ਦੀ ਏ।
ਬਰਾਤ ਸੂਰਤ ਸਿੰਘ ਦੀ ਡੱਡੀਏ ਪਿੰਡ ਆਈ,
ਘਟਨਾ ਘਟੀ ਜੋ ਏਸ ਦੇ ਨਾਲ ਦੀ ਏ।
ਮਹਾਰਾਜ ਜੰਗ ਸਿੰਘ ਸੁੰਦਰ ਸਿੰਘ ਆਏ,
ਆਲਾ ਸਿੰਘ ਵੀ ਸਾਰੇ ਇਹੁ ਨਾਲ ਸੀ ਏ।
ਕਿਵੇਂ ਲੈਣ ਪ੍ਰੀਖਿਆ ਮਹਾਰਾਜ ਦੀ ਉਹ ?
'ਕੰਵਲ' ਗੱਲ ਸੁਣਾਂ ਓਸ ਹਾਲ ਦੀ ਏ।

**ਜੰਗ ਸਿੰਘ ਜੀ ਮਹਾਰਾਜ ਸਰੀਰ ਛੋਟਾ ਬੜਾ ਕਰ ਲੈਂਦੇ ਸਨ :**

ਮਹਾਰਾਜ ਜਿਸ ਮੰਜੇ ਬਿਰਾਜਦੇ ਸਨ,
ਜਦ ਆਪਣੇ ਪੈਰ ਪਸਾਰਦੇ ਉਹ।
ਲੱਤਾਂ-ਪਿੰਨੀਆਂ ਠੀਕ ਸੀ ਦਿੱਸਣ ਬਾਹਰ,
ਸਿੱਖ ਦੇਖ ਹੁੰਦੇ ਸ਼ਰਮ-ਸਾਰਦੇ ਉਹ।



Sri Satguru Jagjit Singh Ji Elibrary NamdhariElibrary@gmail.com

ਚਰਨ ਪੌਣ ਮਹਾਰਾਜ ਜੀ ਗਏ ਕਿੱਧਰੇ,
ਮੰਜਾ ਲੰਮਾ ਫਿਰ ਸਿੰਘ ਸਵਾਰਦੇ ਉਹ।
ਮੰਜਾ ਦੇਖ ਮਹਾਰਾਜ ਜੀ ਹੱਸ ਪਏ,
ਸਾਡੀ ਪ੍ਰੀਖਿਆ ਲੈਣ ਦੀ ਧਾਰਦੇ ਉਹ।

ਉਸ ਮੰਜੇ ਉਤੇ ਜਦ ਪੈ ਗਏ ਸਨ,
ਚਰਨ ਬਾਹਰ ਮੰਜੇ ਓਨੇ ਹੋ ਗਏ ਸਨ।
ਦੇਖ 'ਕੰਵਲ' ਦਾ ਕੌਤਕ ਹੈਰਾਨ ਹੋਏ,
ਗੱਲ ਕਰੇ ਕੋਈ ਨਾ, ਮਾਣੋਂ ਸੌਂ ਗਏ ਸਨ।
ਮਹਾਰਾਜ ਆਖਿਆ ਪਏ ਕਿਉਂ ਵਿਚ ਸੋਚਾਂ ?
ਬਹੁਤੇ ਇਸ ਪ੍ਰੀਖਿਆ ਖੋਹ ਗਏ ਸਨ।
ਧੰਨ ਧੰਨ ਆਖਣ ਮਹਾਰਾਜ ਜੀ ਨੂੰ,
ਚਰਨ ਪਕੜ ਸਭ ਕਰਨੀਆਂ ਧੋ ਗਏ ਸਨ।

ਵਾਕ ਕਵੀ :

ਰਿੱਧੀਆਂ-ਸਿੱਧੀਆਂ ਕਰਦੀਆਂ ਕੰਮ ਆਪੇ,
ਜਿਸ ਉਪਰ ਅਕਾਲ ਦਾ ਸਾਇਆ ਜੀ।
ਉਸ ਦੇ ਕੰਮ ਸਾਰੇ ਆਪੇ ਸੌਰ ਜਾਂਦੇ,
ਉਹ ਡਰੇ ਨਾ ਕਿਸੇ ਦਾ ਡਰਾਇਆ ਜੀ।
ਮੂੰਹੋਂ ਕਹੇ ਬਚਨ ਓਸੇ ਵੇਲੇ ਸੱਤਿ ਹੁੰਦੇ,
ਨਾ ਪਰ ਭੇਦ ਉਸ ਦਾ ਕਿਸੇ ਪਾਇਆ ਜੀ।
ਹਿਰਦਾ ਜੁੜਿਆ ਰਹਿੰਦਾ 'ਕੰਵਲ' ਨਾਲ ਉਸ ਦਾ,
ਸੰਸਾਰੀ ਬੰਦੇ ਤੋਂ ਵਖਰਾ ਗਾਇਆ ਜੀ।



Sri Satguru Jagjit Singh Ji Elibrary NamdhariElibrary@gmail.com

**ਮੰਨਾ ਸਿੰਘ ਖਾਰੇ ਪਿੰਡ ਵਾਲੇ ਦੀ ਸਾਖੀ :**

ਮੰਨਾ ਸਿੰਘ ਖਾਰੇ ਵਾਲੇ ਦੱਸਿਆ ਸੀ,
ਪੰਜ ਪੁਤ ਮੇਰੇ ਸੁਰਗਵਾਸ ਹੋ ਗਏ।
ਛੇਵਾਂ ਬੱਚਾ ਆ ਕੇ ਦਿੱਲੀ ਵਿਚ ਮੋਇਆ,
ਮਾਨੋਂ ਅੰਗ ਸਾਡੇ ਸਾਰੇ ਸੌਂ ਗਏ।
ਘਰ ਸਿੰਘ ਗਿਆਨ ਬਲੋ-ਵਾਲੀਏ ਦੇ,
ਬਾਬਾ ਜੰਗ ਸਿੰਘ ਜੀ ਆਣ ਖਲੋ ਗਏ।
ਹੱਥ ਬੰਨ੍ਹ ਕੇ ਮੈਂ ਅਗੋਂ ਅਰਜ ਕੀਤੀ,
ਅੰਸੂ ਅੱਖੀਆਂ ਵਿਚੋਂ ਡੁਲ੍ਹੋ ਗਏ।

ਮੂੰਹ ਵਿਚ ਸਾਡੇ ਪਾਣੀ ਪੌਣ ਵਾਲਾ,
ਰਿਹਾ ਕੋਈ ਨਾ ਮੈਂ ਪੁਕਾਰਿਆ ਸੀ।
ਅੱਧਾ ਘੰਟਾ ਮਹਾਰਾਜ ਜੀ ਚੁੱਪ ਹੋ ਕੇ,
ਬਚਨ ਆਪਣਾ ਫੇਰ ਉਚਾਰਿਆ ਸੀ।
ਅਗੋਂ ਮੰਨਾ ਸਿੰਘਾ ਤੇਰੇ ਹੋਊ ਬੱਚਾ,
ਓਹ ਮਰੇ ਨਾ ਕਿਸੇ ਦਾ ਮਾਰਿਆ ਸੀ।
ਪਾਠ ਇਕ ਅਖੰਡ ਕਰਾ ਦੇਵੀਂ,
ਬਾਹਰ ਜਾਵੀਂ ਨਾ ਸਾਲ ਪੰਜ ਧਾਰਿਆ ਜੀ।

ਸਾਲ ਬਾਅਦ ਮੇਰੇ ਫਿਰ ਹੋਇਆ ਬੱਚਾ,
ਮਹਾਰਾਜ ਵੀ ਕੁਦਰਤੀ ਆ ਗਏ ਸਨ।
ਮੈਂ ਅਰਜ਼ ਕੀਤੀ ਅਖੰਡ ਪਾਠ ਕਰ ਲਊ,
ਅੱਛਾ ਆਖ ਕੇ ਗੱਲ ਨੂੰ ਟਾਲ ਗਏ ਸਨ।
ਲੱਭਾ ਲੱਭਾ ਨਾਮ ਮੁੰਡੇ ਦਾ ਪੈ ਗਿਆ ਸੀ,
ਇਸੇ ਨਾਮ ਤੇ ਸਾਰੇ ਬੁਲਾ ਗਏ ਸਨ।



Sri Satguru Jagjit Singh Ji Elibrary NamdhariElibrary@gmail.com

'ਕੰਵਲ' ਪੰਜ ਸਾਲੀ ਮਹਾਰਾਜ ਫਿਰ ਆਏ,
ਲੱਭਾ ਨਾਮ ਸੁਣ ਕੇ ਓ ਥਰਾ ਗਏ ਸਨ।

ਕਿਹਾ ਨਾਮ ਸੁਖਦੇਵ ਸਿੰਘ ਰਖੋ ਇਸ ਦਾ,
'ਕੰਵਲ' ਮਾਪਿਆਂ ਨੂੰ ਸਦਾ ਸੁਖ ਦਿਊ।
ਅਖੰਡ ਪਾਠ ਦਾ ਵੀ ਓਥੇ ਭੋਗ ਪਾਇਆ,
ਜੇਹੜਾ ਸਾਰੇ ਸੰਸਾਰ ਦਾ ਦੁਖ ਖੋਊ।

ਵਾਕ ਕਵੀ :

ਮਹਾਰਾਜ ਦੀਆਂ ਦੇਖ ਕੇ ਕਰਨੀਆਂ ਨੂੰ;
ਲੋਕੀਂ ਚਰਨ ਛੋਂਹਦੇ ਨਹੀਂ ਰਜਦੇ ਸਨ।
ਬਚਨਾਂ ਨਾਲ ਹੁੰਦੀ ਸਭ ਦੀ ਆਸ ਪੂਰੀ,
ਪਰਦੇ ਸਾਰਿਆਂ ਦੇ ਬਾਬੇ ਕੱਜਦੇ ਸਨ।
ਮੰਦੇ ਕਰਮ ਸੁਵਲੜੇ ਹੋਣ ਸਭ ਦੇ,
ਆਉਂਦੇ ਭਾਗ ਚੰਗੇ, ਮਾੜੇ ਭਜਦੇ ਸਨ।
ਜੋ ਜੈ ਕਾਰ ਦੇ ਸ਼ਬਦ 'ਕੰਵਲ' ਗਾਂਵਦੇ ਸਨ,
ਨਗਾਰੇ ਵਿਚ ਦਰਗਾਹ ਦੇ ਵੱਜਦੇ ਸਨ।



Sri Satguru Jagjit Singh Ji Elibrary NamdhariElibrary@gmail.com

# ਬੀਬੀ ਬਸੰਤ ਕੌਰ ਜੋ (ਕਾਕੀ) ਪਿੰਡ ਫਫੜੇਂ

ਮਹਾਰਾਜ ਜੀ ਦੇ ਦੇਹਕਾ ਓਹਲਾ ਕਰਣ ਤੋਂ ਕੁਛ ਚਿਰ ਪਿਛੋਂ ਦੀ ਗੱਲ ਹੈ ਮੈਂ ਸਵੇਰੇ ਬੱਚਿਆਂ ਨੂੰ ਕਹਕੇ ਘਰੋਂ ੪ ਵਜੇ ਭੀ ਤੜਕੇ ਆ ਕੇ ਵੇਖਿਆ, ਗਡੀ ਲੇਟ (ਦੇਰ ਨਾਲ) ਆਵੇ ਤੇ ਦੋ ਤਿਨ ਵਾਰੀ ਮੇਰੇ ਕੋਲੋਂ ਭੋਗ ਤੋਂ ਪਹਲਾ ਨਾ ਪੁਜਿਆ ਜਾਵੇ। ਅਗਲੀ ਮਸਿਆ ਤੋਂ ਪਹਲਾਂ ਮੈਨੂੰ ਦਰਸ਼ਨ ਦੇ ਕੇ ਕੇਹਣ ਲਗੇ ਕਾਕੀ ਭਾਈ ਤੂੰ ਇਕ ਦਿਨ ਪਹਿਲਾ ਸ਼ਾਮ ਨੂੰ ਆ ਜਾਇਆ ਕਰੋ ਤਾਂ ਮੱਸਿਆ ਦਾ ਪੁੰਨ ਮਿਲੇਗਾ। ਮੈਂ ਏਸੇ ਤਰਾਂ ਹੀ ਹੁਕਮ ਅਨੁਸਾਰ ਕਰਦੀ ਰਹੀ। ਮੈਨੂੰ ਮੱਸਿਆ ਸਾਮ ਨੂੰ ਕਹਣ ਵਾਸਤੇ ਕੇਹਕੇ ਤੇ ਫਿਰ ਹੁਕਮ ਕੀਤਾ ਕਿ ਲੁਧਿਆਣੇ ਮੇਲੇ ਤੇ ਜ਼ਰੂਰ ਜਾਂਵੀ। ੩ ਤਾਰੀਖ ਨੂੰ ਮੇਲਾ ਹੈ, ਮੈਂ ਅਰਜ਼ ਕੀਤਾ ਪਾਤਸ਼ਾਹ ! ਮੈਨੂੰ ਪਤਾ ਨਹੀਂ ਮੇਲਾ ਕਿਥੇ ਹੈ ਤਾਂ ਕਹਿਣ ਲਗੇ ਤੂੰ ਸਟੇਸ਼ਨ ਤੇ ਆ ਜਾਵੀਂ ਮੈਂ ਪੌੜੀਆਂ ਤੇ ਹੋਵਾਂਗਾ ਤੁਹਾਨੂੰ ਨਾਲ ਲੈ ਜਾਵਾਂਗਾ। ਮੈਂ ਉਸੇ ਤਾਰੀਖ ਨੂੰ ਲੁਧਿਆਣੇ ਚਲੀ ਗਈ ਤਾਂ ਇਕ ਸਾਧਾਰਨ ਸਰੂਪ ਵਿਚ ਭੋਲੇਪਨ ਜਹੇ ਮਨੁਖ ਦੇ ਦਰਸ਼ਨ ਹੋਏ ਉਸ ਕੋਲ ਪੁਜਣ ਤੇ ਹੀ ਉਸ ਨੇ ਪੁਛਿਆ ਮੇਲੇ ਜਾਉਗੇ ? ਮੇਰੇ ਨਾਲ ਪ੍ਰੀਤਮ ਸਿੰਘ ਜੀ ਫਲੌਰੇ ਵਾਲੇ ਸਨ, ਪਤਾ ਨਹੀਂ ਮੇਰਾ ਮਨ ਕਿਉਂ ਉਸ ਦੇ ਸਤਕਾਰ ਵਿਚ ਝੁਕਦਾ ਜਾਏ ਮੈਂ ਭਾਈ ਨੂੰ ਆਖਿਆ ਏਹ ਤੇ ਕੋਈ ਰਬ ਦਾ ਰੂਪ ਲਗਦਾ ਹੈ। ਪ੍ਰੀਤਮ ਸਿੰਘ ਜੀ ਕਹਣ ਲਗੇ ਮਹਾਰਾਜ ਕੋਈ ਏਹੋ ਜਹੇ ਥੋੜੇ ਹਨ। ਉਹਨਾਂ ਆਖਿਆ ਆਉ ਮੇਰੇ ਨਾਲ ਮੈਂ ਭੀ ਮੇਲੇ ਜਾਣਾ ਹੈ ਅਸੀਂ ਉਨਹਾਂ ਦੇ ਪਿਛੇ ਪਿਛੇ ਲਗ ਤੁਰੇ ਆਪ ਅਗੇ ਜਾ ਕੇ ਹੱਥ ਨਾਲ ਇਸ਼ਾਰਾ ਕਰਕੇ



Sri Satguru Jagjit Singh Ji Elibrary NamdhariElibrary@gmail.com

ਕਹਣ ਲਗੇ ਉਹ ਵੇਖ ਤੰਬੂ ਲਗੇ ਹੋਏ ਉਥੇ ਮੇਲਾ ਹੈ ਤੇ ਆਪ ਸਾਡੇ ਪਿਛੇ ਹੋ ਗਏ ਜਾ ਮੈਂ ਪਿਛਾ ਪਰਤ ਕੇ ਵੇਖਿਆ ਤੇ ਉਥੇ ਕੁਛ ਭੀ ਨਹੀਂ। ਮੇਲਾ ਇਤਨਾ ਮਹਾਨ ਕਿ ਰਾਗ ਰਤਨ ਪ੍ਰਵਾਰ ਪਰੀਆਂ ਨੇ ਕੀਰਤਨ ਕੀਤਾ ਉਹ ਨਜ਼ਾਰਾ ਤਾਂ ਵੇਖਿਆ ਸੁਣਿਆ ਤੇ ਹੀ ਕਥਨ ਕੀਤਾ ਜਾ ਸਕਦਾ ਹੈ।

ਪਿੰਡ ਬਪੀਆਣਾ ਜ਼ਿਲਾ ਬਠਿੰਡਾ

## ਬਖਸ਼ੀਸ਼ ਸਿੰਘ ਹੋਰਾਂ ਤੇ ਮਹਾਰਾਜ ਜੰਗ ਸਿੰਘ ਜੀ ਦੀ ਕਿਰਪਾ

ਕਾਫੀ ਸਮੇਂ ਦੀ ਗਲ ਹੈ ਜਦ ਕੇ ਮਹਾਰਾਜ ਜੀ ਕੋਈ ੪੦ ਕੁ ਦੀ ਵਸਥਾ ਤਕ ਹੋਣਗੇ ਇਕ ਦਿਨ ਮੈਨੂੰ ਰਾਤ ਨੂੰ ਘਰ ਤੋਂ ਬਾਹਰ ਖੇਤ ਵਲ ਜਾਂਦਿਆ ਕਿਸੇ ਲੰਮੇ ਤੇ ਸਫੇਦ ਸਰੂਪ ਵਿਚ ਦਰਸ਼ਨ ਹੋਏ ਪਰ ਮਨ ਨੂੰ ਪ੍ਰਤੀਤਨਾ ਹੋਣ ਤੇ ਕੁਛ ਦਿਨ ਪਿਛੋਂ ਮੈਂ ਰਾਤ ੧੦ ਕੁ ਬਜੇ ਘਰ ਤੋਂ ਬਾਹਰ ਨਿਕਲ ਕੇ ਨੀਮ ਦੇ ਦਰਖਤ ਕੋਲ ਮੈਂ ਬਾਹਰ ਜਾਂਦੇ ਹੋਏ ਸਾਮਣੇ ਤੋਂ ਉਸੇ ਸਰੂਪ ਵਿਚ ਦਰਸ਼ਨ ਹੋਏ ਥੋੜੀ ਵਿਥ ਤੋਂ ਪਛਾਣ ਕੇ ਮੈਂ ਚਰਨ ਪਕੜ ਲਏ। ਮੈਨੂੰ ਮਹਾਰਾਜ ਜੀ ਨੇ ਪੁਛਿਆ ਸੀ ਕਿਉਂ ਭਈ ਕਦੀ ਬਾਹਰ ਵਾਲਿਆਂ ਵਡਿਆ ਦੇ ਦਰਸ਼ਨ ਹੋਏ ਨੇ। ਮੈਨੂੰ ਪਹਲੀ ਝਲਕ ਯਾਦ ਆ ਗਈ ਤੇ ਪਛਤਾਵਾ ਕੀਤਾ ਕਿ ਮੈਂ ਪਹਲੀ ਵਾਰੀ ਚਰਨ ਕਿਉਂ ਨਾ ਪਕੜ ਕੇ ਅਸ਼ੀਰਵਾਦ ਲਈ, ਮੈਂ ਜਦੋਂ ਭੀ ਮਨ ਵਿਚ ਯਾਦ ਕਰਕੇ ਦਰਸ਼ਨ ਦੀ ਸਿਕ ਲਾਈ ਹੈ ਉਸੇ ਸਮੇਂ ਦਰਸ਼ਨ



Sri Satguru Jagjit Singh Ji Elibrary NamdhariElibrary@gmail.com

ਹੁੰਦੇ ਰਹੇ ਹਨ। ਮਹਾਰਾਜ ਜੀ ਮੇਰੀ ਮਾਸੀ ਜੀ ਦਾ ਦੁਧ ਚੁੰਗਦੇ ਰਹੇ ਹਨ ਅਕਾਲ ਪੁਰਖ ਦੀ ਜੋਤ ਸਮਝਦੇ ਹੋਏ ਮੈਂ ਇਕ ਦਿਨ ਅਰਜ਼ ਕੀਤੀ, ਪਾਤਸ਼ਾਹ ਜੀਓ ਮੇਰੀ ਧਰਮ ਪਤਨੀ ਗੁਮ ਹੋ ਗਈ ਹੈ, ਸਵਾਸ ਨਹੀਂ ਚਲਦੇ ਤੇ ਕਈ ਘੰਟੇ ਤੋ ਪਤਾ ਨਹੀਂ ਖਤਮ ਹੋ ਚੁਕੇ ਹਨ ਏਹ ਤਾਂ ਆਪ ਜਾਣਦੇ ਹੋ ਕਿਰਪਾ ਕਰੋ (ਇਨਹਾਂ ਦਾ ਨਾਂ ਮਾਤਾ ਜਸਵੰਤ ਕੌਰ ਹੈ) ਮਹਾਰਾਜ ਜੀ ਹਸ ਕੇ ਕਹਣ ਲਗੇ। ਭਾਈ ਏਹਦਾ ਹੁਣ ਕੀ ਕੰਮ ਹੈ ਏਹਨੂੰ ਜਾਣ ਦਿਉ ਮੈਂ ਹਥ ਜੋੜਕੇ ਕੇ ਫਿਰ ਅਰਜ਼ ਕੀਤੀ ਪਾਤਸ਼ਾਹ ਕ੍ਰਿਪਾ ਕਰੋ ਇਨਾਂ ਤੇ ਅਜੇ ਕਈ ਕੰਮ ਕਰਣੇ ਹਨ। ਪਾਤਸ਼ਾਹ ਮੁਸਕਰਾਏ ਤੇ ਕਹਣ ਲਗੇ ਇਨਾਂ ਦੀ ਅਰਦਾਸ ਕਰ ਦਿਓ ਅਖੰਡ ਪਾਠ ਰਖਾ ਦਿਓ। ਮਹਾਰਾਜ ਜੀ ਤੁਸੀਂ ਆਪ ਹੀ ਪਾਠ ਦੀ ਅਰਦਾਸ ਕਰ ਦਿਓ ਤਾਂ ਮਹਾਰਾਜ ਜੀ ਨੇ ਸ੍ਰੀ ਅਖੰਡ ਪਾਠ ਦੀ ਅਰਦਾਸ ਆਪ ਹੀ ਕੀਤੀ ਫਿਰ ਅਜ ਤਕ ਜਸਵੰਤ ਕੌਰ ਹੋਰਾਂ ਨੂੰ ਫਿਰ ਕੋਈ ਤਕਲੀਫ ਨਹੀਂ ਹੋਈ ਨਾ ਹੀ ਕੋਈ ਘਟਨਾ ਵਰਤੀ।



Sri Satguru Jagjit Singh Ji Elibrary NamdhariElibrary@gmail.com

### ਗੁਰੂ ਹਰੀ ਸਿੰਘ ਜੀ ਦੀ ਪਹਿਲੀ ਸ਼ਾਦੀ :

**ਬੈਂਤ :**

ਮਿੱਸਤਰੀ ਸੋਭਾ ਸਿੰਘ ਪਿੰਡਮਾਦ ਪੁਰ ਦੇ,
ਰਾਮਾ ਨਾਮ ਸੁਲੱਖਣੀ ਨਾਰ ਇਸ ਦੀ।
ਸਾਹਿਬ ਕੌਰ ਜਨਮੀ ਕੁੱਖ ਹਰੀ ਹੋਈ,
ਸੁੰਦਰ ਮੁੱਖੜਾ ਭਰੀ ਨੁਹਾਰ ਇਸ ਦੀ।
ਛੇਤੀ ਆ ਗਈ ਜੋਬਨ ਬਹਾਰ ਇਸ ਤੇ,
ਸ਼ਾਦੀ ਹੋਈ ਗੁਰੂ ਹਰੀ ਸਿੰਘ ਨਾਲ ਇਸ ਦੀ।
ਵਾਰੀ ਵਾਰੀ ਕੁੱਖੋਂ ਧੀਆਂ ਜਨਮ ਲਿਆ,
ਮਹਿਤਾਬ ਕੌਰ; ਦੂਜੀ ਭਾਗ ਕੌਰ ਇਸ ਦੀ।

ਸੋਭਾ ਸਿੰਘ ਪਿਤਾ ਸੁਰਗਵਾਸ ਹੋਇਆ,
ਸਾਹਿਬ ਕੌਰ ਇਸ ਭੋਗ ਤੇ ਗਈ ਸਾਈਂ।
ਸੰਮਤ ਉੱਨੀ ਸੌ-ਪੈਂਤੀ 'ਕੰਵਲ' ਦਸੇ,
ਸਾਹਿਬ ਕੌਰ ਛੱਡ ਸਰੀਰ ਨੂੰ ਗਈ ਸਾਈਂ।

### ਗੁਰੂ ਹਰੀ ਸਿੰਘ ਜੀ ਦੀ ਦੂਸਰੀ ਸ਼ਾਦੀ ਹੋਣੀ :

**ਨਾਮਧਾਰੀ ਦੇਵੀਆਂ ਵਿਚੋਂ-ਰਚਿਤ ਸੰਤ ਬਿਸ਼ਨ ਸਿੰਘ ਹਿਸਟੋਰੀਅਨ :**

**ਬੈਂਤ :**

ਮਾਤਾ ਜੀਵਨ ਕੌਰ ਤੇ ਫਤਹਿ ਕੌਰ ਮਾਤਾ,
ਬਿਰਾਜ ਪਿੰਡ ਦਾ ਜਨਮ ਬਤਾਇਆ ਜੀ।
ਖੁਸ਼ਹਾਲ ਸਿੰਘ ਪਿਤਾ, ਭਾਗਾਂ ਭਰੀ ਮਾਤਾ,
ਜਨਮ ਏਸ ਦੀ ਕੁੱਖ ਤੋਂ ਪਾਇਆ ਜੀ।



Sri Satguru Jagjit Singh Ji Elibrary NamdhariElibrary@gmail.com

ਸੰਮਤ ਉਨੀ-ਸੌ ਅਠ੍ਹਾਰਾਂ, ਮਾਘ ਦੀ ਪੁੰਨਿਆ ਨੂੰ,
ਮਾਤਾ-ਪਿਤਾ ਘਰ ਨੂੰ ਭਾਗ ਲਾਇਆ ਜੀ।
ਬਚਪਨ ਬੀਤ ਜੁਆਨੀ ਚਿ ਪੈਰ ਧਰਿਆ,
ਰੂਪ ਹੋ ਗਿਆ ਦੂਣ ਸੁਵਾਇਆ ਜੀ।

ਮਾਤਾ ਪਿਤਾ ਨੂੰ ਰੋਜ਼ ਖਿਆਲ ਆਉਂਦਾ,
ਪਰਾਏ ਘਰ ਦਾ ਧੀਆਂ ਸ਼ਿੰਗਾਰ ਹੁੰਦਾ।
ਜੁਆਈ ਲੱਭਿਆ 'ਕੰਵਲ' ਭੈਣੀ ਸਾਹਿਬ ਦੇ ਵਿਚ,
ਗੁਰੂ ਹਰੀ ਸਿੰਘ ਦਾ ਨਾਮ ਵੰਗਾਰ ਹੁੰਦਾ।

ਦੋਨਾਂ ਧੀਆਂ ਦਾ ਪੱਲਾ ਫੜਾ ਗੁਰੂ ਨੂੰ,
ਪਿਤਾ ਸ਼ੁਕਰ ਅਕਾਲ ਦਾ ਮੰਨਿਆ ਸੀ।
ਧੰਨ ਜਾਣਿਆਂ ਆਪਣੇ ਆਪ ਨੂੰ ਉਸ,
ਸਵੀਕਾਰੀਆਂ ਗੁਰੂ ਜਦ ਕੰਨਿਆ ਸੀ।
ਜੀਵਨ ਕੌਰ ਦੀ ਕੁੱਖ ਨੂੰ ਭਾਗ ਲਗੇ,
ਗੁਰੂ ਪ੍ਰਤਾਪ ਸਿੰਘ ਏਸ ਤੋਂ ਜੰਮਿਆ ਸੀ।
ਫਤਹਿ ਕੌਰ ਨੂੰ ਫਤੇ ਦੀ ਮਿਲੀ ਸ਼ੋਭਾ,
ਜੰਗ ਸਿੰਘ ਨਾਮ ਦਾ 'ਕੰਵਲ' ਉਗੰਮਿਆ ਸੀ।

ਪ੍ਰਕਾਸ਼ ਫੈਲਿਆ ਜਗਤ ਵਿਚ ਦੋਹਾਂ ਮਾਤਾ,
ਪੁਤਰ ਪਾ ਕੇ ਤੇਜ ਪ੍ਰਤਾਪ ਵਾਲੇ।
ਵੱਧੀ ਵੇਲ ਪੀਹੜੀ ਚਲੀ ਜਗਤ ਅੰਦਰ,
ਝੇੜੇ ਮਿੱਟ ਗਏ ਦੁੱਖ ਸੰਤਾਪ ਵਾਲੇ।



Sri Satguru Jagjit Singh Ji Elibrary NamdhariElibrary@gmail.com

# ਲੁਧਿਆਣੇ ਵਾਲੇ ਸਰਦਾਰ ਹਰਨਾਮ ਸਿੰਘ ਦੀ ਸਾਖੀ

ਇਹ ਸਰਦਾਰ ਹਰਨਾਮ ਸਿੰਘ ਜੀ, ਨਲਕਿਆਂ ਦੇ ਫਿਲਟਰ ਬਨਾਣ ਦਾ ਕੰਮ ਕਰਦਾ ਸੀ। ਇਸ ਪਤੀ ਪਤਨੀ ਦੇ ਵਿਵਾਹ ਹੋਏ ਨੂੰ ਕਾਫੀ ਸਮਾਂ ਹੋ ਗਿਆ ਸੀ। ਪਰ ਸੱਠ ਸਾਲ ਦੀ ਉਮਰ ਤੀਕ ਵੀ ਇਹ ਸੰਤਾਨ ਦਾ ਮੂੰਹ ਨਾ ਵੇਖ ਸਕੇ। ਬੜਾ ਇਲਾਜ ਕਰਦਿਆਂ ਡਾਕਟਰ, ਵੈਦ ਤੇ ਹੋਰ ਸਿਆਣੇ ਅਨੇਕਾਂ ਛਾਣ ਮਾਰੇ। ਪਰ ਇਹਨਾਂ ਦੋਵਾਂ ਜੀਆਂ ਦੀ ਕਿਤੋ ਵੀ ਝੋਲੀ ਵਿਚ ਖੈਰ ਨਹੀਂ ਪਈ। ਕੁਝ ਸਿਆਣੇ ਡਾਕਟਰਾਂ ਨੇ ਤਾਂ ਇਥੋਂ ਤੀਕ ਕਹਿ ਦਿਤਾ ਕਿ ਭਾਈ ਹਰਨਾਮ ਸਿੰਘਾ ਤੇਰੀ ਸਿੰਘਣੀ ਔਲਾਦ ਪੈਦਾ ਨਹੀਂ ਕਰ ਸਕਦੀ।

ਅੰਤ ਨਿਰਾਸ ਹੋ ਕੇ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਦੀ ਸ਼ਰਨੀ ਪਿਆ। ਤਾਂ ਗੁਰੂ ਪ੍ਰਤਾਪ ਸਿੰਘ ਜੀ ਨੇ ਅਸ਼ੀਰ-ਵਾਦ ਦਿੱਤੀ ਅਤੇ ਪੁੱਤਰ ਹੋਣ ਦਾ ਵਰ ਵੀ ਦਿੱਤਾ। ਕੁਛ ਦਿਨਾਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਬੈਕੁੰਠ-ਗਾਮੀ ਹੋ ਗਏ। ਇਹ ਸੁਣ ਕੇ ਸਰਦਾਰ ਹਰਨਾਮ ਸਿੰਘ ਜੀ ਬਹੁਤ ਉਦਾਸ ਹੋ ਗਿਆ ਤੇ ਇਸ ਦੀਆਂ ਸਾਰੀਆਂ ਉਮੀਦਾਂ ਤੇ ਪਾਣੀ ਫਿਰ ਗਿਆ, ਪੁਤਰ ਦੀ ਆਸਾ ਦਿਲ ਵਿਚ ਲੈ ਕੇ, ਉਹ ਪਿੰਡ ਥਿਰਾਜ ਚਲਾ ਗਿਆ, ਓਥੇ ਓਸੇ ਰਾਤ ਹੀ ਉਸ ਨੂੰ ਗੁਰੂ ਪ੍ਰਤਾਪ ਸਿੰਘ ਜੀ ਦੇ ਸੁਪਨੇ ਵਿਚ ਦਰਸ਼ਨ ਹੋਏ ਤੇ ਕਿਹਾ ਭਾਈ ਹਰਨਾਮ ਸਿੰਘਾ ਤੂੰ ਘਬਰਾ ਨਾ ਸਾਡਾ ਬਚਨ ਜ਼ਰੂਰ ਪੂਰਾ ਹੋਵੇਗਾ, ਪਰ ਤੂੰ ਹੁਣ



Sri Satguru Jagjit Singh Ji Elibrary NamdhariElibrary@gmail.com

ਰੂਪਾਣੇ ਮਹਾਰਾਜ ਜੰਗ ਸਿੰਘ ਜੀ ਕੋਲ ਜਾਹ, ਓਥੇ ਤੇਰੀ ਇੱਛਾ ਪੂਰੀ ਹੋਵੇਗੀ, ਐਸ ਵੇਲੇ ਉਹ ਵੇਲੇ ਦੇ ਮਾਲਕ ਹਨ।

ਸਰਦਾਰ ਹਰਨਾਮ ਸਿੰਘ ਜੀ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਮੈਨੂੰ ਤਾਂ ਰੂਪਾਣੇ ਦੇ ਰਾਹ ਦਾ ਵੀ ਪਤਾ ਨਹੀਂ ਕਿਵੇਂ ਜਾਊਂ ? ਗੁਰੂ ਜੀ ਕਹਿਣ ਲਗੇ ਮੋਗੇ ਤੋਂ ਕੋਟ ਕਪੂਰਾ, ਤੇ ਮੁਕਤਸਰ , ਮੁਕਤਸਰ ਤੋਂ ਚਾਰ ਆਨੇ ਟਾਂਗੇ ਵਾਲਾ ਲਵੇਗਾ, ਉਹ ਤੈਨੂੰ ਰੂਪਾਣੇ ਲੈ ਜਾਏਗਾ। ਸਰਦਾਰ ਹਰਨਾਮ ਸਿੰਘ ਜੀ ਸਵੇਰੇ ਉਠ ਇਸ਼ਨਾਨ ਕਰਕੇ ਰੂਪਾਣੇ ਜਾਣ ਲਈ ਤਿਆਰੀ ਕਰ ਲਈ। ਸਤਿਗੁਰੂ ਜੀ ਦੇ ਦੱਸੇ ਅਨੁਸਾਰ ਮਹਾਰਾਜ ਜੰਗ ਸਿੰਘ ਜੀ ਦੇ ਪਾਸ ਟਿਕਾਣੇ ਪਹੁੰਚ ਗਿਆ ਤਾਂ ਅਗੋਂ ਮਹਾਰਾਜ ਜੰਗ ਸਿੰਘ ਜੀ ਕਹਿਣ ਲਗੇ–ਭਾਈ ਹਰਨਾਮ ਸਿੰਘਾ ਤੂੰ ਆ ਗਿਆ ? ਭਾਈ ਹਰਨਾਮ ਸਿੰਘ ਅਨਜਾਣੇ, ਆਪਣਾ ਨਾਮ ਸੁਣ ਕੇ ਮੁਗਧ ਹੋ ਗਿਆ। ਦਿਲ ਵਿਚ ਕਹਿਣ ਲਗਾ–ਮੇਰੇ ਨਾਮ ਦਾ ਇਹਨਾਂ ਨੂੰ ਕਿਵੇਂ ਪਤਾ ਲਗਾ, ਮੈਂ ਤਾਂ ਅਗੇ ਕਦੀ ਏਥੇ ਆਇਆ ਹੀ ਨਹੀਂ।

ਮਹਾਰਾਜ ਜੰਗ ਸਿੰਘ ਜੀ ਕਹਿਣ ਲਗੇ–ਭਾਈ ਰਾਤ ਵਾਲਾ ਸੁਪਨਾ ਸੁਣਾ, ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤੇਰੇ ਨਾਲ ਬਚਨ ਕੀਤੇ ਹਨ ? ਤਾਂ ਭਾਈ ਹਰਨਾਮ ਸਿੰਘ ਜੀ ਨੇ ਜਿਉਂ ਕਾ ਤਿਉਂ ਸੁਪਨਾ ਮਹਾਰਾਜ ਜੀ ਨੂੰ ਸੁਣਾਇਆ।

ਸਣ ਕੇ ਮਹਾਰਾਜ ਜੰਗ ਸਿੰਘ ਜੀ ਕਹਿਣ ਲਗੇ, ਭਾਈ ਸਾਡੇ ਸਾਹਿਬਾਂ ਦੇ ਬਚਨ ਅਮੋਲਕ ਹਨ, ਇਹ ਕਦੀ ਬੇਅਰਥ ਨਹੀਂ ਜਾ ਸਕਦੇ, ਅਜ ਤੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਨ ਸਤਿ ਹੋਇਆ ਅਤੇ ਤੇਰੇ ਘਰ ਪੁਤਰ ਜ਼ਰੂਰ ਹੋਵੇਗਾ, ਪਰ ਤੇਰੀ ਘਰ ਵਾਲੀ ਦੀ ਉਮਰ ਪੰਜਾਹ ਸਾਲ ਤੋਂ ਉਪਰ ਹੋ ਗਈ ਹੈ, ਇਸ ਕਰਕੇ ਇਸ ਦੀ ਛਾਤੀ ਹਰੀ ਨਹੀਂ ਹੋਵੇਗੀ। ਭਾਵ–ਥਣਾਂ ਵਿਚ ਦੁੱਧ ਨਹੀਂ ਆਵੇਗਾ। ਕਿਉਂਕਿ



Sri Satguru Jagjit Singh Ji Elibrary NamdhariElibrary@gmail.com

ਇਸ ਦੀਆਂ ਦੁਧ ਵਾਲੀਆਂ ਨਾੜੀਆਂ ਸੁਕ ਗਈਆਂ ਹਨ। ਬੱਚਾ ਪੈਦਾ ਹੋਏਗਾ ਤਾਂ ਉਸ ਦੀ ਬੱਕਰੀ ਦੇ ਦੁਧ ਨਾਲ ਪਰਵਰਸ਼ ਕਰਨੀ, ਕਿਉਂਕਿ ਸਤਿਗੁਰੂ ਜੀ ਨੇ ਪੁਤਰ ਦਾ ਵਰ ਦਿੱਤਾ ਸੀ, ਦੁਧ ਦਾ ਨਹੀ ।

ਸ੍ਰੀ ਮਹਾਰਾਜ ਜੀ ਅਗੰਮੀ ਮਸਤੀ ਵਿਚ ਹੁੰਦੇ ਹੋਏ ਵਜਦ ਵਿਚ ਕਹਿਣ ਲਗੇ–ਇਕ ਪੁਤਰ ਤੈਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਖਸ਼ਿਆ ਹੈ, ਤੇ ਇਕ ਤੈਨੂੰ ਅਸੀਂ ਬਖਸ਼ਿਸ਼ ਕਰਦੇ ਹਾਂ, ਤੇ ਇਸ ਦੂਜੇ ਪੁਤਰ ਵਾਰੀ ਛਾਤੀ ਵਿਚ ਦੁਧ ਵੀ ਆ ਜਾਵੇਗਾ। ਤੇ ਦੂਜਾ ਪੁਤਰ ਮਾਂ ਦੇ ਦੁਧ ਨਾਲ ਪਲੇਗਾ। ਹੁਣ ਤੂੰ ਘੋਗੜ ਸਰ ਗੁਰਦੁਆਰੇ ਜਾ ਕੇ ਜਲ ਦੀ ਬੋਤਲ ਭਰ ਲਿਆ ਸਰੋਵਰ ਵਿਚੋਂ।

ਜਦ ਭਾਈ ਹਰਨਾਮ ਸਿੰਘ, ਮਸਤਾਨੇ ਗੁਰਦਿਆਲ ਸਿੰਘ ਨੂੰ ਨਾਲ ਲੈ ਕੇ ਘੋਗੜ ਸਰ ਸਰੋਵਰ ਚੋਂ ਜਲ ਭਰਨ ਲਗੇ ਤਾਂ ਥੋੜ੍ਹਾ ਜਲ ਹੋਣ ਕਾਰਣ ਪਾਣੀ ਗੰਧਲਾ ਜਿਹਾ ਸੀ, ਵੇਖ ਕਰ ਭਾਈ ਹਰਨਾਮ ਸਿੰਘ ਦਾ ਮਨ ਖਰਾਬ ਜਿਹਾ ਹੋ ਗਿਆ, ਤਾਂ ਗਰੀਬ ਨਿਵਾਜ ਮਹਾਰਾਜ ਜੀ ਨੇ ਉਸ ਦਾ ਭਰਮ ਦੂਰ ਕਰਨ ਲਈ ਬੋਤਲ ਵਿਚੋਂ ਦੋ ਘੁਟ ਆਪ ਪੀਤੇ ਤਾਂ ਹਰਨਾਮ ਸਿੰਘ ਦਾ ਸ਼ੰਕਾ ਦੂਰ ਹੋ ਗਿਆ। ਹਰਨਾਮ ਸਿੰਘ ਖੁਸੀ ਖੁਸ਼ੀ ਵਰ ਲੈ ਕੇ ਘਰ ਆ ਗਿਆ। ਅਤੇ ਠੀਕ ਵਕਤ ਤੇ ਪਹਿਲਾਂ ਪੁਤ੍ਰ ਪੈਦਾ ਹੋਇਆ ਤਾਂ ਇਹ ਪੁਤਰ ਬਕਰੀ ਦੇ ਦੁਧ ਨਾਲ ਪਾਲਿਆ ਤੇ ਦੂਜਾ ਪੁਤਰ ਮਹਾਰਾਜ ਜੀ ਦੇ ਵਰ ਵਾਲਾ ਫਿਰ ਹੋਇਆ, ਇਸ ਦੀ ਮਾਈ ਦੀਆਂ ਥਣਾਂ ਵਿਚ ਦੁਧ ਆ ਗਿਆ ਸੀ।

ਜਦ ਮਹਾਰਾਜ ਪਾਸ ਇਹ ਖਬਰ ਪੁਜੀ ਤਾਂ ਮਹਾਰਾਜ ਜੀ ਬੜੇ ਪ੍ਰਸੰਨ ਹੋਏ ਤੇ ਕਹਿਣ ਲਗੇ ਕਿ ਅਜ ਸਾਡੇ ਪ੍ਰੀਤਮ ਗੁਰੂ ਪ੍ਰਤਾਪ ਸਿੰਘ ਜੀ ਦੇ ਬਚਨ ਸਤਿ ਹੋ ਗਏ। ਇਸ ਤਰ੍ਹਾਂ ਭਾਈ ਹਰਨਾਮ ਸਿੰਘ ਜੀ ਦੇ ਪ੍ਰੀਵਾਰ ਦੀ ਸਾਂਭ ਬਣੀ ਤੇ ਮਹਾਰਾਜ ਜਗ ਸਿੰਘ ਜੀ ਦਾ ਕੋਟਨ-ਕੋਟ ਧਨਵਾਦ



Sri Satguru Jagjit Singh Ji Elibrary NamdhariElibrary@gmail.com

ਕੀਤਾ। ਅੰਤ ਵਿਚ ਮਹਾਰਾਜ ਜੀ ਕਹਿਣ ਲਗੇ ਭਾਈ ਅਸੀਂ ਜਿਸ ਸਿੱਖ ਦੀ ਬਾਂਹ ਫੜਦੇ ਹਾਂ, ਉਸ ਦੀ ਦਰਗਾਹ ਤੀਕ ਸਹਾਇਤਾ ਕਰਦੇ ਹਾਂ।

ਬੋਲੋ—ਸਤਿ ਸ੍ਰੀ ਅਕਾਲ!

'ਕੰਵਲ'

## ਸੰਤ ਗੁਰਦਿਆਲ ਸਿੰਘ ਜੀ ਪਿੰਡ ਅੱਬਲੂ ਜ਼ਿਲਾ ਬਠਿੰਡਾ

ਇਸਨੇ ਦੱਸਿਆ ਕਿ ਸਾਡੇ ਤੇ ਵੀ ਮਹਾਰਾਜ ਜਗ ਸਿੰਘ ਜੀ ਦੀ ਅਪਾਰ ਕਿਰਪਾ ਰਹੀ ਹੈ, ਜਿਥੇ ਸਾਨੂੰ ਕੋਈ ਭੀੜ ਬਣੀ ਓਥੇ ਉਹ ਸਹਾਈ ਹੁੰਦੇ ਰਹੇ ਹਨ।

ਏਦਾਂ ਹੀ ਇਕ ਵਾਰ ਮੈਨੂੰ ਮਰਵ ਨਾਸ ਕਰਨ ਲਗੇ ਨੂੰ ਮਹਾਰਾਜ ਜੀ ਨੇ ਆ ਕੇ ਮੇਰੀ ਸਹਾਇਤਾ ਕੀਤੀ। ਮੈਂ ਜਿਮੀਦਾਰ ਹਾਂ ਸਾਡੀਆਂ ਸਰੀਕਾਂ ਨਾਲ ਜ਼ਮੀਨ ਬਾਬਤ ਅਦਾਵਤਾਂ ਚਲੀਆਂ ਔਂਦੀਆਂ ਰਹੀਆਂ। ਮਰ ਨਾਲ ਵੀ ਸਰੀਕਾਂ ਨੇ ਬਹੁਤ ਈਰਖਾ ਕਰਨੀ ਅਰੰਭੀ, ਮੈਂ ਉਹਨਾਂ ਦੇ ਤਾਹਨੇ ਮੇਹਣਿਆਂ ਤੋਂ ਤੰਗ ਆ ਗਿਆ, ਕਿਉਂਕਿ ਮੈਂ ਇਕੱਲਾ ਉਹ ਬਹੁਤ ਸਾਰੇ ਸਨ; ਗਲ ਕੀ ਮੈਂ ਓਹਨਾਂ ਦੀਆਂ ਬੋਲੀਆਂ ਤੋਂ ਤੰਗ ਆ ਕੇ ਏਹ ਸੋਚ ਲਿਆ ਕਿ ਅੱਜ ਜਾਂ ਮੈਂ ਰਹੂੰ ਯਾ ਮੇਰੇ ਸਰੀਕ।

ਮੈਂ ਆਪਣੀ ਪੱਕੀ ਰਾਇਫਲ ਥਰੀ ਨਾਟ ਥਰੀ ਦੀ ਗੋਲੀਆਂ ਨਾਲ ਭਰ ਲਈ ਤੇ ਪੱਕਾ ਇਰਾਦਾ ਕਰ ਲਿਆ ਕਿ ਅਜ ਸਰੀਕੀ ਦਾਵਾ ਮੁਕਾ



Sri Satguru Jagjit Singh Ji Elibrary NamdhariElibrary@gmail.com

ਹੀ ਦੇਣਾ ਹੈ। ਮੈਂ ਉਸ ਰਾਹ ਉਤੇ ਛਿਪਕੇ ਬੈਠ ਗਿਆ। ਜਿਧਰ ਦੀ ਓਹਨਾਂ ਸਰੀਕਾਂ ਦੁਸਮਣਾਂ ਨੇ ਲੰਘਣਾ ਸੀ ਇਕ ਦਰੱਖਤ ਦੀ ਆੜ ਥੱਲੇ ਮੋਰਚਾ ਗੱਡ ਲਿਆ। ਕੁਦਰਤ ਰੱਬ ਦੀ ਓਧਰ ਥੋੜੀ ਦੇਰ ਵਿਚ ਹੀ ਉਹ ਪੰਜ-ਛੇ ਆਦਮੀ ਮੈਨੂੰ ਆਉਂਦੇ ਦਿੱਸੇ, ਮੈਂ ਆਪਣੀ ਬੰਦੂਕ ਜੋ ਗੋਲੀਆਂ ਨਾਲ ਭਰੀ ਹੋਈ ਸੀ, ਚਲਾ ਦਿਤੀ ਪਰ ਬੰਦੂਕ ਥੋੜੀ ਜਿਹੀ ਠੁੱਸ ਕਰ ਕੇ ਰਹਿ ਗਈ, ਮੈਂ ਝਟਪੱਟ ਦਜੀ ਵਾਰ ਗੋਲੀ ਹੋਰ ਪਾ ਕੇ ਘੋੜਾ ਦਬਿਆ ਤਾਂ ਬੀ ਠੁੱਸ ਕਰ ਕੇ ਰਹਿ ਗਈ। ਏਸੇ ਤਰ੍ਹਾਂ ਮੈਂ ਪੰਜ ਛੇ ਵਾਰ ਗੋਲੀਆਂ ਚਲਾਈਆਂ, ਪਰ ਸਾਰੇ ਵਾਰ ਖਾਲੀ ਗਏ। ਅੰਤ ਮੈਂ ਹੈਰਾਨ ਪਰੇਸ਼ਾਨ ਹੋ ਕੇ ਘਰ ਮੁੜ ਆਇਆ। ਫਿਰ ਕ੍ਰੋਧ ਵਿਚ ਭਰੇ ਹੋਏ ਨੇ ਫੈਸਲਾ ਕੀਤਾ ਕਿ ਹੱਥੋ-ਹੱਥੀਂ ਨਿਬੜਾਂ ਪਰ ਉਨ੍ਹਾਂ ਦੀ ਬਹੁ-ਗਿਣਤੀ ਤੋਂ ਵੀ ਡਰ ਆਵੇ ਕਿਉਂਕਿ ਮੈਂ ਇਕੱਲਾ ਸਾਂ।

ਜਦ ਮੈਂ ਇਹ ਗੱਟੀਆਂ ਗਿਣ ਕੇ ਘਰ ਪਹੁੰਚਿਆਂ ਤਾਂ ਕੀ ਦੇਖਦਾ ਹਾਂ ਕਿ ਮਹਾਰਾਜ ਜੱਗ ਸਿੰਘ ਜੀ ਬਿਰਾਜਮਾਨ ਹਨ ਤੇ ਮੇਰੀ ਘਰਵਾਲੀ ਉਨ੍ਹਾਂ ਅੱਗੇ ਰੋ ਰੋ ਕੇ ਸਾਰਾ ਹਾਲ ਦੱਸ ਰਹੀ ਹੈ। ਮਹਾਰਾਜ ਜੀ ਕਹਿਣ ਲਗੇ, ਬੀਬੀ ਧੀਰਜ ਰੱਖੋ ਸਤਿਗੁਰੂ ਭਲੀ ਕਰੇਗਾ। ਏਨੇ ਚਿਰ ਨੂੰ ਮੈਂ ਬੀ ਚਰਨਾਂ ਤੇ ਮੱਥਾ ਟੇਕਿਆ ਅਤੇ ਬੰਦੂਕ ਵੀ ਚਰਨਾਂ ਵਿਚ ਰੱਖ ਦਿਤੀ।

ਦੀਨ ਦਿਆਲ ਜੀ ਨੇ ਸੁਖ ਸਾਂਦ ਪੁੱਛੀ, ਸੁਣਾ ਭਾਈ ਕਿਥੋਂ ਆਇਆ ਹੈਂ ? ਮੈ ਬਿਨਾ ਉਤਰ ਦਿਤੇ ਚੁਪ ਚਾਪ ਚਰਨਾਂ ਵਿਚ ਬੈਠ ਗਿਆ। ਮਹਾਰਾਜ ਜੀ ਨੇ ਬੰਦੂਕ ਫੜੀ ਤੇ ਕਿਹਾ, ਲਿਆ ਭਾਈ ਅਸੀਂ ਚਲਾ ਕੇ ਦੇਖੀਏ, ਮਹਾਰਾਜ ਜੀ ਨੇ ਆਕਾਸ਼ ਵਲ ਮੂੰਹ ਕਰ ਕੇ ਬੰਦੂਕ ਦਾ ਘੋੜਾ ਦਬਾਇਆ ਤੇ ਗੋਲੀ ਪੂਰੇ ਜ਼ੋਰ ਨਾਲ ਨਿਕਲ ਕੇ ਅਸਮਾਨ ਵਲ ਉਡ ਗਈ ਫਿਰ ਮਹਾਰਾਜ ਜੀ ਨੇ ਦੂਸਰੀ ਗੋਲੀ ਚਲਾਈ ਤਾਂ ਉਹ ਬੀ ਠੀਕ ਚਲੀ। ਅੰਤ ਮੈਂ ਨਿਮਰ ਹੋ ਕੇ ਪੁਛਿਆ, ਸਚੇ ਪਾਤਿਸ਼ਾਹ ਏਹ ਹੁਣ ਕਿਦਾਂ ਚਲ ਪਈ ਜਦ ਕਿ ਮੇਰੇ ਪਾਸੋਂ ਯਤਨ ਕਰਨ ਤੇ ਵੀ



Sri Satguru Jagjit Singh Ji Elibrary NamdhariElibrary@gmail.com

ਨਹੀਂ ਚਲੀ। ਮਹਾਰਾਜ ਹੱਸ ਪਏ ਤੇ ਕਿਹਾ, ਭਾਈ ਜਿਹੜੇ ਸਾਡੇ ਹਨ, ਅਸੀਂ ਸਦਾ ਹੀ ਉਨ੍ਹਾਂ ਦੇ ਅੰਗ ਸੰਗ ਹੁੰਦੇ ਹਾਂ। ਗੁਰੂ ਅਤੇ ਸਿੱਖ ਦਾ ਡੂੰਗਾ ਰਿਸ਼ਤਾ ਪਿਆਰ ਦਾ ਹੁੰਦਾ ਹੈ, ਸਤਿਗੁਰੂ ਆਪਣੇ ਸੇਵਕ ਦੀ ਲਾਜ ਆਪ ਰਖਦਾ ਹੈ।

ਏਨੇ ਬਚਨਾਂ ਤੋਂ ਬਾਦ ਮੈਂ ਆਪਣੀ ਘਰਵਾਲੀ ਨੂੰ ਪੁਛਿਆ, ਕਿ ਮਹਾਰਾਜ ਜੀ ਕਦ ਆਏ ਸਨ। ਉਸ ਦਾ ਉਤਰ ਸੀ ਕਿ ਜਦੋਂ ਤੁਸੀਂ ਘਰੋਂ ਬੰਦੂਕ ਭਰ ਕੇ ਗਏ ਉਦੋਂ ਹੀ ਕੁਝ ਦੇਰ ਬਾਦ ਮਹਾਰਾਜ ਜੀ ਆ ਗਏ ਸਨ ਤਾ ਮੈਂ ਸਾਰੀ ਵਿਥਿਆ ਬਾਬਾ ਜੀ ਨੂੰ ਦਸ ਦਿਤੀ ਸੀ ਕਿ ਕਿਵੇਂ ਤੁਸੀਂ ਗੁਸੇ ਵਿਚ ਬੰਦੂਕ ਲੈ ਕੇ ਗਏ ਸੀ। ਅਤੇ ਮਹਾਰਾਜ ਜੀ ਕਹਿਣ ਲਗੇ, ਲਿਆ ਬੀਬੀ ਪ੍ਰਸ਼ਾਦਾ ਛਕਾ ਜੋ ਕੁਝ ਬਣਿਆ ਹੈ ਲਿਆਂ ਉਚੇਚ ਕਰਨ ਦੀ ਲੋੜ ਨਹੀਂ। ਸੋ ਉਸ ਦਿਨ ਤੋਂ ਮਹਾਰਾਜ ਜੀ ਦੀ ਸਾਡੇ ਤੇ ਬੜੀ ਕਿਰਪਾ ਹੋਈ। ਸ਼ਰੀਕਾਂ ਦੇ ਦੁਖ ਵੀ ਦੂਰ ਹੋ ਗਏ, ਹੁਣ ਅਸੀਂ ਸੁਖ ਸ਼ਾਂਤੀ ਨਾਲ ਦਿਨ ਗੁਜਾਰ ਰਹੇ ਹਾਂ ਤੇ ਆਖਦੇ ਹਾਂ ਧੰਨ ਮਹਾਰਾਜ ਜਗ ਸਿੰਘ ਜੀ। ਇਸ ਤਰ੍ਹਾਂ ਸਤਿਗੁਰੂ ਸਿੱਖ ਦੇ ਬੰਧਨ ਕੱਟਦਾ ਹੈ।

'ਕੰਵਲ'

**ਏਹ ਸਾਖੀ ਸੰਤ ਮੇਲਾ ਸਿੰਘ ਜੀ ਜੋ ਮਹਾਰਾਜ ਜੰਗ ਸਿੰਘ ਜੀ ਦੇ ਨਿਕਟ ਰਹੇ ਹਨ, ਨੇ ਲਿਖ ਭੇਜੀ ਹੈ।**

ਇਕ ਵਾਰ ਦੀ ਗਲ ਹੈ ਕਿ ਕਰਨ ਪੁਰੇ ਮਸਤਾਨੇ ਜੀ ਦੇ ਬੜੇ ਭਾਈ ਗੁਰਦਿਆਲ ਸਿੰਘ ਦੀ ਲੜਕੀ ਦਾ ਵਿਆਹ ਸੀ, ਮਹਾਰਾਜ ਜੰਗ



Sri Satguru Jagjit Singh Ji Elibrary NamdhariElibrary@gmail.com

ਸਿੰਘ ਜੀ ਨੇ ਮੈਨੂੰ ਕਿਹਾ ਮੇਲਾ ਸਿੰਘਾ ਆਪਾਂ ਕਰਣ ਪੁਰੇ ਵਿਆਹ ਤੇ ਚਲਣਾਂ ਹੈ, ਮੈਂ ਕਿਹਾ ਮਹਾਰਾਜ ਜੀ ਮੇਰੇ ਪਿਤਾ ਕਰਮ ਸਿੰਘ ਜੀ ਬੀਮਾਰ ਹਨ, ਮਹਾਰਾਜ ਜੀ ਕਹਿਣ ਲਗੇ ਲਿਆ 'ਭਾਈ ਘਿਉ ਆਪਾਂ' ਸਤਿਗੁਰੂ ਨਮਿੱਤ ਦੇਗ ਕਰ ਦੇਂਦੇ ਹਾਂ, ਤੇਰੇ ਪਿਤਾ ਜੀ ਠੀਕ ਹੋ ਜਾਣਗੇ। ਮੈਂ ਘਰੋਂ ਘਿਉ ਲਿਆਦਾਂ ਤਾਂ ਮਸਤਾਨਾ ਗੁਰਦਿਆਲ ਸਿੰਘ ਜੀ ਨੇ ਦੇਗ ਤਿਆਰ ਕੀਤੀ, ਦੇਗ ਬਹੁਤ ਅੱਛੀ ਤਿਆਰ ਹੋਈ, ਤੇ ਮਹਾਰਾਜ ਜੀ ਨੇ ਅਰਦਾਸ ਕਰਕੇ ਦੇਗ ਵਰਤਾ ਦਿਤੀ। ਫਿਰ ਕਰਨ ਪੁਰ ਵਿਆਹ ਲਈ ਧਰਮੂ ਕੋਟ ਤੋਂ ਤੁਰ ਪਏ। ਰਸਤੇ ਵਿਚ ਸਿਰਸੇ ਵਾਲੇ ਭਗਤ ਸਿੰਘ ਦੇ ਘਰ ਹੁੰਦੇ ਹੋਏ ਅਸੀਂ ਕਰਣ ਪੁਰੇ ਪਹੁੰਚ ਗਏ, ਦੂਸਰੇ ਦਿਨ ਮਹਾਰਾਜ ਜੀ ਕਹਿਣ ਲਗੇ, ਚਲੋ ਆਪਾਂ, ਸੰਤ ਸਈ ਰਾਮ ਦੇ ਦਰਸ਼ਨ ਕਰੀਏ। ਮਹਾਰਾਜ ਦੇ ਹੁਕਮ ਅਨੁਸਾਰ ਉਸੇ ਵੇਲੇ ਸੰਗਤ ਨੇ ਇਕ ਊਠ ਵਾਲੀ ਰੇਹੜੀ ਤਿਆਰ ਕਰ ਲਈ ਤੇ ਸੰਗਤ ਦੇ ੧੫-੨੦ ਆਦਮੀ ਸਿੱਖ ਨਾਲ ਤਿਆਰ ਹੋ ਗਏ। ਓਥੇ ਪਹੁੰਚੇ ਜਿਥੇ ਸੰਤ ਸਈ ਰਾਮ ਜੀ ਰੋਹੀ ਵਿਚ ਰਹਿੰਦੇ ਸਨ, ਸਈ ਰਾਮ ਦੇ ਸਭ ਨੇ ਦਰਸ਼ਣ ਕੀਤੇ, ਪਰ ਸਈ ਰਾਮ ਦੇ ਰੰਗ ਵਿਚ ਕੋਈ ਫਰਕ ਨਹੀਂ ਪਿਆ ਕਿ ਕੋਈ ਮਹਾਤਮਾਂ ਮੇਰੇ ਦਰਸ਼ਣ ਲਈ ਆਏ ਹਨ। ਏਹ ਵੇਖ ਮੇਰੇ ਦਿਲ ਵਿਚ ਸ਼ੰਕਾ ਉਤਪਨ ਹੋ ਗਈ ਕਿ ਏਹੁ ਕੇਹੁ ਜੇਹਾ ਸੰਤ ਹੈ ਜਿਸਦੇ ਦਿਲ ਵਿਚ ਸਿੱਖਾਂ ਸੰਤਾਂ ਪੁਰਖਾਂ ਨੂੰ ਦੇਖ ਕੇ ਜ਼ਰਾ ਜਿੰਨੀ ਵੀ ਖੁਸ਼ੀ ਨਹੀਂ ਹੋਈ। ਏਹ ਸ਼ੰਕਾ ਮੇਰੇ ਮਨ ਵਿਚ ਬਾਰ-ਬਾਰ ਆਈ, ਓਥੋਂ ਕੁਝ ਦੇਰ ਬਾਦ ਚਲ ਪਏ। ਅਸੀਂ ਅਜੇ ਉਸ ਝਿੜੀ ਦੇ ਵਿਚ ਹੀ ਸਾਂ ਕਿ ਮਹਾਰਾਜ ਜੀ ਨੇ ਆਵਾਜ਼ ਮਾਰੀ, ਮੇਲਾ ਸਿੰਘਾਂ ਲਿਆ ਵਈ ਪਾਣੀ ਪੀਏ। ਮੈਂ ਗੜਬੇ ਵਿਚੋਂ ਪਾਣੀ ਦਾ ਗਲਾਸ ਭਰਕੇ ਫੜਾਇਆ; ਪਾਣੀ ਪੀਣ ਤੋਂ ਪਹਿਲਾਂ ਮਹਾਰਾਜ ਜੀ ਕਿਹਾ ਕਿਉਂ ਭਾਈ ਮੇਲਾ ਸਿੰਘਾਂ ਕੀਤਾ ਸੰਤਾ ਦਾ ਦਰਸ਼ਣ। ਏਹ ਨੇ ਸੰਤ ਜਿਨ੍ਹਾਂ ਨੂੰ ਆਇਆਂ ਦੀ ਖੁਸ਼ੀ ਨਹੀਂ ਤੇ ਨਾ ਗਏਆਂ ਦਾ ਗੰਮ। ਏਹ ਬਚਨ ਸੁਣ ਮੇਰੇ ਮਨ ਦੀ ਸਾਰੀ ਸ਼ੰਕਾ



Sri Satguru Jagjit Singh Ji Elibrary NamdhariElibrary@gmail.com

ਦੂਰ ਹੋ ਗਈ। ਮੈਂ ਮਨ ਵਿਚ ਮਹਾਰਾਜ ਜੀ ਨੂੰ ਧੰਨ ਸਮਝਿਆ ਕਿ ਤੁਸੀਂ 'ਅੰਤ੍ਰਯਾਮੀ ਹੋ' ਮੇਰੇ ਮਨ ਦੀ ਬੁੱਝ ਕੇ ਮੇਰੀ ਸ਼ੰਕਾ ਦੂਰ ਕੀਤੀ।

ਜਦੋਂ ਦਰਸ਼ਣ ਮੇਲੇ ਕਰਕੇ ਅਸੀਂ ਘਰ ਪਹੁੰਚੇ ਓਥੇ ਮਹਾਰਾਜ ਜੀ ਦਾ ਆਸਣ ਇਕ ਬੈਠਕ ਵਿਚ ਹੁੰਦਾ ਸੀ। ਮਹਾਰਾਜ ਦੇ ਪਲੰਘ ਕੋਲ ਇਕ ਮੇਜ ਹੁੰਦਾ ਸੀ ਜਿਸ ਉਤੇ ਪਾਣੀ ਦਾ ਗੜਬਾ ਤੇ ਗਲਾਸ ਰੱਖੇ ਹੋਏ ਹੁੰਦੇ ਸਨ ਓਹ ਕੰਧ ਵਾਲੇ ਪਾਸੇ ਪਿਆ ਹੁੰਦਾ ਸੀ। ਰਾਤ ਨੂੰ ਵਿਆਹ ਦਾ ਕੰਮ ਹੋਣ ਕਰਕੇ ਮਸਤਾਨਾ ਜੀ ਨੇ ਦਰਬਾਰਾ ਸਿੰਘ ਕਰਣ ਪੁਰੇ ਵਾਲੇ ਨੂੰ ਕਿਹਾ ਤੂੰ ਬੀ ਅੱਜ ਏਥੇ ਮਹਾਰਾਜ ਜੀ ਕੋਲ ਸਵੀਂ, ਕਿਉਂਕਿ ਮਹਾਰਾਜ ਜੀ ਰਾਤ ਨੂੰ ਮੇਲਾ ਸਿੰਘ ਨੂੰ ਬਲਾਉਂਦੇ ਹਨ ਤਾਂ ਇਸਨੂੰ ਜਾਗ ਨਹੀਂ ਆਉਂਦੀ ਤੂੰ ਇਸ ਨੂੰ ਜਗਾ ਦੇਵੀ। ਫਿਰ ਅਸੀਂ ਤਿੰਨੇ ਹੀ ਉਸ ਬੈਠਕ ਵਿਚ ਦਰੀ ਵਿਛਾਕੇ, ਆਪੋ ਵਿਚੀ ਗਲਾਂ ਕਰਦੇ ਸਾਂ ਗੁਰਦਿਆਲ ਸਿੰਘ ਦਰਬਾਰਾ ਸਿੰਘ ਤੇ ਮੈਂ ਮੇਲਾ ਸਿੰਘ। ਏਨੇ ਚਿਰ ਮਹਾਰਾਜ ਜੀ ਨੇ ਆਵਾਜ਼ ਮਾਰੀ ਮੇਲਾ ਸਿੰਘਾ! ਮੈਂ ਝੱਟ ਜਾ ਕੇ ਮਹਾਰਾਜ ਜੀ ਦੇ ਚਰਨਾ ਵਲੀਂ ਖੜੋ ਗਿਆਂ ਤੇ ਮਹਾਰਾਜ ਜੀ ਬਿਨਾ ਕੁਛ ਕਹੇ ਬਿਰਾਜ ਗਏ। ਮੈਂ ਕਰੀਬਨ ਚਾਰ ਪੰਜ ਮਿੰਟ ਹੀ ਖੜਾ ਰਿਹਾ ਹੋਵਾਂਗਾ, ਮੈਨੂੰ ਪਤਾ ਨਹੀਂ ਲੱਗਿਆ ਕਿ ਕਿਵੇਂ ਮੈਨੂੰ ਕਿਸੇ ਚੁੱਕ ਕੇ ਕੰਧ ਨਾਲ ਪਰੇ ਕਰਕੇ ਬਿਠਾ ਦਿੱਤਾ ਜਿਸ ਪਾਸੇ ਵਲੀਂ ਮੇਜ ਪਈ ਸੀ। ਇਸ ਦਾ ਫਾਸਲਾ ਕੋਈ ਤਿੰਨ ਚਾਰ ਫੁੱਟ ਦੇ ਕਰੀਬ ਹੋਵੇਗਾ। ਮੈਂ ਹੈਰਾਨ ਸਾਂ, ਮੈਂ ਗੁਰਦਿਆਲ ਸਿੰਘ ਤੇ ਦਰਬਾਰਾ ਸਿੰਘ ਨੂੰ ਦੱਸਿਆ, ਉਤਰ ਵਿਚ ਦਰਬਾਰਾ ਸਿੰਘ ਨੇ ਕਿਹਾ ਤੂੰ ਸੌਂ ਗਿਆਂ ਹੋਵੇਗਾਂ। ਮੈਂ ਕਿਹਾ ਵਈ ਤੂੰ ਠੀਕ ਕਹਨਾ ਕਿ ਮੈਂ ਸੌਂ ਗਿਆਂ ਹੋਣਾ ਹੈ, ਪਰ ਜੇ ਮੈਂ ਸੁਤਾ ਪਿਆਂ ਡਿਗਦਾ ਤਾਂ ਮੇਰੇ ਕਿਤੇ ਸੱਟ ਨਾ ਲਗਦੀ? ਪਰ ਮੈਨੂੰ ਤਾਂ ਮਲੂਮ ਹੀ ਨਹੀਂ ਹੋਇਆਂ ਕਿ ਮੈਂ ਤਿੰਨ ਚਾਰ ਫੁੱਟ ਤੇ ਕਿਵੇਂ ਚਲਾ ਗਿਆਂ। ਇਤਨੇ ਬਚਨ ਬਲਾਸ ਕਰਦੇ ਅਸੀਂ ਸੌਂ ਗਏ। ਜਦੋਂ ਸੁਭਾ ਜਾਗੇ ਤਾਂ ਮਹਾਰਾਜ ਜੀ ਨੇ ਪਾਣੀ ਮੰਗਿਆ, ਤਾਂ ਮੈਂ



Sri Satguru Jagjit Singh Ji Elibrary NamdhariElibrary@gmail.com

ਪਾਣੀ ਦੇਣ ਲਗਾਂ ਹੀ ਸਾਂ ਕਿ ਮਹਾਰਾਜ ਜੀ ਹੱਥ ਤੇ ਹੱਥ ਮਾਰ ਹੱਸਣ ਲਗ ਪਏ ਤੇ ਬੋਲੇ ਕਿਉਂ ਭਈ ਮੇਜ ਤੇਰੇ ਤੇ ਕਿ ਤੂੰ ਮੇਜ ਉਤੇ, ਇਹ ਕੇਹ ਬਚਨ ਕੀਤਾ ਭਾਈ ਰਾਤ ਸਹੀਦ ਸਿੰਘ ਦਰਸ਼ਨ ਕਰਨ ਆਏ ਸੀ, ਤੂੰ ਓਹਨਾਂ ਨੂੰ ਖੜਾ ਬੁਰਾ ਲਗਾਂ ਓਹਨੀ ਤੇਨੂੰ ਚੁੱਕ ਕੇ ਪਰੇ ਕੰਧ ਨਾਲ ਬਿਠਾ ਦਿਤਾ। ਤੇ ਆਪ ਦਰਸ਼ਣ ਕਰਕੇ ਚਲੇ ਗਏ।

ਜਦੋਂ ਓਥੋਂ ਵਾਪਸ ਆਏ ਤਾਂ ਮੈਂ ਮਹਾਰਾਜ ਜੀ ਨੂੰ ਜਲ ਪਾਣੀ ਛਕਾਂ, ਮੈਂ ਆਪਣੇ ਘਰ ਨੂੰ ਪਿਤਾ ਜੀ ਦੀ ਖਬਰ ਲੈਣ ਗਿਆ। ਪਹੁੰਚਣ ਤੇ ਦੇਖਿਆ ਕਿ ਪਿਤਾ ਜੀ ਬਿਲਕੁਲ ਠੀਕ ਤੇ ਛੱਲੀਆਂ ਦੇ ਦਾਣੇ ਕਢ ਰਹੇ ਹਨ। ਏਹ ਦੇਖਕੇ ਮੈਂ ਆਪਣੇ ਮਨ ਵਿਚ ਮਹਾਰਾਜ ਜੰਗ ਸਿੰਘ ਜੀ ਦਾ ਧੰਨਵਾਦ ਕੀਤਾ। ਅਰ ਇਨਾਂ ਨੂੰ ਪੂਰਨ ਮਹਾਪੁਰਖ ਜਾਣ ਨਮਸਕਾਰ ਕੀਤੀ ਤੇ ਕਿਹਾ ਧੰਨ ਮਹਾਰਾਜ ਜੀ ਦੂਖ ਨਿਵਾਰਣ ਹਾਰੇ। ਇਤਿ

## ਸੰਤ ਗਿਆਨ ਸਿੰਘ ਜੀ ਬਲੋਂਵਾਲੀ ਦੇ ਸਪੁਤ੍ਰ ਸ੍ਰੀ ਮੁਹਿੰਦਰ ਸਿੰਘ ਦੀ ਸ਼ਾਦੀ ਤੇ ਸਾਖੀ (ਸੰਮਤ ੧੯੫੯)

ਮੇਰੇ ਸਪੁਤ੍ਰ ਸੰਤ ਮੁਹਿੰਦਰ ਸਿੰਘ ਦਾ ਵਿਵਾਹ ਸ੍ਰੀ ਜੀਵਨ ਨਗਰ ਗੁਰੂ ਜੀ ਦੀ ਹਜ਼ੂਰੀ ਵਿਚ ਹੋਇਆ, ਅਤੇ ਮੇਰੀ ਸਪੁਤ੍ਰੀ ਬੀਬੀ ਸ਼ਿੰਦੋ ਦਾ ਵਿਵਾਹ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ ਸੀ। ਮੈਂ ਵੈਸਾਖੀ ਤੋਂ ਪੰਜ ਦਿਨ ਪਹਿਲਾਂ ਰੂਪਾਣੇ ਗਿਆ। ਇਸ ਲਈ ਕਿ ਪੁਤ੍ਰ ਮੁਹਿੰਦਰ ਸਿੰਘ ਦਾ ਮੁਕਲਾਵਾ ਲੈਣ ਜਾਣਾ ਸੀ ਤੇ ਮੈਂ ਮਹਾਰਾਜ ਜੰਗ ਸਿੰਘ ਜੀ ਨੂੰ ਲੈਣ ਗਿਆ ਸੀ। ਮੈਂ ਰੂਪਾਣੇ ਪਹੁੰਚ ਕੇ ਮਹਾਰਾਜ ਜੀ ਦੇ ਚਰਨਾਂ ਵਿਚ ਮੱਥਾ ਟੇਕਿਆ, ਤਾਂ ਮਹਾਰਾਜ ਜੀ ਕਹਿਣ ਲਗੇ, ਸੁਣਾ ਭਈ ਕਿਵੇਂ ਆਇਆ ਹੈਂ ? ਮੈਂ ਆਖਿਆ ਗਰੀਬ-ਨਿਵਾਜ ਜੀ ਮੁਹਿੰਦਰ ਸਿੰਘ ਦਾ ਮੁਕਲਾਵਾ



Sri Satguru Jagjit Singh Ji Elibrary NamdhariElibrary@gmail.com

ਲੈਣ ਜਾਣਾ ਹੈ। ਵਿਸਾਖੀ ਵਾਲੇ ਦਿਨ, ਮਹਾਰਾਜ ਜੀ ਹੱਸ ਕੇ ਕਹਿਣ ਲਗੇ, ਅੱਛਾ ਵਈ ਮਠਿਆਈ ਖਾਵਾਂਗੇ। ਕਿਉਂਕਿ ਮੁੰਡੇ ਦੇ ਵਿਆਹ ਦੀ ਖੁਸ਼ੀ ਹੈ ਨਾ। ਤੇ ਮੈਂ ਫਿਰ ਆਖਿਆ ਗਰੀਬ ਨਿਵਾਜ਼ ਇਕ ਹੋਰ ਗੱਲ ਬੜੀ ਖਰਾਬ ਹੈ, ਕਿ ਸਾਡੀ (ਮੇਰੀ) ਮਾਤਾ ਜੀ ਬਹੁਤ ਬੀਮਾਰ ਹੈ। ਮਹਾਰਾਜ ਜੀ ਨੇ ਉਤਰ ਦਿਤਾ ਕਿ ਤੇਰੀ ਮਾਤਾ ਜੀ ਦੇ ਦਿਨ ਪੂਰੇ ਹੋ ਗਏ ਹਨ। ਹੁਣ ਉਸ ਦਾ ਅਗੋਂ ਰਸਤਾ ਸਾਫ ਹੈ, ਉਸ ਨੂੰ ਜਾਣ ਦੇਈਏ। ਮੈਂ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਮਾਤਾ ਜੀ ਨੂੰ ਪੁਤ੍ਰ ਨੂੰਹ ਤੇ ਪੋਤਰੇ ਜੁਵਾਈ ਦੇ ਦੇਖਣ ਦੀ ਬੜੀ ਲਾਲਸਾ ਹੈ। ਤਾਂ ਮਹਾਰਾਜ ਜੀ ਨੇ ਉਤਰ ਦਿਤਾ–ਅੱਛਾ ਫਿਰ ਉਸ ਨੂੰ ਹੋਰ ਦਸ ਦਿਨ ਬਾਅਦ ਵਿਚ ਜਾਣ ਦਾ ਸਮਾਂ ਅਕਾਲ ਪੁਰਖ ਤੋਂ ਮੰਗਦੇ ਹਾਂ ਤੇ ਉਸ ਦੀ ਚਾਹ ਪੂਰੀ ਕਰਕੇ ਹੀ ਉਸ ਨੂੰ ਘਲਾਂਗੇ। ਕਿਉਂਕਿ ਉਸ ਦਾ ਰਸਤਾ ਤਾਂ ਸਾਫ ਹੋ ਚੁਕਾ ਹੈ। ਮਹਾਰਾਜ ਜੀ ਮੇਰੇ ਨਾਲ ਆ ਗਏ ਤੇ, ਮਾਤਾ ਜੀ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਨਿਮਸਕਾਰ ਕੀਤੀ। ਮਹਾਰਾਜ ਜੀ ਨੇ ਕਿਹਾ ਕਿ ਮਾਈ ਤੇਰੇ ਮਨ ਦਾ ਚਾਉ ਪੂਰਾ ਕਰਕੇ ਹੀ ਤੈਨੂੰ ਭੇਜਾਂਗੇ।

ਤੇ ਅਸੀਂ ਅਗਲੇ ਦਿਨ ਧਾਰੀ ਵਾਲ ਵਿਖੇ ਮੁਕਲਾਵਾ ਲੈਣ ਜਾਣਾ ਸੀ। ਲੜਕੀ ਦੇ ਮਾਤਾ ਪਿਤਾ ਸੰਤ ਮੋਹਣ ਸਿੰਘ ਜੀ ਥੰਬਦੀ ਰਹਿੰਦੇ ਸਨ। ਪਿੰਡ ਇਨ੍ਹਾਂ ਦਾ ਧਾਰੀਵਾਲ ਸੀ। ਅਸੀਂ ਪਹਿਲੀ ਰਾਤ ਅਦਲੀਵਾਲ ਜੋ ਅੰਮ੍ਰਿਤਸਰ ਦੇ ਕੋਲ ਹੈ, ਓਥੇ ਰਾਤ ਰਹੇ। ਰਸਤੇ ਵਿਚ ਨੁਸ਼ਹਿਰਾ ਮੱਝਾ ਸਿੰਘ ਆਉਂਦਾ ਹੈ, ਉਥੇ ਅਸੀਂ ਗੱਡੀ ਰੋਕੀ, ਮੈਂ ਕਿਹਾ ਏਥੇ ਸੰਤ ਹਰਨਾਮ ਸਿੰਘ ਜੀ ਕਿਲੇ ਵਾਲੇ ਰਹਿੰਦੇ ਹਨ, ਉਥੇ ਜਲ ਵਰਤਿਆ ਤੇ ਐਨੇ ਨੂੰ ਸੰਤਾਂ ਦੇ ਡੇਰੇ ਵਾਲਿਆਂ ਨੂੰ ਪਤਾ ਲਗਿਆ ਕਿ ਮਹਾਰਾਜ ਜੰਗ ਸਿੰਘ ਜੀ ਆਏ ਹਨ। ਤੇ ਡੇਰੇ ਵਾਲੇ ਕੱਠੇ ਹੋ ਮਹਾਰਾਜ ਜੀ ਨੂੰ ਲੈਣ ਲਈ ਆ ਗਏ ਤੇ ਅਰਜ਼ ਕੀਤੀ ਸਾਡੇ ਡੇਰੇ ਚਰਨ ਪਾਓ, ਤਾਂ ਮਹਾਰਾਜ ਜੀ ਨੇ ਕਿਹਾ ਭਾਈ ਅਜ ਸਾਨੂੰ ਦੇਰ ਹੁੰਦੀ ਹੈ, ਤੇ ਅਸੀਂ



Sri Satguru Jagjit Singh Ji Elibrary NamdhariElibrary@gmail.com

ਕਲ ਸਵੇਰੇ ਅੱਠ ਵਜੇ ਆਵਾਂਗੇ। ਏਥੋਂ ਰੁਖਸਤ ਹੋ, ਅਸੀਂ ਧਾਰੀਵਾਲ ਪਹੁੰਚ ਗਏ। ਓਥੋਂ ਦੂਜੇ ਦਿਨ ਮੁੜੇ ਤੇ ਨੁਸ਼ਹਿਰੇ ਮੱਝਾ ਸਿੰਘ ਦੇ ਡੇਰੇ ਆ ਗਏ। ਅਗੋਂ ਓਥੇ ਸੰਗਤ ਹੁਮ-ਹੁਮਾ ਕੇ ਪਹੁੰਚੀ ਹੋਈ ਸੀ, ਉਨ੍ਹਾਂ ਦੀ ਬੇਨਤੀ ਤੇ ਮਹਾਰਾਜ ਜੀ ਨੇ ਇਕੋ ਘੰਟਾ ਦੀਵਾਨ ਲਾ ਕੇ ਸੰਗਤਾਂ ਨੂੰ ਨਿਹਾਲ ਕੀਤਾ, ਤੇ ਓਹਨੀ ਮਹਾਰਾਜ ਜੀ ਨੂੰ ਸਿਰੋ-ਪਾਓ ਭੇਟ ਕੀਤਾ ਤੇ ਮਹਾਰਾਜ ਜੀ ਤੋਂ ਖੁਸ਼ੀਆਂ ਲਈਆਂ। ਮਹਾਰਾਜ ਜੀ ਦਾ ਏਤਨਾ ਪ੍ਰਭਾਉ ਸੀ, ਕਿ ਜਿੱਥੇ ਜਾਂਦੇ ਸਨ, ਓਥੇ ਸੰਗਤਾਂ ਨੂੰ ਚਾਉ ਚੜ੍ਹ ਜਾਂਦਾ ਸੀ।

ਇਥੋਂ ਫਿਰ ਮਹਾਰਾਜ ਜੀ ਰੂਪਾਣੇ ਨੂੰ ਚਲੇ ਗਏ, ਤੇ ਅਸੀਂ ਦਿੱਲੀ ਵਾਪਸ ਆ ਗਏ। ਸ੍ਰੀ ਮੋਹਣ ਸਿੰਘ ਜੀ ਵੀ ਸਾਡੇ ਨਾਲ ਹੀ ਸਨ। ਅਸੀਂ ਆ ਕੇ ਮਾਤਾ ਜੀ ਨੂੰ ਕਿਹਾ, ਲੈ ਤੂੰ ਆਪਣੀ ਪੋਤਰੇ, ਨੂੰਹ ਨੂੰ ਤੇ ਪੁਤਰ ਦੇ ਜਵਾਈ ਨੂੰ ਵੇਖ ਕੇ ਆਪਣਾ ਚਾਉ ਪੂਰਾ ਕਰ ਲੈ, ਤੇ ਤੇਰੇ ਹੁਣ ਚਾਰ ਪੰਜ ਦਿਨ ਹੀ ਬਾਕੀ ਹਨ। ਇਨ੍ਹਾਂ ਦਿਨਾਂ ਵਿਚ ਹੀ ਮਾਤਾ ਜੀ ਪੂਰੇ ਹੋ ਗਏ। ਹਫਤੇ ਬਾਅਦ ਮਹਾਰਾਜ ਜੀ ਮੇਰੀ ਲੜਕੀ ਸ਼ਿੰਦੋ ਦੇ ਮੁਕਲਾਵੇ ਤੇ ਸਰਦਾਰ ਧਰਮ ਸਿੰਘ ਜੀ ਨੂੰ ਨਾਲ ਲੈ ਕੇ (ਜੋ ਮੁਕਤਸਰ ਹੀ ਰਹਿੰਦਾ ਸੀ) ਦਿੱਲੀ ਆ ਗਏ। ਓਸੇ ਰਾਤ ਮਾਤਾ ਜੀ ਚੜ੍ਹਾਈ ਕਰ ਗਏ ਸਨ। ਤੇਂ ਸੁਵੇਰੇ ਸਸਕਾਰ ਕਰਕੇ ਆਏ ਤੇ ਮਹਾਰਾਜ ਜੀ ਦੁਪਹਿਰ ਵੇਲੇ ਪਹੁੰਚ ਗਏ ਤੇ ਪੁਛਿਆ ਕਿ ਤੁਹਾਡੀ ਮਾਤਾ ਜੀ ਚਲਾਣੇ ਕਰ ਗਏ ? ਕਿਉਂਕਿ ਉਸ ਦਾ ਅੱਗੇ ਰਸਤਾ ਸਾਫ ਸੀ, ਉਹ ਹੋਰ ਜ਼ਿਆਦਾ ਦਿਨ ਨਹੀਂ ਰਹਿ ਸਕਦੀ।

ਨੋਟ : ਇਸ ਲੇਖ ਦਾ ਇਹੋ ਭਾਵ ਹੈ ਕਿ ਸੰਤ ਗਿਆਨ ਸਿੰਘ ਬਲੋਵਾਲੀ ਦੀ ਮਾਤਾ ਬਿਸ਼ਨ ਕੌਰ ਨੂੰ ਇਸ ਦੀ ਪੋਤ ਨੂੰਹ ਤੇ ਪੋਤ ਜਵਾਈ ਨੂੰ ਦੇਖਣ ਦਾ ਚਾਉ ਪੂਰਾ ਕਰਨ ਲਈ ਮਹਾਰਾਜ ਜੀ ਨੇ ਇਸ



Sri Satguru Jagjit Singh Ji Elibrary NamdhariElibrary@gmail.com

ਦੀ ਉਮਰ ਵਿਚ ਦਸ ਦਿਨ ਵਾਧੇ ਦੀ ਬਖਸ਼ਿਸ਼ ਕੀਤੀ, ਉਹ ਆਪਣਾ ਚਾਅ ਪੂਰਾਂ ਕਰਕੇ ਸੁਰਗਵਾਸ ਸਿਧਾਰ ਗਈ।

## ੧੯੬੧-੬੨ ਦੀ ਸਾਖੀ ਸੰਤ ਗਿਆਨ ਸਿੰਘ ਜੀ ਬਲੋਂਵਾਲ ਦੇ ਘਰ ਦੀ

ਇਨ੍ਹਾਂ ਦਿਨਾਂ ਵਿਚ ਮਹਾਰਾਜ ਜੰਗ ਸਿੰਘ ਜੀ ਦਿੱਲੀ ਸੰਤ ਗਿਆਨ ਸਿੰਘ ਜੀ ਦੇ ਘਰ ਆਏ। ਤੇ ਕੁਛ ਅਰਸ਼ਾ ਰਹਿਣ ਤੇ ਮਹਾਰਾਜ ਦੀ ਮੋਟਰ-ਗਾੜੀ ਦੀ ਡੈਨਮੋਂ ਖਰਾਬ ਹੋ ਗਈ। ਮਹਾਰਾਜ ਜੀ ਨੇ ਗੁਰਦਿਆਲ ਸਿੰਘ ਨੂੰ ਕਿਹਾ, ਮਸਤਾਨਿਆਂ ਸੰਤ ਮੁਹਿੰਦਰ ਸਿੰਘ ਨੂੰ ਕਹਿ ਕਿ ਡੈਨਮੋਂ ਪਵਾ ਦੇਵੇ, ਅਸੀਂ ਉਸ ਨੂੰ ਪੈਸੇ ਦੇ ਦੇਵਾਂਗੇ। ਮਸਤਾਨੇ ਦੇ ਕਹਿਣ ਤੇ ਮੁਹਿੰਦਰ ਸਿੰਘ ਨੇ ਦੋ ਦਿਨਾਂ ਵਿਚ ਹੀ ਗੱਡੀ ਵਿਚ ਡੈਨਮੋਂ ਫਿੱਟ ਕਰ ਦਿਤਾ। ਤੇ ਕਹਿਣ ਲੱਗਾ ਮੈਂ ਪੈਸੇ ਨਹੀਂ ਲੈਣੇ। ਮਸਤਾਨੇ ਨੇ ਕਿਹਾ ਕਿਉਂ ਨਹੀਂ ਲੈਣੇ ?

ਮੁਹਿੰਦਰ ਸਿੰਘ ਦਾ ਉਤਰ ਸੀ ਕਿ ਮਹਾਰਾਜ ਮੈਨੂੰ ਪੁਤ੍ਰ ਬਖਸ਼ਣ। ਮਸਤਾਨੇ ਨੇ ਆਖਿਆ ਠੀਕ ਹੈ। ਮੈਂ ਮਹਾਰਾਜ ਅਗੇ ਅਰਜ਼ ਕਰ ਦੇਊਂਗਾ, ਫਿਕਰ ਨਾ ਕਰ।

ਛੇ ਮਹੀਨੇ ਬਾਅਦ ਮਹਾਰਾਜ ਮਸਤਾਨੇ ਸੁਮੇਤ ਫਿਰ ਆਏ ਤੇ ਮਸਤਾਨੇ ਨੂੰ ਪੁਛਣ ਲਗੇ ਕਿ ਮਸਤਾਨਿਆਂ ਮੁਹਿੰਦਰ ਸਿੰਘ ਨੂੰ ਡੈਨਮੋਂ ਦੇ ਪੈਸੇ ਦੇ ਦਿਤੇ ਹਨ। ਮਸਤਾਨੇ ਨੇ ਕਿਹਾ, ਮਹਾਰਾਜ ਜੀ ਮੈਂ ਮੁਹਿੰਦਰ ਸਿੰਘ ਨਾਲ ਸੌਦਾ ਕੀਤਾ ਹੋਇਆ ਹੈ। ਵਈ ਕੀ ਸੌਦਾ ਕੀਤਾ ਹੈ ਮੈਨੂੰ ਵੀ ਦਸੋ, ਮਸਤਾਨਾ ਕਹਿਣ ਲਗਾ ਜੀ ਡੈਨਮੋ ਬਦਲੇ ਇਸ ਨੂੰ ਪੁਤ੍ਰ



Sri Satguru Jagjit Singh Ji Elibrary NamdhariElibrary@gmail.com

ਦੇਣ ਦੀ ਕਿਰਪਾ ਕਰੋ। ਮਹਾਰਾਜ ਜੀ ਕਿਹਾ ਡੇਨਮੋ ਕਿੰਨੇ ਦਾ ਸੀ ? ਜੀ ! ਸ਼ੱਤਰ ਰੁਪਏ ਦਾ। ਮਹਾਰਾਜ ਜੀ ਹਸ ਕੇ ਕਹਿਣ ਲਗੇ ਮਸਤਾਨਿਆਂ ਪੁਤ੍ਰ ਕਿਤੇ ਸੱਤਰ ਰੁਪਏ ਨੂੰ ਮਿਲਦਾ ਹੈ ? ਮਸਤਾਨਾ ਕਹਿਣ ਲੱਗਾ ਮਹਾਰਾਜ ਜੀ ਮੈਂ ਤਾਂ ਹਾਂ ਕਰ ਬੈਠਾ ਹਾਂ ? ਮਹਾਰਾਜ ਜੀ ਕਹਿਣ ਲਗੇ, ਅੱਛਾ ਇਹ ਤਾ ਪੁਤਰ ਹੋਵੇਗਾ, ਪਰ ਅਗੋਂ ਸਾਡੇ ਪੁਛੇ ਬਿਨਾਂ ਹਾਂ ਨਾ ਕਰੀਂ। ਇਸ ਬਚਨ ਕਰਨ ਤੋਂ ਬਾਅਦ ਇਕ ਸਾਲ ਦੇ ਅੰਦਰ ਹੀ ਮੁਹਿੰਦਰ ਸਿੰਘ ਦੇ ਘਰ ਪੁਤਰ ਨੇ ਜਨਮ ਲਿਆ। ਤੇ ਜਦ ਬੱਚਾ ਛੇ ਮਹੀਨੇ ਦਾ ਹੋ ਗਿਆ ਤਾਂ ਮਹਾਰਾਜ ਜੀ ਆ ਗਏ ਤਾਂ ਮੁਹਿੰਦਰ ਸਿੰਘ ਦੀ ਮਾਤਾ ਨਰੈਣ ਕੌਰ ਨੇ ਮਹਾਰਾਜ ਜੀ ਦੀ ਚਰਨੀ ਹੱਥ ਲਾ ਕੇ ਕਿਹਾ–ਸੱਚੇ ਪਾਤਸ਼ਾਹ ਕਾਕੇ ਦਾ ਨਾਮ ਆਪ ਹੀ ਕਿਰਪਾ ਕਰਕੇ ਰਖ ਦੇਵੋ। ਤਾ ਅਗੋਂ ਮਸਤਾਨਾ ਕਹਿਣ ਲਗਾ ਕਿ ਕਾਕੇ ਦਾ ਨਾਮ ਦਿਲਾਵਰ ਸਿੰਘ ਰੱਖ ਦੇਈਏ ? ਤਾਂ ਮਹਾਰਾਜ ਜੀ ਨੇ ਕਿਹਾ, ਜੋ ਮਸਤਾਨੇ ਨੇ ਕਿਹਾ, ਠੀਕ ਹੈ।

ਇਸ ਤਰ੍ਹਾਂ ਮਹਾਰਾਜ ਜੀ ਆਪਣੇ ਸੇਵਕਾਂ ਦੀਆਂ ਮੰਨਤਾਂ ਮੰਨ ਲੈਂਦੇ ਤੇ ਹਰੇਕ ਪਰਿਵਾਰ ਨੂੰ ਸੁੱਖੀ ਦੇਖਣ ਦੇ ਚਾਹਵਾਨ ਰਹਿੰਦੇ ਸਨ। ਐਸੇ ਧੰਨ ਮਹਾਰਾਜ ਜੰਗ ਸਿੰਘ ਜੀ ਸਨ।

ਜਥੇਦਾਰ ਸਰਦਾਰ ਸੁਰੇਣ ਸਿੰਘ ਦੀ ਜ਼ਬਾਨੀ :

## ਜ਼ਿਲਾ ਫੀਰੋਜ਼ਪੁਰ ਦੇ ਪਿੰਡ ਰੂਪਾਣੇ ਵਿਚ ਹਰੀਜਨ ਸੋਹਣੇ ਨੂੰ ਜੀਵਨ ਦਾਨ ਦੀ ਸਾਖੀ

ਇਕ ਵਾਰ ਮਹਾਰਾਜ ਜੰਗ ਸਿੰਘ ਜੀ ਪਿੰਡ ਰੂਪਾਣੇ. ਤਹਿਸੀਲ ਮੁਕਤਸਰ ਜ਼ਿਲਾ ਫੀਰੋਜ਼ਪੁਰ ਵਿਚ ਆਪਣੇ ਸਾਰੇ ਪ੍ਰੀਵਾਰ ਨਾਲ ਸ਼ੋਭਾ



Sri Satguru Jagjit Singh Ji Elibrary NamdhariElibrary@gmail.com

ਪਾ ਰਹੇ ਸਨ। ਜਿਸ ਵਿਚ ਮਾਤਾ ਖੇਮ ਕੌਰ ਜੀ ਤੇ ਬਾਬਾ ਬਿਕ੍ਰਮਾ ਸਿੰਘ ਜੀ. ਬੀਬੀ ਗੁਰਦਿਆਲ ਕੌਰ ਜੀ ਅਤੇ ਸਰਦਾਰ ਬਲਵੰਤ ਸਿੰਘ ਜੀ ਆਦਿ ਸਨ। ਕੁਝ ਘਰੋਗੀ ਵਿਚਾਰ-ਵਟਾਂਦਰੇ ਹੋ ਰਹੇ ਸਨ। ਏਨੇ ਚਿਰ ਵਿਚ ਭਾਈ ਆਲਾ ਸਿੰਘ ਜੀ ਜੋ ਮਹਾਰਾਜ ਜੰਗ ਸਿੰਘ ਜੀ ਦੇ ਗੜਬਈ ਸਨ ਆ ਗਏ। ਮਹਾਰਾਂਜ ਜੀ ਨੂੰ ਸੰਬੋਧਨ ਕਰਕੇ ਆਖਣ ਲਗੇ ਪਾਤਸ਼ਾਹ ਜੀ ਬਾਹਰ ਖੇਤਾਂ ਵਲ ਜਾਣਾ ਹੈ? ਇਹ ਸੁਣਦਿਆਂ ਸਾਰ ਹੀ ਮਹਾਰਾਜ ਜੀ ਭਾਈ ਆਲਾ ਸਿੰਘ ਜੀ ਨਾਲ ਉਠ ਤੁਰੇ। ਭਾਈ ਆਲਾ ਸਿੰਘ ਜੀ ਨੇ ਜਲ ਦਾ ਗੜਵਾ ਫੜ ਲਿਆ ਤੇ ਬਚਨ-ਬਿਲਾਸ ਕਰਦੇ ਕਰਦੇ ਮਹਾਰਾਜ ਜੀ ਨਾਲ ਤੁਰੇ ਗਏ। ਮੁਕਤਸਰ ਵਾਲੇ ਰਸਤੇ ਤੇ ਹਰੀਜਨਾਂ ਦੀਆਂ ਝੁੱਗੀਆਂ ਹਨ, ਤੁਰੇ ਜਾਂਦਿਆਂ ਦੇ ਇਹਨਾਂ ਝੁੱਗੀਆਂ ਵਿਚੋਂ ਰੋਣ ਅਤੇ ਚੀਕ-ਚਿਹਾੜੇ ਦੀ ਆਵਾਜ਼ ਸੁਣਾਈ ਦਿਤੀ। ਮਹਾਰਾਜ ਜੀ ਨੇ ਭਾਈ ਆਲਾ ਸਿੰਘ ਜੀ ਨੂੰ ਕਿਹਾ ਜਾਹ ਦੇਖ, ਇਹ ਲੋਕ ਕਿਉਂ ਰੋ ਰਹੇ ਹਨ? ਆਲਾ ਸਿੰਘ ਜੀ ਬਚਨ ਮੰਨ ਕੇ ਗਿਆ ਤਾਂ ਆ ਕੇ ਮਹਾਰਾਜ ਜੀ ਨੂੰ ਦਸਿਆ ਕਿ ਪਾਤਸ਼ਾਹ ਉਹਨਾਂ ਦਾ ਇਕੋ ਇਕ ਮੁੰਡਾ ਸੀ ਉਹ ਮਰ ਗਿਆ ਹੈ, ਇਸ ਕਰਕੇ ਰੋ ਰਹੇ ਹਨ। ਇਹ ਗੱਲ ਸੁਣ ਕੇ ਮਹਾਰਾਜ ਜੀ ਤੇ ਭਾਈ ਆਲਾ ਸਿੰਘ ਜੀ ਉਹਨਾਂ ਕੋਲ ਗਏ, ਜਿਥੇ ਰੋਣ ਕੁਰਲਾਣ ਦੀ ਹਾਹਾਕਾਰ ਮੱਚੀ ਹੋਈ ਸੀ। ਮਹਾਰਾਜ ਜੀ ਨੇ ਉਸ ਮੁੰਡੇ ਸੋਹਣੇ ਦੇ ਮੂੰਹ ਤੋਂ ਰਜ਼ਾਈ ਦਾ ਪਲਾ ਉਠਾ ਕੇ ਭਾਈ ਆਲਾ ਸਿੰਘ ਜੀ ਨੂੰ ਕਿਹਾ, ਇਸ ਦੇ ਮੂੰਹ ਤੇ ਪਾਣੀ (ਜਲ) ਦਾ ਛੱਟਾਂ ਦੇਹ। ਉਸ ਨੇ ਜਲ ਦਾ ਛਿੱਟਾ ਦਿਤਾ ਤੇ ਮਹਾਰਾਜ ਜੀ ਨੇ ਬਚਨ ਕੀਤਾ ਕਾਕਾ ਉਠ! ਤੈਂ ਤਾਂ ਅਜੇ ਕਈ ਕੰਮ ਕਰਨੇ ਹਨ। ਇਹ ਕਹਿੰਦਿਆਂ ਹੀ ਕਾਕਾ ਸੋਹਣਾ ਉਠ ਬੈਠਾ ਤੇ ਓਥੇ ਖੜੇ ਲੋਕਾਂ ਨੇ ਮਹਾਰਾਂਜ ਜੀ ਦੇ ਇਸ ਕੌਤਕ ਨੂੰ ਅਚੰਭਾ ਜਾਣ ਕੇ ਚਰਨ ਫੜ ਕੇ ਧੰਨ ਧੰਨ ਕਰਨ ਲਗੇ, ਉਥੇ ਮਹਾਰਾਜ ਜੀ ਨੇ ਨਾਮ ਸਿਮਰਨ ਦਾ ਉਪਦੇਸ਼ ਦੇ ਕੇ ਅਕਾਲ ਪੁਰਖ ਦੀ ਰਜ਼ਾ ਵਿਚ ਚਾਲੇ ਪਾਏ।



Sri Satguru Jagjit Singh Ji Elibrary NamdhariElibrary@gmail.com



ਏਹ ਜਗਰ ਸਿੰਘ ਜੀ ਡੇਰਾ
ਮਹਾ. ਤ ਜੰਗ ਸਿੰਘ ਜੀ ਵਿਖੇ
ਲਾਂਗ ਦੀ ਸੇਵਾ ਕਰ ਰਹੇ ਹਨ।
ਪਿਤਾ ਨੋਖ ਸਿੰਘ, ਮਾਤਾ-ਰਾਜ
ਕੌਰ, ਡ ਤਲਵਾੜਾ ਖੁਰਦ ਜੀਵਨ
ਨਗਰ (ਸਿਰਸਾ)



ਸੂਬਾ ਗੁਰਦਿਆਲ ਸਿੰਘ-ਬੇਟਾ
ਸ੍ਰ. ਨੰਦ ਸਿੰਘ ਦਾ, ਪਤਨੀ ਜਸਮੇਰ
ਕੌਰ, ਪੁਤ੍ਰ ਬਲਤੇਜ ਸਿੰਘ, ਜੁਗਰਾਜ
ਸਿੰਘ ਤੇ ਸਰਬ ਜੀਤ ਸਿੰਘ, ਪਿੰਡ
ਜੰਡਵਾਲਾ (ਬਠਿੰਡਾ)



ਸ੍ਰ. ਗੁਰਦਿਆਲ ਸਿੰਘ ਪਿੰਡ ਅਬਲੂ-
ਕਰਮਪੁਰਾ ਇਸਦਾ ਬੰਦੂਕ ਵਾਲੀ
ਸਾਖੀ ਨਾਲ ਤੱਲਕ ਹੈ



ਮਾਤਾ-ਬਸੰਤ ਕੌਰ ਜੀ, ਪਤਨੀ ਸ੍ਰ. ਗੁਰਦਿਆਲ
ਸਿੰਘ ਜੀ ਏਹ ਮਾਤਾ ਮਹਾਰਾਜ ਜੰਗ ਸਿੰਘ ਜੀ ਦੀ
ਸੇਵਾ ਵਿਚ ਰਹੀ ਹੈ। ਪੁਤ੍ਰ. ਹਰਦੇਵ ਸਿੰਘ, ਸਾਧੂ
ਸਿੰਘ, ਦਸੌਂਦਾ ਸਿੰਘ, ਅਤੇ ਕੁਦਰਤਬਣ ਸਿੰਘ, ਪਿੰਡ
ਭਾਈਕੇ ਵਰਤੇ ਇਲਾਕਾ, ਜੀਵਨ ਨਗਰ, (ਸਿਰਸਾ)

Sri Satguru Jagjit Singh Ji Elibrary NamdhariElibrary@gmail.com



ਸ੍ਰ. ਮੁਹਿੰਦਰ ਸਿੰਘ ਜੀ ਰੈਣੂ, ਸਪੁੱਤ੍ਰ ਸੰਤ ਗਿਆਨ ਸਿੰਘ ਜੀ ਰੈਣੂ, ਬਲੋਂਵਾਲੀ ਮਹਾਰਾਜ ਜੰਗ ਸਿੰਘ ਜੀ ਤੋਂ ਵਰੋਸਾਏ ਹੋਏ ਸੇਵਕ ਹਨ।



ਸ੍ਰੀ ਦਿਲਾਵਰ ਸਿੰਘ ਜੀ ਰੈਣੂ ਸਪੁਤ੍ਰ ਸ੍ਰੀ ਮੁਹਿੰਦ੍ਰ ਸਿੰਘ ਜੀ ਰੈਣੂ ਇਸਦਾ ਜਨਮ ਮਹਾਰਾਜ ਜੰਗ ਸਿੰਘ ਜੀ ਦੇ "ਵਰ" ਨਾਲ ਹੋਇਆ ...ਣੇ ਵਿਖੇ ਰੈਣੂ ਇਲੈਕਟ੍ਰਿਕ ਵ... ਦੇ ਮਾਲਕ ਹਨ, ਪੋਤ੍ਰੇ ਸ੍ਰ. ਗਿ... ਸਿੰਘ ਜੀ ਰੈਣੂ ਬਲੋਂਵਾਲੀ ਦੇ ਹ...



ਬੀਬੀ ਜਸਵੰਤ ਕੌਰ ਪਤਨੀ ਸ੍ਰ. ਟਹਿਲ ਸਿੰਘ ਦੀ ਅਤੇ ਭੈਣ ਸ੍ਰ. ਬਖਸ਼ੀਸ਼ ਸਿੰਘ ਬੱਪੀਆਣੇ ਵਾਲੇ ਦੀ



ਸ੍ਰ. ਬੂੰਬਾ ਸਿੰਘ ਜੀ (ਸੰਧੂ) ਪਿਤਾ ਸ੍ਰ. ਮੁਕੰਦ ਸਿੰਘ ਜੀ, ਮਾਤਾ-ਬੀਬੀ ਕਿਸ਼ਨ ਕੌਰ ਜੀ, ਪਤਨੀ ਭਗਵਾਨ ਕੌਰ ਜੀ, ਲੜਕੇ-ਚਰਨੋਲ ਸਿੰਘ, ਭਾਨ ਸਿੰਘ, ਪੋਤਾ ਮਿਠੂ ਸਿੰਘ, ਪਿੰਡ ਕੋਟ ਧਰਮੂ, ਤਸੀਲ ਮਾਨਸਾ (ਬਠਿੰਡਾ)

Sri Satguru Jagjit Singh Ji Elibrary NamdhariElibrary@gmail.com



ਬੀਬੀ ਜੀਤ ਕੌਰ, ਪਤਨੀ ਸ੍ਰ. ਬੰਤਾ ਸਿੰਘ "ਵਿਰਕ" ਅਤੇ ਸਪੁੱਤਰੀ ਬੀਬੀ ਸੁ... ਕੌਰ ਸਪੁੱਤਨੀ ਸ੍ਰ. ਸੁਖਵਿੰਦਰ ਸਿੰਘ (ਭੁਲਰ) ਬੀਬੀ ਜੀਤ ਕੌਰ ਦੇ ਨਾਲ ਏ... ਇਸਦਾ ਦੋਹਤਾ, ਨੱਛਤਰ ਸਿੰਘ ਦੋਹਤੀ ਮਨਜੀਤ ਕੌਰ, ਪਿੰਡ ਗੁਗੋਮਾੜੀ, ਤਸੀਲ ਭਾਦਰਾ (ਰਾਜਸਥਾਨ)



ਸਵਰਗਵਾਸੀ ਸ੍ਰ. ਫੰਗਾਰਾ ਸਿੰਘ ਹਾਰਨੀਆਂ ਵਾਲਾ, ਪਤਨੀ-ਬੀਬੀ ਵੀਰ ਕੌਰ ਨੰ. (2) ਸ੍ਰ. ਬਚਿਤ੍ਰ ਸਿੰਘ ਜੀ ਇਸਦੇ ਮਾਮੇ ਜੀ ਦਾ ਨਾਮ ਸ੍ਰ. ਨਿਹਾਲ ਸਿੰਘ ਜੀ ਏਹ ਸੰਤ ਜੀ ਮਹਾਰਾਜ ਜੰਗ ਸਿੰਘ ਜੀ ਦੇ ਗੜਬਈ ਸੇਵਾਦਾਰ ਸਨ।
ਪਿੰਡ ਦਮਦਮਾ, ਜੀਵਨ ਨਗਰ, ਸਿਰਸਾ। ਸ੍ਰ. ਬਚਿਤ੍ਰ ਸਿੰਘ ਜੀ ਦੇ ਲੜਕੇ, ਗੁਰਨਾਮ ਸਿੰਘ ਬਾਮ ਸਿੰਘ ਤੇ ਮਾਸਟਰ ਗੁਰਬਖਸ਼ ਸਿੰਘ।-

ਸ੍ਰ. ਮੇਲਾ ਸਿੰਘ ਜੀ, ਪਿਤਾ ਸ੍ਰ. ਜਗੀਰ ਸਿੰਘ ਜੀ ਦਾਦਾ ਸ੍ਰ. ਬਖਤੌਰ ਸਿੰਘ ਜੀ, ਪਤਨੀ ਬੀਬੀ ਭਰਪੂਰ ਕੌਰ, ਮਾਤਾ ਕਿਰਪਾਲ ਕੌਰ, ਪੁੱਤਰ-ਰਣਜੀਤ ਸਿੰਘ, ਰਾਜਿੰਦ੍ਰ ਸਿੰਘ, ਰਣਧੀਰ ਸਿੰਘ, ਜਸਦੇਵ ਸਿੰਘ, ਪਿੰਡ ਕੋਟ ਧਰਮੂ।



ਸ੍ਰ. ਹੁਮੀਰ ਸਿੰਘ ਜੀ ਪਿਤਾ ਸਰ. ਇੰਦਰ ਸਿੰਘ ਜੀ ਮਾਤਾ ਭਗਵ... ਕੌਰ ਜੀ, ਪਤਨੀ ਤੇਜ ਕੌਰ ਜੀ ਪੁਤਰ-ਅਨੂਪ ਸਿੰਘ ਬਸੰਤ ਸਿੰਘ, ਗੁਰਜੰਟ ਸਿੰਘ, ... ਕੁਲਵੰਤ ਸਿੰਘ। ਸ੍ਰ. ਹਮੀਰ ਸਿੰਘ ਜੀ ਕੋਟ ਧਰਮੂ ਡੇਰਾ ਮਹਾਰਾਜ ਜੰਗ ਸਿੰਘ ਜੀ ... ਗ੍ਰੰਥੀ ਦੀ ਸੇਵਾ ਨਿਭਾ ਰਹੇ ਹਨ।





ਸ੍ਰ. ਮੇਲਾ ਸਿੰਘ ਜੀ ''ਲਾਂਗਰੀ' ਡੇਰਾ ਮਹਾਰਾਜ ਜੰਗ ਸਿੰਘ ਜੀ, ਕੋਟ ਧਰਮੂ, ਪਿਤਾ ਸ੍ਰ. ਕਰਮ ਸਿੰਘ ਜੀ ਮਾਤਾ ਜੀ ਬੀਬੀ ਸਿਆਮ ਕੌਰ ਜੀ, ਪਤਨੀ ਮੁਖਤਿਆਰ ਕੌਰ ਪੁੱਤ੍ਰ-ਜਸਪ੍ਰੀਤ ਸਿੰਘ, ਸੁਖਬੀਰ ਸਿੰਘ

ਸ੍ਰ. ਗੋਪਾਲ ਸਿੰਘ ਜੀ ''ਕੌਮੀ'', ਪਿਤਾ ਸ੍ਰ. ਬੂਤ ਸਿੰਘ ਜੀ, ਮਾਤਾ ਬੀਬੀ ਹਰ ਕੌਰ ਜੀ, ਵਾਸੀ ਮਹਾਬੀਰ ਨਗਰ, ਦਿੱਲੀ ਏਹਨਾਂ ਨੇ ਮਹਾਰਾਜ ਜੰਗ ਸਿੰਘ ਜੀ ਦੇ ਡੇਰੇ ਵਿਚ ਬਿਲਡਿੰਗ ਉਸਾਰੀ ਦਾ ਕੰਮ ਕੀਤਾ



ਏਹ ... ਸ੍ਰੀਮਾਨ ਭਗਤ ਹੱਟੀ ਵਾਲੇ ਦੀ
ਹੈ ... ਧਰਮੂ ਡੇਰੇ ਵਿਚ, ਪਿੰਡ ਫਲੇੜਾ
ਭ... ਮਾਨਸਾ ਜਿਲਾ ਬਠਿੰਡਾ ।



ਸ੍ਰ. ਗੁਰਦੇਵ ਸਿੰਘ ਸਪੁੱਤਰ
ਸ੍ਰ. ਗੁਰਦਿਆਲ ਸਿੰਘ ਜੀ
ਮਾਤਾ ਬੀ. ਧੰਨ ਕੌਰ ਜੀ, ਪਿੰਡ ਦਮਦਮਾ



ਸ੍ਰ. ਬਲਵੰਤ ਸਿੰਘ ਜੀ, ਰੁਪਾਣੇ ਵਾਲੇ (ਮੁਕਤਸਰ) ਮਹਾਰਾਜ ਜੰਗ ਸਿੰਘ ਜੀ
ਏਥੇ ਏਹਨਾਂ ਦੇ ਘਰ ਚਾਲੀ ਪੰਜਾਹ ਸਾਲ ਰਹੇ ਹਨ ।
ਬਲਵੰਤ ਸਿੰਘ ਜੀ ਦੇ ਪਿਤਾ ਸ੍ਰ. ਬਿਕਰਮ ਸਿੰਘ ਜੀ ਤੇ ਮਾਤਾ ਖੇਮ ਕੌਰ ਜੀ
ਪੁਤ੍ਰ ਸੁਖਦੇਵ ਸਿੰਘ ਤੇ ਕੁਲਦੀਪ ਸਿੰਘ, ਪਤਨੀ ਕਿਰਪਾਲ ਕੌਰ ਜੀ
ਮਹਾਰਾਜ ਜੰਗ ਸਿੰਘ ਜੀ ਦੇ ਨਿਜੀ ਸੇਵਕ ਸਨ, ਨਾਲ ਹੀ
ਕਾਲੀ ਦਾਹੜੀ ਵਾਲੇ ਪੁਤਰ ਕੁਲਦੀਪ ਸਿੰਘ ਹਨ ਫੋਟੋ ਵਿੱਚ



ਬੀਬੀ ਵੀਰ ਕੌਰ ਸੁਪੱਤਨੀ ਸੁਵਰਗਵਾਸੀ ਸ੍ਰ. ਫੰਗਾਰਾ ਸਿੰਘ ਜੀ ਆਪਣੀਆਂ
ਦੋਹਾਂ ਲੜਕੀਆਂ ਤੇ ਵੱਡੇ-ਛੋਟੇ ਕਾਕੇ ਸਮੇਤ ਫੋਟੋ ਵਿਚ ਖੜੀਆਂ ਹਨ।
ਪਿੰਡ ਹਾਰਨੀਆਂ ਇਲਾਕਾ ਜੀਵਨ ਨਗਰ (ਸਿਰਸਾ)



ਸ੍ਰ. ਕੁਲਦੀਪ ਸਿੰਘ
ਬੇਟਾ ਬੀਬੀ ਵੀਰ ਕੌਰ ਪਿੰਡ ਹਾਰਨੀਆਂ



ਏਹ ਦੋਨੋਂ ਸੁਪੁੱਤ੍ਰ ਬੀਬੀ ਵੀਰ ਕੌਰ ਦੇ ਹਨ। ਪਿੰਡ ਹਾਰਨੀਆਂ ਜੀਵਨ ਨਗਰ (ਸਿਰਸਾ)

Sri Satguru Jagjit Singh Ji Elibrary NamdhariElibrary@gmail.com

ਮਹਾਰਾਜ ਜੰਗ ਸਿੰਘ ਜੀ ਦੇ ਇਹੋ ਜਿਹੇ ਅਨੇਕਾਂ ਕ੍ਰਿਸ਼ਮੇ ਹਨ, ਜਿਨ੍ਹਾਂ ਤੇ ਯਕੀਨ ਕੀਤਾ ਜਾ ਸਕਦਾ ਹੈ ਕਿਉਂਕਿ ਮਹਾਰਾਜ ਬਾਲ-ਜਤੀ ਤੇ ਮਹਾਂ ਤਪੱਸਵੀ ਸਨ, ਭਗਤੀ ਦੇ ਬਲ ਨਾਲ ਜੋ ਮੂੰਹੋਂ ਕਹਿ ਦਿੰਦੇ ਸਨ, ਉਹ ਬਚਨ ਪੂਰਾ ਹੁੰਦਾ ਸੀ। ਮਹਾਰਾਜ ਜੀ ਦੀ ਦੁਨਿਆਵੀ ਲਾਲਸਾ ਬਿਲਕੁਲ ਮੁਕ ਗਈ ਸੀ, ਨਿਰ-ਅਭਿਆਨ ਸਨ, ਕਾਮ-ਕ੍ਰੋਧ ਬਸ ਕੀਤਾ ਹੋਇਆ ਸੀ। ਅਰਜ਼ ਕਰਨ ਵਾਲੇ ਦੁੱਖੀ ਪ੍ਰਾਣੀ ਤੇ ਝੱਟ ਰੀਝ ਪੈਂਦੇ ਸਨ। ਅਤੇ ਹਰੇਕ ਨੂੰ ਸੁੱਖੀ ਦੇਖਣ ਦੇ ਚਾਹਵਾਨ ਰਹਿੰਦੇ ਸਨ। ਇਨ੍ਹਾਂ ਤੇ ਅਕਾਲ ਪੁਰਖ ਦੀ ਪੂਰਨ ਕਿਰਪਾ ਸੀ।

'ਕੰਵਲ'

## ਸਾਖੀ ਬੀਬੀ ਬੀਰ ਕੌਰ ਦੀ ਪਿੰਡ ਹਾਰਨੀਆਂ

ਸੰਤ ਫਿੰਗਾਰਾ ਸਿੰਘ ਹਾਰਨੀਆਂ, ਇਲਾਕਾ ਸ੍ਰੀ ਜੀਵਨ ਨਗਰ ਵਾਲੇ ਦੀ ਪਹਿਲੀ ਸ਼ਾਦੀ ਵਿਚੋਂ ਕੋਈ ਸੰਤਾਨ ਨਹੀਂ ਸੀ ਹੋਈ। ਇਸ ਦੇ ਰਿਸ਼ਤੇਦਾਰਾ ਨੇ ਦੂਸਰੀ ਸ਼ਾਦੀ ਲਈ ਪ੍ਰੇਰਨਾ ਕੀਤੀ, ਤਾਂ ਭਾਈ ਫਿੰਗਾਰਾ ਸਿੰਘ ਜੀ ਨੇ ਬੀਬੀ ਬੀਰੋ ਸਪੁਤ੍ਰੀ ਕਵੀ ਬਹਾਲ ਸਿੰਘ ਪਿੰਡ ਗੁੱਗੇ ਮਾੜੀ ਵਾਲੀ ਨਾਲ ਅਨੰਦ ਕਾਰਜ ਕਰ ਲਿਆ।

ਇਸ ਬੀਬੀ ਬੀਰੋ ਦੇ ਵੀ ਤੇਰ੍ਹ ਸਾਲ ਤੀਕ ਕੋਈ ਸੰਤਾਨ ਨਹੀਂ ਹੋਈ। ਇਕ ਦਿਨ ਬੈਠੇ ਸਰਦਾਰ ਬਚਿੱਤ੍ਰ ਸਿੰਘ ਇਸ ਦੇ ਪਿਤਾ ਸੂ ਬਿਸ਼ਨ ਸਿੰਘ ਪਿੰਡ ਦਮ ਦਮਾ ਵਾਲੇ ਨੇ ਦਸ ਪਾਈ, ਕਿਹਾ ਭਾਇਾ, ਮਹਾਰਾਜ ਜੰਗ ਸਿੰਘ ਜੀ ਬੜੇ ਕਰਨੀ ਵਾਲੇ ਮਹਾ ਪੁਰਖ ਹਨ, ਉਹਨਾਂ ਦੀ ਚਰਨੀ ਪਵੋ। ਇਹ ਸੁਣ ਕੇ ਭਾਈ ਫਿੰਗਾਰਾ ਸਿੰਘ ਜੀ ਨੇ ਉਹਨਾਂ ਪਾਸ ਜਾਣ ਲਈ ਬੇਨਤੀ ਕੀਤੀ ਕਿ ਬਚਿੱਤ੍ਰ ਸਿੰਘਾ, ਸਾਨੂੰ ਤੂੰ ਉਹਨਾਂ



Sri Satguru Jagjit Singh Ji Elibrary NamdhariElibrary@gmail.com

ਕੋਲ ਲੈ ਚਲ। ਤਾਂ ਭਾਈ ਬਚਿੱਤ੍ਰ ਸਿੰਘ ਭਾਈ ਛਿੰਗਾਰਾ ਸਿੰਘ ਤੇ ਬੀਬੀ ਬੀਰ ਕੌਰ ਇਹ ਤਿੰਨੇ ਮਹਾਰਾਜ ਜੀ ਪਾਸ ਰੂਪਾਣੇ ਪਹੁੰਚ ਗਏ। ਅਗੋਂ ਮਹਾਰਾਜ ਜੀ ਮੁਕਤਸਰ ਵਲੋਂ ਘਰ ਆ ਰਹੇ ਸਨ ਤੇ ਸਭ ਨੇ ਚਰਨਾਂ ਤੇ ਮੱਥਾ ਟੇਕਿਆ। ਮਹਾਰਾਜ ਜੀ ਨੇ ਕਿਹਾ ਆਓ! ਭਾਈ ਕਿਸ ਤਰ੍ਹਾਂ ਆਉਣੇ ਹੋਏ ਤੁਹਾਡੇ? ਬਚਿੱਤ੍ਰ ਸਿੰਘ ਨੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਜੀ! ਸਰਦਾਰ ਛਿੰਗਾਰਾ ਸਿੰਘ ਨੇ ਅਗੇ ਵੀ ਇਕ ਸ਼ਾਦੀ ਕੀਤੀ ਸੀ ਅਨੇਕਾਂ ਇਲਾਜ ਕਰਾਉਣ ਤੇ ਚੇਲੇ-ਚਪੱਟੇ, ਪੀਰ, ਫਕੀਰ ਮਨਾਉਣ ਤੇ ਵੀ ਸੰਤਾਨ ਦਾ ਮੂੰਹ ਨਹੀਂ ਦੇਖਿਆ ਤਾਂ ਹੁਣ ਦੂਜੀ ਸ਼ਾਦੀ ਕੀਤੀ ਨੂੰ ਵੀ ਤੇਰ੍ਹਾਂ ਸਾਲ ਹੋ ਗਏ ਹਨ, ਬੱਚਾ ਨਹੀਂ ਹੋਇਆ, ਕਿਰਪਾ ਕਰੋ!

ਮਹਾਰਾਜ ਜੀ ਨੇ ਕਿਹਾ ਭਾਈ, ਅਸੀਂ ਸਵੇਰੇ ਦਿੱਲੀ ਗਿਆਨ ਸਿੰਘ ਦੇ ਘਰ ਕੀਰਤੀ ਨਗਰ ਹੋਵਾਂਗੇ, ਤੁਸੀਂ ਓਥੇ ਆ ਜਾਣਾ। ਮਹਾਰਾਜ ਜੀ ਦਿੱਲੀ ਆ ਗਏ ਤੇ ਬੀਬੀ ਬੀਰੋ ਤੇ ਛਿੰਗਾਰਾ ਸਿੰਘ ਤੀਸਰੇ ਦਿਨ ਓਥੇ ਆ ਗਏ। ਛਿੰਗਾਰਾ ਸਿੰਘ ਨੇ ਚਰਨ-ਬੰਦਨਾ ਕਰਕੇ ਅਰਜ਼ ਕੀਤੀ ਤਾਂ ਮਹਾਰਾਜ ਜੀ ਕਿਹਾ, ਛਿੰਗਾਰਾ ਸਿੰਘਾ ਅਸੀਂ ਗੱਡੀ ਲੈਣੀ ਹੈ, ਸਾਨੂੰ ਗਿਆਰ੍ਹਾਂ ਹਜ਼ਾਰ ਰੁਪੀਏ ਚਾਹੀਦਾ ਹੈ, ਓਹਨੀ ਉਸੇ ਵੇਲੇ ਹੀ ਗਿਆਰ੍ਹਾਂ ਹਜ਼ਾਰ ਮਹਾਰਾਜ ਜੀ ਨੂੰ ਭੇਟਾ ਕਰ ਦਿਤਾ। ਮਹਾਰਾਜ ਜੀ ਖੁਸ਼ੀ ਹੋ ਕਿਹਾ, ਪੁਤ੍ਰ ਹੋਏਗਾ, ਨਾਮ ਉਸ ਦਾ ਬਲਵੀਰ ਸਿੰਘ ਰਖਣਾ। ਫਿਰ ਕਿਹਾ, ਅਕਾਲ ਪੁਰਖ ਦੇ ਘਰ ਪੁਤ੍ਰਾਂ ਦਾ ਘਾਟਾ ਨਹੀਂ। ਇਕ ਅਖੰਡ ਪਾਠ ਕਰਾ ਦੇਣਾ। ਬੀਬੀ ਬੀਰੋ ਨੇ ਕਿਹਾ ਮਹਾਰਾਜ ਜੀ ਅਖੰਡ ਪਾਠ ਤਾਂ ਮੈਂ ਚਾਰ ਕਰਾ ਦੇਵਾਂਗੀ। ਮਹਾਰਾਜ ਜੀ ਨੇ ਕਿਹਾ, ਚਾਰ ਅਖੰਡ ਪਾਠ ਕਰਾਓਗੇ ਤਾਂ ਚਾਰ ਪੁਤਰ ਹੋਣਗੇ। ਇਸ ਅਨੁਸਾਰ ਬੀਬੀ ਬੀਰੋ ਦੇ ਘਰ ਬਾਰੀ ਬਾਰੀ ਚਾਰ ਪੁਤ੍ਰ ਤੇ ਇਕ ਪੁਤਰੀ ਹੋਈ।



Sri Satguru Jagjit Singh Ji Elibrary NamdhariElibrary@gmail.com

੧. ਲੜਕਾ ਕੁਲਦੀਪ ਸਿੰਘ, ੨ ਬਲਬੀਰ ਸਿੰਘ, ੩ ਗੁਰਜੰਟ ਸਿੰਘ, ੪. ਮਨਜੀਤ ਸਿੰਘ, ੫ ਲੜਕੀ ਸੁਖਚਰਨ ਕੌਰ।

ਮਹਾਰਾਜ ਜੀ ਦੇ ਵਾਕ ਸਤਿ ਹੋਏ। ਹੁਣ ਮੌਜੂਦ ਹਨ। ਧੰਨ ਦੀ ਕਮੀ ਨਹੀਂ। ਧੰਨ ਮਹਾਰਾਜ ਜਗਜੀਤ ਸਿੰਘ ਜੀ ਪੁਕਾਰ ਰਹੇ ਹਨ।

'ਕੰਵਲ'

ਜੱਥੇਦਾਰ ਸੁਰੈਣ ਸਿੰਘ ਦੀ ਜ਼ਬਾਨੀ :

## ਰੂਪਾਣੇ ਪਿੰਡ ਹਲ ਵਾਹੁਣ ਦੀ ਸਾਖੀ

ਨੰਬਰਦਾਰ ਸਰਦਾਰ ਅਰਜਨ ਸਿੰਘ ਜੀ ਨੇ ਦਸਿਆ ਕਿ ਇਕ ਵਾਰੀ ਮਹਾਰਾਜ ਜੀ ਅੰਮ੍ਰਿਤ ਵੇਲੇ ਬਲਦਾਂ ਨਾਲ ਹਲ ਵਾਹੁਣ ਖੇਤਾਂ ਵਿਚ ਗਏ ਤਾਂ ਹਲ ਵਾਹੁੰਦਿਆਂ ਹੀ ਸੁਰਤੀ ਅਕਾਲ ਪੁਰਖ ਨਾਲ ਜੁੜ ਗਈ। ਤੇ ਆਪ ਖੇਤ ਵਿਚ ਓਸੇ ਤਰ੍ਹਾਂ ਜੋਗ ਜੂੜ੍ਹੀ ਜੁੜਾਈ ਨੂੰ ਛੱਡ ਕੇ ਆਪ ਸ਼ਬਦ ਪੜ੍ਹਨ ਲਗ ਪਏ।

ਧਾਰਨਾ ਸੀ

'ਕਾਹਨੂੰ ਪਾਈਆਂ ਸੀ ਪ੍ਰੇਮ ਦੀਆਂ ਫਾਹੀਆਂ,
ਜੇ ਨਾ ਆ ਕੇ ਸਾਰ ਲੈਣੀ ਸੀ ?'

ਇਹ ਕਹਿੰਦਿਆਂ ਬਾਹਰ ਬੰਨੇ ਤੇ ਬੇਰੀ ਸੀ, ਉਸ ਨਾਲ ਜਫੀ ਪਾ ਖੜੋ ਗਏ ਤੇ ਬਿਰਤੀ ਮਸਤਾਨੀ ਅਕਾਲ ਪੁਰਖ ਨਾਲ ਜੁੜ ਗਈ। ਓਧਰ ਹਲ ਆਪਣੇ ਆਪ ਖੇਤ ਦੀ ਵਾਹੀ ਕਰੀ ਗਿਆ। ਨੰਬਰਦਾਰ ਅਰਜਨ ਸਿੰਘ ਜੀ ਨੇ ਸਾਨੂੰ ਦਸਿਆ ਕਿ ਅਸਾਂ ਆਪ ਜਾ ਕੇ ਵੇਖਿਆ ਤਾਂ ਪਤਾ ਨਹੀਂ ਸੀ ਚਲਦਾ ਕਿ ਹਲ ਕੌਣ ਚਲਾ ਰਿਹਾ ਹੈ ? ਤੇ



Sri Satguru Jagjit Singh Ji Elibrary NamdhariElibrary@gmail.com

ਮਹਾਰਾਜ ਜੀ ਉੱਚੀ ਉੱਚੀ ਸ਼ਬਦ ਪੜ੍ਹ ਰਹੇ ਸਨ। ਬਾਬੇ ਬਿਕ੍ਰਮ ਸਿੰਘ ਨੇ ਵੀ ਆ ਕੇ ਦੇਖਿਆ ਕਿ ਹਲ ਆਪਣੇ ਆਪ ਚਲ ਰਿਹਾ ਸੀ ਤੇ ਖੇਤ ਵੀ ਦੂਜਿਆਂ ਖੇਤਾਂ ਨਾਲੋਂ ਜ਼ਿਆਦਾ ਵਾਹਿਆ ਗਿਆ ਸੀ। ਅਰਜਨ ਸਿੰਘ ਜੀ ਨੇ ਕਿਹਾ ਕਿ ਅਸੀਂ ਮਹਾਰਾਜ ਜੀ ਦੇ ਚਰਨਾਂ ਨੂੰ ਹੱਥ ਲਾਇਆ ਤਾਂ ਉਹਨਾਂ ਦੀ ਸੁਰਤੀ ਬਿਰਤੀ ਖੁਲ੍ਹ ਗਈ। ਬਾਬਾ ਬਿਕ੍ਰਮ ਸਿੰਘ ਜੀ ਨੇ ਕਿਹਾ ਆਪ ਤਾਂ ਏਥੇ ਬੈਠੇ ਹੋ ਤਾਂ ਹਲ ਕੌਣ ਚਲਾ ਰਿਹਾ ਹੈ ? ਮਹਾਰਾਜ ਜੀ ਉਤਰ ਦਿਤਾ, ਇਹ ਕੇਹੜੀ ਵੱਡੀ ਗੱਲ ਹੈ ? ਧੰਨੇ ਜੱਟ ਦੀਆਂ ਗਊਆਂ ਚਾਰੀਆਂ ਤੇ ਉਸ ਦਾ ਹਲ ਵਾਹਿਆ ਉਸ ਦੀਆਂ ਲੀਲ੍ਹਾਵਾਂ ਬੇਅੰਤ ਹਨ—

ਜੇ ਤੂੰ ਮੇਰਾ ਹੋ ਰਹੈ ਸਭ ਜਗ ਤੇਰਾ ਹੋਇ ॥

ਜਦ ਸਾਡਾ ਉਸ ਤੇ ਭਰੋਸਾ ਹੈ ਤਾਂ ਉਸ ਨੂੰ ਵੀ ਸਾਡਾ ਖਿਆਲ ਰਖਣਾ ਪੈਂਦਾ ਹੈ। ਇਹ ਸੁਣ ਬਾਬੇ ਬਿਕ੍ਰਮ ਸਿੰਘ ਜੀ ਨੇ ਪੁਛਿਆ ਆਪ ਮਸਤੀ ਵਿਚ ਕੀ ਦੇਖ ਰਹੇ ਸਾਂ ? ਮਹਾਰਾਜ ਜੀ ਨੇ ਕਿਹਾ, ਬਾਬਾ ਜੀ ਅਸੀਂ ਉਸ ਚੀਨੀ ਵਾਲੇ ਪਾਤਿਸ਼ਾਹ ਦਾ ਦਰਸ਼ਨ ਕਰ ਰਹੇ ਸਾਂ।

ਇਹ ਸਾਖੀ ਰੂਪਾਣੇ ਵਾਲੇ ਅਰਜਨ ਸਿੰਘ ਨੇ ਅੱਖੀ ਡਿੱਠੀ ਸੁਣਾਈ ਹੈ।

ਨੋਟ : ਕੁਝ ਸਾਖੀਆਂ ਸਾਨੂੰ ਛਪਦਿਆਂ ਛਪਦਿਆਂ ਹੀ ਮਿਲੀਆਂ ਹਨ। ਇਸ ਲਈ ਅਸੀਂ ਇਹ ਛੰਦਾ-ਬੰਦੀ ਨਹੀਂ ਕਰ ਸਕੇ। ਕੁਝ ਜਿਉਂ ਦੀਆਂ ਤਿਉਂ ਹੀ, ਕੁਝ ਸੋਧ ਕਰ ਕੇ ਛਪਾ ਦਿਤੀਆਂ ਹਨ, ਸੇਵਕ ਖਿਮਾਂ ਦਾ ਯਾਚਿਕ ਹੈ।

'ਕੋਵਲ'



Sri Satguru Jagjit Singh Ji Elibrary NamdhariElibrary@gmail.com

## ਸੰਤ ਕੇਸਰ ਸਿੰਘ ਜੀ ਤੇ ਮਾਤਾ ਬਿਸ਼ਨ ਕੌਰ ਦਾ ਪ੍ਰੀਵਾਰ

ਗੁਰਵਾਕ :

ਜਨਨੀ ਜਨੇ ਤਾ ਭਗਤ ਜਨ ਕੈ ਦਾਤਾ ਕੈ ਸੂਰ ॥
ਨਹੀ ਤਾ ਜਨਨੀ ਬਾਝ ਰਹੁ ਕਾਹਿ ਗੁਵਾਵੈ ਨੂਰ ॥

(੧) ਪਿੰਡ ਬਲੋਂਵਾਲੀ ਸਿਆਲਕੋਟ ਦੇ ਵਿਚ,
ਸੰਤ ਕੇਸਰ ਸਿੰਘ ਜੀ ਸੁੱਖੀ ਵਸਦੇ ਸਨ।
ਬਿਸ਼ਨ ਕੌਰ ਪਤਨੀ ਸੁਘੜ ਰੂਪ ਸੁੰਦਰ,
ਨੇਤ੍ਰ ਪ੍ਰੇਮ ਵਿਚ ਦੋਹਾਂ ਨੂੰ ਕੱਸਦੇ ਸਨ।
ਜਿਓਤੀ ਇਕ ਸੀ ਮੂਰਤਾਂ ਦੋ ਭਾਵੇਂ,
ਸਦਾ ਖੁਸ਼ੀ ਗ੍ਰਿਹਸਤ ਵਿਚ ਹੱਸਦੇ ਸਨ।
'ਕੇਵਲ' ਰਹੇ ਖਿੜਿਆ ਗ੍ਰਿਹਸਤ ਬਾਗ ਅੰਦਰ,
ਕੰਮ ਕਾਰ ਕਰਦੇ ਸਾਰੇ ਜੱਸ ਦੇ ਸਨ।

(੨) ਜਦੋਂ ਮੇਹਰ ਅਕਾਲ ਦੀ ਆਣ ਹੋਈ,
ਦਾਤ ਪੁਤ੍ਰ ਦੀ ਦਿੱਤੀ ਦਿਆਲ ਹੋ ਕੇ।
ਗੁਰਦੁਆਰੇ ਦੇ ਵਿਚ ਜਾ ਨਾਮ ਧਰਿਆ,
ਮਹੈਣ ਸਿੰਘ, ਗੁਰਦਿੱਤਾ ਨਿਹਾਲ ਹੋ ਕੇ।
ਲੜੀ ਤੁਰ ਪਈ ਮਾਲਾ 'ਕੇਵਲ' ਪੁਤ੍ਰਾਂ ਦੀ,
ਫੋਜਾ ਸਿੰਘ ਰਲਿਆ ਦੂਜਾ ਨਾਲ ਹੋ ਕੇ।
ਤੀਜਾ ਗਿਆਨ ਸਿੰਘ ਗਿਆਨ ਭੰਡਾਰ ਭਰਿਆ;
ਆਇਆ ਜੱਸ ਦਾ ਧੁਰੋਂ ਸੁਵਾਲ ਹੋ ਕੇ।

(੩) ਚੌਥੀ ਧੀ ਸੁਲੱਖਣੀ ਨਾਮ ਬੰਤੀ,
ਘਰ ਭਰ ਗਿਆ ਨਾਲ ਪ੍ਰੀਵਾਰ ਬੋਲੀ।



Sri Satguru Jagjit Singh Ji Elibrary NamdhariElibrary@gmail.com

ਬਲਵੰਤ ਸਿੰਘ ਨੰਬਰ ਪੰਜ ਹੋਇਆ,
ਛੇਵਾਂ ਤੇਜਾ ਸਿੰਘ ਤੇਜ ਰਫਤਾਰ ਬੇਲੀ।
ਸਾਰੇ ਭਾਈ ਪ੍ਰੇਮ ਦੇ ਨਾਲ ਵਸਦੇ,
ਕੋਲੋ ਕੋਲ ਮਕਾਨਾਂ ਦੀ ਡਾਰ ਬੇਲੀ।
ਇਕ ਦੂਜੇ ਨੂੰ ਪੁਛ ਕੇ ਕੰਮ ਕਰਦੇ,
ਦਿਲਾਂ ਵਿਚ ਨਾਹੀ 'ਕੰਵਲ' ਖਾਰ ਬੇਲੀ।

(੪) ਸੰਨ ਉੱਨੀ ਸੌ ਈਸਵੀ ਸੰਤਾਲੀ,
ਡੇਰਾ ਆਣ ਦਿੱਲੀ ਵਿਖੇ ਲਾਇਆ ਹੈ।
ਕੱਠਾ ਰਿਹਾ ਪ੍ਰੀਵਾਰ ਸਾਰਾ ਓਸ ਦਿਨ ਤੋਂ,
ਜ਼ਰਾ ਵਿਤਕਰਾ ਮੂਲ ਨਾ ਆਇਆ ਹੈ।
ਦੂਤੀ ਦੁਸ਼ਮਣੀ ਕਦੇ ਨਾ ਚਿੱਤ ਆਵੇ,
ਸੱਚਾ ਧਰਮ ਦਾ ਰਾਹੁ ਅਪਨਾਇਆ ਹੈ।
'ਕੰਵਲ' ਐਸੀ ਸੰਤਾਨ ਯੋਗ ਧੰਨਤਾ ਦੀ,
ਮਹਾਂ ਪੁਰਖ ਦਾ ਸਦਾ ਸਿਰ ਤੇ ਸਾਇਆ ਹੈ।

(੫) ਨਾਮਧਾਰੀ ਪੰਥ ਦੇ ਸਦਾ ਹਿਤਕਾਰ ਹੈ ਸੀ,
ਨਹਿ ਨਿੰਦਿਆ ਚੁਗਲੀ ਦਰਕਾਰ ਬੇਲੀ,
ਜੰਗ ਸਿੰਘ ਮਹਾਰਾਜ ਘਰੀਂ ਚਰਨ ਪਾਏ,
ਪਿਆਰ ਨਾਲ ਹੋਏ ਸੇਵਾਦਾਰ ਬੇਲੀ।
ਗੁਰੂ ਲਾਜ ਰਖਦਾ ਸਦਾ ਸੇਵਕਾਂ ਦੀ;
ਧੁਰੋਂ ਚਲੀ ਆਈ ਏਹੁ ਕਾਰ ਬੇਲੀ।
ਦੁੱਖ ਦਰਦ ਵਿਚ 'ਕੰਵਲ' ਸਹਾਈ ਹੁੰਦੇ,
ਦੇਂਦਾ ਬਖਸ਼ਸ਼ ਦਾ ਨਾਮ ਭੰਡਾਰ ਬੇਲੀ।



Sri Satguru Jagjit Singh Ji Elibrary NamdhariElibrary@gmail.com

(੧) ਧਰਮੂ ਕੋਟ ਡੇਰਾ ਜੰਗ ਸਿੰਘ ਜੀ ਦਾ,
ਏਥੇ ਹੁੰਦਾ ਸੀ ਨਾਮ ਪ੍ਰਚਾਰ ਵੀਰੋ।
(੨) ਦਰਸ਼ਨ ਕਰਨ ਆਉਂਦੀ ਸੰਗਤ ਰੋਜ਼ ਏਥੇ,
ਜਿਵੇਂ ਚੰਦ੍ਰਮਾ ਘਿਰਿਆ ਪ੍ਰਵਾਰ ਵੀਰੋ।
(੩) ਮਹਾਰਾਜ ਛੱਡ ਸਰੀਰ ਦੇ ਪਿੰਜਰੇ ਨੂੰ,
'ਕੰਵਲ' ਗਏ ਬੈਕੁੰਠ ਦੇ ਦੁਆਰ।
(੪) ਸੰਮਤ ਬੀਹ ਸੌ ਛੱਬੀ ਸੰਗਰਾਂਦ ਹਾੜ ਦੀ ਸੀ,
ਤੇਰਾ ਜੂਨ ਓਨ੍ਹੱਤ੍ਰ ਵਿਚ ਕਾਰ ਵੀਰੋ।

ਭਾਈ ਸੁੰਦਰ ਸਿੰਘ ਸੇਵਕ ਮਹਾਰਾਜ ਜੀ ਦਾ,
ਸਾਰੀ ਲਈ ਉਸ ਕਾਰ ਸੰਭਾਰ ਬੇਲੀ।
ਗੁਰਦਿਆਲ ਸਿੰਘ, ਮੁਹਿੰਦਰ ਸਿੰਘ ਸਾਥ ਹੋਏ,
'ਕੰਵਲ' ਕਰਨ ਲਈ ਕਾਰ-ਵਿਹਾਰ ਬੇਲੀ।
ਸੇਵਾ ਗੁੰਥੀ ਦੀ ਲਈ ਹੁਮੀਰ ਸਿੰਘ ਨੇ;
ਮੇਲਾ ਸਿੰਘ ਜੀ ਲੰਗਰ ਸਰਦਾਰ ਬੇਲੀ।
ਗਿਆਨ ਸਿੰਘ ਬਲੋਂਵਾਲੀ ਨਾਲ ਹੋਇਆ,
ਕਾਇਮ ਰਖਣ ਦੇ ਲਈ ਯਾਦਗਾਰ ਬੇਲੀ।

ਛੇ ਦਸੰਬਰ ਉਨੀ-ਸੌ ਅਠਾਸੀ ਮੰਗਲਵਾਰ ਨੂੰ ਜੀ,
ਭਾਈ ਸੁੰਦਰ ਸਿੰਘ ਦਾ ਵੀ ਇੰਤਕਲ ਹੋਇਆ।
ਮਸਤਾਨਾ ਗੁਰਦਿਆਲ ਸਿੰਘ, ਮੁਹਿੰਦਰ ਸਿੰਘ ਜੀ ਨੂੰ,
ਸੇਵਾ ਕਰਨ ਦਾ 'ਕੰਵਲ' ਖਿਆਲ ਹੋਇਆ।

ਸੇਵਾ ਡੇਰੇ ਦੀ ਚੰਗੀ ਨਿਭਾ ਰਹੇ ਨੇ,
ਭਾਈਆਂ ਵਾਂਗ ਹੈ ਨਾਲ ਪਿਆਰ ਲੋਕੋ।



Sri Satguru Jagjit Singh Ji Elibrary NamdhariElibrary@gmail.com

ਹਰ ਮੱਸਿਆ ਤੇ ਮੇਲੇ ਲਗਦੇ ਨੇ,
ਸੰਗਤ ਆਂਵਦੀ ਹੈ ਬੇਸ਼ੁਮਾਰ ਲੋਕੋ।
ਲੰਗਰ ਗੁਰੂ ਕਾ ਵਰਤੇ ਇਕਸਾਰ ਸਭ ਨੂੰ,
ਨਹੀਂ ਵਿਤਕਰਾ ਵੰਡ ਵਿਹਾਰ ਲੋਕੋ।
ਮੁਰਾਦਾਂ ਮੰਗੀਆਂ ਪੂਰੀਆਂ ਹੋਣ ਏਥੇ,
'ਕੰਵਲ' ਸਿਦਕੀਆਂ ਦੇ ਬੇੜੇ ਪਾਰ ਲੋਕੋ।

ਹੋ ਕੱਠੀਆਂ ਸੰਗਤਾਂ ਸਾਰੀਆਂ ਨੇ,
ਦਿਤਾ ਇਕ ਤਲਾਵ ਬਣਾ ਭਾਈ।
ਕਰਨ ਯਾਤਰੂ ਵਿਚ ਇਸ਼ਨਾਨ ਆ ਕੇ,
ਚੁੱਭੀ ਮਾਰਦਾ ਕੋਈ ਇਕੋ ਜਣਾ ਭਾਈ।
ਰਾਹ ਮੁਕਤੀ ਦਾ ਲਭਦੇ ਆਣ ਏਥੇ,
'ਕੰਵਲ' ਛੱਡ ਕੇ ਜੰਗਲਾਂ ਬਣਾ ਭਾਈ।
ਦਾਤੇ ਦਾਤਾਂ ਦੇ ਨੂੰ ਕਰਨ ਯਾਦ ਆ ਕੇ,
ਸ਼ਬਦ ਰਸਨਾਂ ਤੋਂ ਮਿੱਠੇ ਸੁਣਾ ਭਾਈ।

ਸੰਗਰਾਂਦ ਹਾੜ ਦੀ ਨੂੰਮੇਲਾ ਬੜਾ ਹੁੰਦਾ,
ਸਿੰਘ ਆਂਵਦੇ ਜੱਥੇ ਤਿਆਰ ਕਰਕੇ।
ਸ਼ਬਦ ਢੋਲਕੀ ਛੈਣਿਆਂ ਨਾਲ ਪੜ੍ਹਦੇ,
ਹੋਰ ਕਵੀ ਵੀ ਆਉਣ ਪਿਆਰ ਕਰਕੇ।
ਤਿੰਨ ਚਾਰ ਦਿਨ ਮੇਲੇ ਦੀ ਰਹੇ ਰੌਣਕ,
'ਕੰਵਲ' ਕਿਵੇਂ ਦੱਸੇ ਇਹ ਵਿਸਤਾਰ ਕਰਕੇ।
ਮਹਾਰਾਜ ਜੰਗ ਸਿੰਘ ਜੀ ਦਾ ਜੱਸ ਗਾਉਣ ਸਾਰੇ,
ਤਨੋਂ ਮਨੋਂ ਸਭ ਓਹਦੇ ਉਪਕਾਰ ਕਰਕੇ।



Sri Satguru Jagjit Singh Ji Elibrary NamdhariElibrary@gmail.com

ਇਹ ਜੀਵਨ ਚਰਿੱਤ੍ਰ ਮਹਾਰਾਜ ਜੀ ਦਾ,
ਛੰਦ-ਬੰਦ ਕੀਤਾ ਵਾਰਤਕ ਸਾਖੀਆਂ ਤੋਂ।
ਇਹ ਅਸਲ ਘਟਨਾਂ ਸਿੱਖਾਂ ਸੇਵਕਾਂ ਦੀਆਂ,
ਲਿਖ ਰੱਖੀਆਂ ਮੈਂ ਮੁਖ ਭਾਖੀਆਂ ਤੋਂ।
ਸਦਾ ਸੂਰਜ ਦੇ ਵਾਂਗਰਾਂ ਦੇਣ ਚਾਨਣ,
ਪ੍ਰੇਮ ਵਧੇਗਾ ਸੁਣ ਕੇ ਅਭਿਲਾਖੀਆਂ ਤੋਂ।
'ਕੰਵਲ' ਧਨ ਧਨ ਰਹੇ ਪੁਕਾਰ ਕਰਦਾ,
ਮਹਾਰਾਜ ਬਖਸ਼ੇਗਾ ਮੈਨੂੰ ਗੁਸਤਾਖੀਆਂ ਤੋਂ।

ਮੈਂ ਇਹ ਜੱਸ ਲਿਖਿਆ ਮਹਾਰਾਜ ਜੀ ਦਾ,
ਰੀਝਾਂ ਸੱਧਰਾਂ ਨਾਲ ਪਿਆਰ ਭਾਈ।
ਆਪ ਆ ਕੇ ਓਹਨੀ ਦੀਦਾਰ ਦਿਤਾ,
ਢੰਗ ਦਸਿਆ ਨਾਲ ਸਤਿਕਾਰ ਭਾਈ।
ਸੈਣ ਭਗਤ ਦੀ ਰੱਖਿਆ ਜਿਵੇਂ ਕੀਤੀ,
ਵਿਚ ਜਾ ਕੇ ਰਾਜ ਦਰਬਾਰ ਭਾਈ।
ਤਿਵੇਂ 'ਕੰਵਲ' ਨੂੰ ਆਣ ਨਿਵਾਜਿਆ ਹੈ,
ਲਾਹਿਆ ਔਗੁਣਾਂ ਦਾ ਸਿਰੋਂਭਾਰ ਭਾਈ।



Sri Satguru Jagjit Singh Ji Elibrary NamdhariElibrary@gmail.com

## ਤੇਰੀ ਕਰਾਮੱਤੀਆਂ

ਕਬਿੱਤ

ਮਹਾਰਾਜ ਜੰਗ ਸਿੰਘ ਸੇਵਕਾਂ ਦੇ ਅੰਗ ਸੰਗ;
ਲੋਕ ਰਹੇ ਦੰਗ ਤੇਰੀ ਦੇਖ ਕਰਾਮੱਤੀਆਂ ।
ਜਿਵੇਂ ਚੜ੍ਹੇ ਸੂਰਜ ਤੇ ਪ੍ਰਕਾਸ਼ ਨੂਰੋ ਨੂਰ ਹੋਵੇ,
ਦੂਰ ਹੋਵੇ ਕੂੜ ਤੇ ਮਨਹੂਸ ਕਾਲੀ ਰੱਤੀਆਂ ।
ਸੰਤਨ ਕੋ 'ਕੰਵਲ' ਸਮਾਨ ਆ ਸੰਭਾਲ ਕੀਤੀ,
ਦੁਰਜਨ ਬਟੇਰਨ ਕੀ ਜਲ ਉਠੀ ਛੱਤੀਆਂ ।
'ਕੰਵਲ' ਨੇ ਰਮਲ ਲਾ ਕੇ 'ਵਾਚਿਆਂ ਲਗਨ ਤੇਰਾ,
ਨਿੰਦਕਾਂ ਦੇ ਘਰਾਂ ਦੀਆਂ ਬੁਝ ਗਈਆਂ ਬੱਤੀਆਂ ।

## ਅੰਤਮ ਬੇਨਤੀ

ਮਹਾਰਾਜ ਜੰਗ ਸਿੰਘ ਜੀ ਦੇ ਜੀਵਨ-ਚਰਿੱਤ੍ਰ ਦਾ ਪਹਿਲਾ ਭਾਗ ਸੰਪੂਰਣ ਕਰਦੇ ਹਾਂ । ਅਤੇ ਜੋ ਸਾਖੀਆਂ ਯਾਂ ਬਿਲਡਿੰਗ ਹਵਾਲੇ ਇਸ ਵਿਚ ਨਹੀਂ ਆਏ, ਉਹ ਦੂਸਰੇ ਭਾਗ ਵਿਚ ਜਦੋਂ ਛਪੇਗਾ ਉਸ ਵਿਚ ਦਿਤੇ ਜਾਣਗੇ । ਅਸੀਂ ਸਾਧ-ਸੰਗਤ ਨੂੰ ਬੇਨਤੀ ਕੀਤੀ ਸੀ, ਅਗੋਂ ਉਹਨਾਂ ਦੀ ਆਪਣੀ ਰਜ਼ਾ ਤੇ ਨਿਰਭਰ ਹੋਵੇਗਾ ।

ਪੀ. ਐਸ. ਕੰਵਲ



Sri Satguru Jagjit Singh Ji Elibrary NamdhariElibrary@gmail.com

# ਅੰਤਕਾ - ਬੇਨਤੀ

ਪਹਿਲਾ ਭਾਗ ਸਮਾਪਤ ਕੀਤਾ,
ਇਸ ਪੁਸਤਕ ਦਾ ਏਥੇ ਯਾਰ ।
ਮਹਾਰਾਜ ਨੇ ਜੋ ਲਿਖਵਾਇਆ,
ਅਸੀਂ ਲਿਖਿਆ ਸੋਚ ਵਿਚਾਰ ।
ਬ੍ਰਹਮ ਗਿਆਨੀ ਮਹਾਂਪੁਰਖਾਂ ਦਾ,
ਕਿਸੇ ਨਾ ਪਾਇਆ ਪਾਰਾਵਾਰ ।
ਆਪੋ ਆਪਣੀ ਬੁੱਧਿ ਲਗੌਂਦੇ,
ਤੁਛ ਜੀਵ ਕੀ ਕਰਨੇ ਹਾਰ ।
ਭੁਲਾਂ ਚੁਕਾਂ ਮਾਫ ਕਰਨਗੇ,
ਪੜ੍ਹਨ ਸੁਨਣ ਵਾਲੇ ਸਰਦਾਰ ।
ਭਾਗ ਜੋ ਦੂਜਾ ਲਿਖਿਆ ਜਾਊ,
ਉਸ ਤੇ ਹੋਵੇ ਹੋਰ ਵਿਚਾਰ ।
ਭੁਲ ਚੁੱਕ ਦੀ ਸੋਧ ਹੋਏਗੀ,
ਪ੍ਰੇਮੀ ਸੱਜਣਾਂ ਦੀ ਦਰਕਾਰ ।
'ਕੰਵਲ' ਦੀ ਅਰਜ਼ ਅਗੇ ਵਿਦਵਾਨਾਂ,
ਭੂਲ ਚੂਕ ਤੁਮ ਬਖਸ਼ਣਹਾਰ ।

ਇਤਿ

ਪੀ. ਐਸ. 'ਕੰਵਲ'

Sri Satguru Jagjit Singh Ji Elibrary NamdhariElibrary@gmail.com

ਸਰਦਾਰ ਗੁਰਬਚਨ ਸਿੰਘ ਰੈਣੂ

## ਰੈਣੂ ਇੰਜੀਨੀਰਿੰਗ ਵਰਕਸ

ਮੈਨੁਫੈਕਚਰਸ ਆਫ :

ਡਾਈ ਕਾਸਟਿੰਗ, ਵਾਸ਼ਿੰਗ ਮਸ਼ੀਨ, ਸਪੇਅਰ ਪਾਰਟਸ
ਬੁਸ਼, ਬੁਸ਼ ਪਲੇਟ ਪੁਲੀ, ਨੌਜਲਸ, ਏ.ਬੀ.ਐਸ. ਮਉਲਡਿੰਗ,
ਬੀਡਿੰਗ, ਟੌਪ, ਬੈਕ ਆਦਿ



ਬੀ ਈ-੩੮੭; ਹਰੀ ਨਗਰ, ਰੋਡ ਨੰ: ੭,
ਨਜਦੀਕ ਮਾਯਾ ਪੁਰੀ ਮੈਟਲ ਫੋਰਜ਼ਿੰਗ;
ਸੁਪਰ ਬਾਜ਼ਾਰ ( ਐਮ. ਆਈ. ਜੀ. ),
ਨਵੀਂ ਦਿੱਲੀ - ੧੧੦੦੬੪

ਫੋਨ : ੫੪੩੬੦੩੭

Sri Satguru Jagjit Singh Ji Elibrary NamdhariElibrary@gmail.com

ਜਦੋਂ ਵੀ ਕਿਸੇ ਸਜਣ ਮਿਤਰ ਨੂੰ ੨੨ ਕੈਰਟ ਸੋਨੇ ਦੇ ਗਹਿਣੇ
ਅਤੇ ਡਾਇਮੰਡ ਜਿਊਲਰੀ ਦੀ ਲੋੜ ਹੋਵੇ ਤਾਂ ਸਾਡੀ ਦੁਕਾਨ
ਤੇ ਦਰਸ਼ਨ ਦੇ ਕੇ ਸਾਡੀ ਪਰਖ ਕਰੋ ।

੭੦ ਸਾਲਾ ਤਜ਼ਰਬੇਕਾਰ

ਦਿੱਲੀ ਵਿਚ ਸਰਾਫੀ ਦੀ ਮਸ਼ਹੂਰ ਦੁਕਾਨ

ਫੋਨ : ਦੁਕਾਨ : ੫੭੨੯੬੩੨
੫੩੮੦੧੮
ਘਰ : ੫੪੧੩੦੪੩

## ਮਾਨ ਸਿੰਘ ਲਾਂਬਾ ਐਂਡ ਸੰਨਜ
## ਜਿਊਲਰਜ਼

੨੬੫੦, ਬੈਂਕ ਸਟ੍ਰੀਟ, ਰਾਜ ਦੀਪ ਹੋਟਲ ਦੇ ਸਾਹਮਣੇ,
ਕਰੋਲ ਬਾਗ, ਨਵੀਂ ਦਿੱਲੀ - ੧੧੦੦੦੫

Sri Satguru Jagjit Singh Ji Elibrary NamdhariElibrary@gmail com

# RAINU

**MOTORS FOR POULTRY INDUSTRY**

**SINGLE OR THREE PHASE**




**SPECIALLY USEFUL FOR INCUBATORS AND DEEPFREZERS**

*Special Features*

- **High Temperatuer Resistant Insulation**
- **Built to without Extreme Voltage Fluctuation**

*Contact Directly :*

## RAINU ELECTRIC WORKS

**B-98/2, Naraina Industrial Area, Phase-1,**

**New Delhi-110028.**

**PHONE : 507643**


Sri Satguru Jagjit Singh Ji Elibrary NamdhariElibrary@gmail com

ਏਹ ਪੁਸਤਕ, ਭਾਈ ਸੁੰਦਰ ਸਿੰਘ ਜੀ 'ਮਹੰਤ'
( ਕੋਟ ਧਰਮੂ, ਡੇਰਾ ਮਹਾਰਾਜ ਜੰਗ ਸਿੰਘ ਜੀ ) ਦੀ
ਆਗਿਆ ਨਾਲ ਤਿਆਰ ਹੋਈ ।

੧੯੮੬ ਵਿਚ ਸੰਤ ਗਿਆਨ ਸਿੰਘ ਜੀ ਬਲੋਂਵਾਲੀ ਨੇ ਭਾਈ ਸੁੰਦਰ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਮਹਾਰਾਜ ਜੰਗ ਸਿੰਘ ਜੀ ਦਾ ਜੀਵਨ ਚਰਿੱਤ੍ਰ ਲਿਖਣ ਲਈ ਸਾਨੂੰ ਕਿਸੇ ਸੱਜਣ ਪਾਸੋਂ ਸਹੀ ਵਾਕਿਆਤ ਨਹੀਂ ਮਿਲ ਰਹੇ, ਤੁਸੀਂ ਕਿਰਪਾ ਕਰੋ ਤਾਂ ਜੋ ਮਹਾਰਾਜ ਜੀ ਦਾ ਇਤਿਹਾਸ ਲਿਖਿਆ ਜਾ ਸਕੇ ।

ਬੇਨਤੀ ਸੁਣ ਕੇ ਭਾਈ ਸੁੰਦਰ ਸਿੰਘ ਜੀ ਨੇ ਇਕ ਦੋ ਮਿੰਟ ਚੁੱਪ ਧਾਰਨ ਤੋਂ ਬਾਦ ਕਿਹਾ ਕਿ, ਗਿਆਨ ਸਿੰਘਾਂ ਤੂੰ ਸੰਤ ਤਾਰਾ ਸਿੰਘ ਟਿੱਬੀ ਵਾਲੇ ਪਾਸ ਜਾ ਕੇ ਆਖ ਕਿ ਜੇਹੜੀਆਂ ਤੂੰ ਮਹਾਰਾਜ ਜੰਗ ਸਿੰਘ ਜੀ ਦੀਆਂ ਸਾਖੀਆਂ ਲਿਖ ਰਖੀਆਂ ਹਨ । ਓਹ ਸਹੀ ਵਾਕਿਅਤ ਹਨ, ਓਹ ਪ੍ਰਕਾਸ਼ਤ ਕਰ ਦਿਉ ।

ਦਾਸ :

ਗਿਆਨ ਸਿੰਘ ਬਲੋਂਵਾਲੀ
ਸੀ-1/167, ਨਾਮਧਾਰੀ ਕਾਲੋਨੀ,
ਕੀਰਤੀ ਨਗਰ, ਨਵੀਂ ਦਿੱਲੀ



Sri Satguru Jagjit Singh Ji Elibrary NamdhariElibrary@gmail.com

## ਇਸ ਕਲਮ ਦੀਆਂ ਹੋਰ ਰਚਨਾਵਾਂ :

੧) ਸੰਖੇਪ ਨਿਰਣੈ ( ਗੁਰਮਤ ਦੁਆਰਾ )

੨) ਭਾਰਤ ਬੰਦੀ ਛੋੜ - ਗੁਰੂ ਰਾਮ ਸਿੰਘ ( ਪ੍ਰਦੇਸ਼ ਗਮਨ ਸ਼ਤਾਬਦੀ )

੩) ਗੁਰਬਾਣੀ ਅਤੇ ਭਗਤ ਬਾਣੀ ਦੇ ਸੂਖਸ਼ਮ ਭੇਦ ਦਾ ਵਿਵੇਚਨ
( ਖੋਜ ਕਿਰਣ )

੪) ਮਾਂ ਬਾਪ ਘਰ ਬੇਟੀ ਦੇ ਅਧਿਕਾਰ

੫) ਨਾਮਧਾਰੀ ਅਨੰਦ ਕਾਰਜ ਦੀ ਅਸਲੀ ਤਸਵੀਰ

੬) ਜੀਵਨ ਚਰਿੱਤਰ ਮਹਾਰਾਜ ਜੰਗ ਸਿੰਘ ਜੀ ( ਛੰਦਾਬੰਦੀ ਵਿਚ )

ਨੋਟ : ਇਸ ਪੁਸਤਕ ਦੀ ਵਿਕਰੀ ਦੀ ਮਾਇਆ, ਕੋਟ ਧਰਮੂ, ਡੇਰਾ ਮਹਾਰਾਜ ਜੰਗ ਸਿੰਘ ਜੀ ਵਿਖੇ ਸਾਧ ਸੰਗਤ ਦੀ ਸੇਵਾ ( ਲੰਗਰ ) ਲਈ ਵਰਤੀ ਜਾਏਗੀ ।

ਪੁਸਤਕ ਮਿਲਣ ਦਾ ਪਤਾ :

੧) ਕੋਟ ਧਰਮੂ, ਡੇਰਾ ਮਹਾਰਾਜ ਜੰਗ ਸਿੰਘ ਜੀ,
ਤਹਿਸੀਲ ਮਾਨਸਾ, ਜ਼ਿਲਾ ਬਠਿੰਡਾ, ਪੰਜਾਬ

੨) ਸੰਤ ਗਿਆਨ ਸਿੰਘ ਜੀ ਬਲੋਂਵਾਲੀਆ
ਸੀ-੧/੧੬੭, ਨਾਮਧਾਰੀ ਕਾਲੋਨੀ, ਕੀਰਤੀ ਨਗਰ,
ਨਵੀਂ ਦਿੱਲੀ-੧੧੦੦੧੫

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com



ਦਿਸ਼ ਡਿਉੜੀ ਦੀ ਹੇਠਲੀ ਮੰਜ਼ਲ ਦੀ ਸੇਵਾ ਬੀਬੀ ਨਰੈਣ ਕੌਰ ਸੁਪੱਤਨੀ ਸੰਤ ਗਿਆਨ ਸਿੰਘ ਜੀ, ਬਲੋਵਾਲੀ ਨੇ ਕਰਾਈ ਅਤੇ ਉਪ੍ਰਲੇ ਹਿੱਸੇ ਦੀ ਮੰਜ਼ਲ ਦੀ ਸੇਵਾ ਸੰਤ ਗਿਆਨ ਸਿੰਘ ਜੀ ਬਲੋਵਾਲੀ ਦੇ ਪਿਤਾ ਸੰਤ ਕੇਸਰ ਸਿੰਘ ਜੀ ਤੇ ਮਾਤਾ ਬੀਬੀ ਬਿਸ਼ਨ ਕੌਰ ਵਲੋਂ ਕਰਵਾਈ ਗਈ ਹੈ।

''ਕੰਵਲ''

Sri Satguru Jagjit Singh Ji Elibrary NamdhariElibrary@gmail.com